੧ੳ

ਸਿੱਖ ਮਿਸ਼ਨਰੀ ਕਾਲਜ ਦਾ ਮਾਸਿਕ ਪੱਤਰ

ਜਨਵਰੀ 2004

ਸਿੱਖ ਫੁਲਵਾੜੀ

SIKH PHULWARI

ਹਰ ਨਵੇਂ ਸਾਲ ਤੇ ਨਵੇਂ ਦਿਨ ਦੀ ਵੰਗਾਰ !

ਜਾਗੋ ! ਜਾਗੋ !! ਸੁਤਿਓ !!!

ਕੀ ਸਾਡੇ ਪੁਤਰ ਪੋਤਰੇ ਅਤੇ ਪੋਤਰੀਆਂ ਵੀ ਸਿੱਖ ਹੋਣਗੇ?

8 ਰੁਪਏ

ਸਿੱਖ ਫੁਲਵਾੜੀ

ਸਾਲ 24 ਜਨਵਰੀ 2004 ਅੰਕ 6

ਸੰਪਾਦਕੀ ਬੋਰਡ

- ਪ੍ਰਿੰ: ਹਰਿਭਜਨ ਸਿੰਘ, ਲੁਧਿਆਣਾ (ਮੁਖ ਸੰਪਾਦਕ)
- ਸ: ਹਰਜੀਤ ਸਿੰਘ, ਜਲੰਧਰ (ਸੰਪਾਦਕ)
- ਸ: ਕਿਰਪਾਲ ਸਿੰਘ 'ਚੰਦਨ' (ਸਹਿ ਸੰਪਾਦਕ)
- ਸ: ਜਗਜੀਤ ਸਿੰਘ, ਜੰਮੂ (ਸਹਿ ਸੰਪਾਦਕ)
- ਸ: ਗੁਰਮੀਤ ਸਿੰਘ, ਕੁਰਾਲੀ (ਸਹਿ ਸੰਪਾਦਕ)

ਸਿੱਖ ਫੁਲਵਾੜੀ ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ ਵੱਲੋਂ ਸਭ ਸਕੂਲਾਂ, ਸਮਾਜਿਕ ਸਿੱਖਿਆ ਕੇਂਦਰਾਂ ਤੇ ਲਾਇਬਰੇਰੀਆਂ ਲਈ ਪੱਤਰ ਨੰਬਰ 332813-7-1981 ਰਾਹੀਂ ਪ੍ਰਵਾਨਿਤ ਹੈ।

ਚੰਦਾ ਭੇਜਣ ਦਾ ਪਤਾ

ਸਿੱਖ ਫੁਲਵਾੜੀ, 1051/14, ਫ਼ੀਲਡ ਗੰਜ, ਲੁਧਿਆਣਾ-141008
ਫ਼ੋਨ : 0161-2663452, ਫੈਕਸ : 0161-2661050

ਸਬ ਆਫਿਸ : C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫ਼ੋਨ : 011-25413986

ਜਲੰਧਰ ਸਬ ਆਫਿਸ : ਕੰਵਰ ਸਤਨਾਮ ਸਿੰਘ ਚੈਰੀਟੇਬਲ ਕੰਪਲੈਕਸ ਮਾਡਲ ਹਾਊਸ ਰੋਡ, ਬਸਤੀ ਸ਼ੇਖ, ਜਲੰਧਰ-144002 ਫ਼ੋਨ : 0181-2430547

ਜੰਮੂ ਸਬ ਆਫਿਸ : 36, ਗੁਰਦੁਆਰਾ ਸਿੰਘ ਸਭਾ ਕੰਪਲੈਕਸ, ਸੈਕਟਰ 2, ਗੁਰੂ ਨਾਨਕ ਨਗਰ, ਜੰਮੂ। ਫ਼ੋਨ : 0191-2439489

ਸਾਲਾਨਾ ਚੰਦਾ: ਦੇਸ਼ : 60 ਰੁ:, ਵਿਦੇਸ਼: 600 ਰੁ: ($ 15)

ਲਾਈਫ ਮੈਂਬਰਸ਼ਿਪ: ਦੇਸ਼: 600 ਰੁ: ਵਿਦੇਸ਼: 6000 ਰੁ: ($ 150)

(ਇਕ ਕਾਪੀ : 8 ਰੁਪਏ)

E-mail : smcludh@satyam.net.in
Website:www.sikhmissionarycollege.net

ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ .... 5 ਜਨਵਰੀ

ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਜੀ .... 31 ਜਨਵਰੀ

ਜੋੜ ਮੇਲਾ ਮੁਕਤਸਰ ਸਾਹਿਬ .... 13 ਜਨਵਰੀ

ਚਾਬੀਆਂ ਦਾ ਮੋਰਚਾ .... 19 ਜਨਵਰੀ

ਤਤਕਰਾ

* ਸਵਾਲ ? ਜਵਾਬ 2
* ਪਾਠਕ ਲਿਖਦੇ ਹਨ 4
* ਕੀ ਸਾਡੇ ਪੁੱਤਰ, ਪੋਤਰੇ-ਪੋਤਰੀਆਂ ਵੀ ਗੁਰਸਿੱਖ ਹੋਣਗੇ? 6
* ਸ੍ਰੀ ਗੁਰੂ ਗੋਬਿੰਦ ਸਿੰਘ ਜੀ 11
* ਧਾਰਮਿਕ ਸਮਾਗਮਾਂ ਵਿਚ ਹੁੰਦੀਆਂ ਮਨਮਤਾਂ 14
* ਸਵੱਯੇ ॥ ਪਾ:੧੦ ॥—ਵਿਚਾਰ ਦਰਸ਼ਨ 18
* ਕਲਗੀਧਰ ਅਤੇ ਅਸੀਂ 25
* ਬੱਚਿਆਂ ਦੇ ਮਨ ਤੇ ਤਸਵੀਰਾਂ ਦਾ ਪ੍ਰਭਾਵ 29
* ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜੰਮੂ-ਕਸ਼ਮੀਰ ਵੱਲ ਸਫ਼ਰ 31
* ਬਾਲ ਫੁਲਵਾੜੀ 32
* ਗੁਣਾਂ ਨਾਲ ਭਰਪੂਰ ਅਦਰਕ 35
* Guru Gobind Singh 36
* ਅਸੀਂ ਬਿਪਰਨ ਦੀਆਂ ਰੀਤਾਂ ਵਿਚ ਫਸ ਗਏ 38
(ਕਾਵਿ-ਕਿਆਰੀ)
* ਖ਼ਬਰਨਾਮਾ ਅਤੇ ਸਰਗਰਮੀਆਂ 39
* ਕਿੱਥੇ ਗਏ ਜੂੜੇ 'ਤੇ ਰੁਮਾਲਾਂ ਵਾਲੇ? 43
* ਪਗੜੀਧਾਰੀ ਸਿੱਖ ਨੌਜਵਾਨਾਂ ਨੇ ਫੈਸ਼ਨ ਦੀ ਦੁਨੀਆਂ 'ਚ ਰੱਖਿਆ ਪਹਿਲਾ ਕਦਮ 44
* ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 400 ਸਾਲਾ ਪ੍ਰਕਾਸ਼ ਪੁਰਬ — ਕੀ ਕਰੀਏ? 45
* ਵਰ-ਰਿਸ਼ਤੇ ਦੀ ਲੋੜ 47

ਸਵਾਲ ? ਜਵਾਬ

ਸਵਾਲ : ਚਉਥਾ ਪਦ ਕਿਸ ਨੂੰ ਆਖਦੇ ਹਨ?

(ਜਸਵਿੰਦਰ ਕੌਰ, ਪੂਨਾ, ਮਹਾਰਾਸ਼ਟਰ)

ਜਵਾਬ : ਪੁਰਾਣੇ ਵਿਚਾਰਵਾਨਾਂ ਨੇ ਸਰੀਰ ਦੀਆਂ ਤਿੰਨ ਅਵਸਥਾਵਾਂ—ਜਾਗ੍ਰਤ, ਸੁਪਨ, ਸੁਖੋਪਤਿ ਮੰਨੀਆਂ ਹਨ। ਬ੍ਰਹਮਗਿਆਨੀ ਇਨ੍ਹਾਂ ਤਿੰਨਾਂ ਅਵਸਥਾਵਾਂ ਤੋਂ ਉੱਪਰ ਉਠ ਕੇ ਸਹਿਜ ਅਵਸਥਾ ਵਿਚ ਵਿਚਰਦਾ ਹੈ, ਜਿਸ ਨੂੰ ਚਉਥਾ ਪਦ ਕਿਹਾ ਜਾਂਦਾ ਹੈ। ਤੁਰੀਆ ਪਦ, ਸਹਿਜ ਪਦ, ਪਰਮ ਪਦ, ਅਮਰ ਪਦ ਆਦਿ ਇਸੇ ਅਵਸਥਾ ਦੇ ਨਾਮ ਹਨ।

ਸੋ ਚਉਥਾ ਪਦ ਕੋਈ ਵਿਸ਼ੇਸ਼ ਟਿਕਾਣਾ ਨਹੀਂ ਹੈ, ਇਹ ਗਿਆਨ ਨਾਲ ਮਨ ਦੀ ਸਾਧੀ ਹੋਈ ਸੰਤੁਲਿਤ ਤੇ ਸਹਿਜ ਅਵਸਥਾ ਹੈ। ਪ੍ਰਭੂ ਦੇ ਨਾਮ ਸਿਮਰਨ ਦੀ ਇਹ ਅਵਸਥਾ ਗੁਰਮੁਖ ਦਾ ਲੱਛਣ ਹੈ।

ਚਉਥੇ ਪਦ ਮਹਿ ਸਹਜੁ ਹੈ
ਗੁਰਮੁਖਿ ਪਲੈ ਪਾਇ ॥ *(ਪੰਨਾ ੬੮)*
ਤ੍ਰੈ, ਗੁਣ ਮਾਇਆ ਮੋਹੁ ਹੈ
ਗੁਰਮੁਖਿ ਚਉਥਾ ਪਦੁ ਪਾਇ ॥
(ਪੰਨਾ ੩੦)

ਸਵਾਲ : 'ਪੰਜ ਵਿਕਾਰ' ਤੇ ਤ੍ਰਿਕੁਟੀ ਤੋਂ ਕੀ ਅਰਥ ਹੈ?

(ਜਸਵਿੰਦਰ ਕੌਰ, ਪੂਨਾ, ਮਹਾਰਾਸ਼ਟਰ)

ਜਵਾਬ : (1) ਮਨ ਦੀ ਸੰਤੁਲਿਤ ਅਵਸਥਾ ਨੂੰ ਵਿਗਾੜਨ ਵਾਲੇ ਮੁੱਖ ਪੰਜ ਔਗੁਣ — ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ — ਪੰਜ ਵਿਕਾਰ ਕਹਾਉਂਦੇ ਹਨ। ਇਨ੍ਹਾਂ ਨੂੰ ਚੋਰ, ਠੱਗ, ਬਟਵਾਰੇ, ਦੂਤ, ਦੋਖ, ਬਿਖਾਦੀ ਆਦਿ ਵੀ ਬਿਆਨਿਆ ਗਿਆ ਹੈ। ਗੁਰੂ ਸਾਹਿਬ ਇਨ੍ਹਾਂ ਬੁਰਿਆਈਆਂ ਦਾ ਇਕੋ ਇਲਾਜ ਪ੍ਰਭੂ ਸਿਮਰਨ ਤੇ ਸਾਧ ਸੰਗਤ ਦੀ ਸੇਵਾ ਦੱਸਦੇ ਹਨ।

(2) ਯੋਗ ਮੱਤ ਅਨੁਸਾਰ ਮਸਤਕ ਵਿਚ ਜਿੱਥੇ ਇੜਾ, ਪਿੰਗਲਾ ਤੇ ਸੁਖਮਨਾ ਤਿੰਨੇ ਨਾੜੀਆਂ ਇਕੱਠੀਆਂ ਹੁੰਦੀਆਂ ਹਨ, ਉਸ ਨੂੰ ਤ੍ਰਿਕੁਟੀ ਆਖਦੇ ਹਨ। ਇਨ੍ਹਾਂ ਨਾੜੀਆਂ ਦੀ ਗੁੰਝਲ ਉਹ ਪ੍ਰਣਾਯਾਮ ਨਾਲ ਖੋਲ੍ਹ ਕੇ 'ਅੰਮ੍ਰਿਤ ਰਸ' ਪ੍ਰਾਪਤ ਕਰਨਾ ਦੱਸਦੇ ਹਨ ਪਰ ਗੁਰਮਤਿ ਵਿਚ ਗੁਰੂ ਦੀ ਮੱਤ ਰਾਹੀਂ ਪ੍ਰਭੂ ਨਾਮ ਸਿਮਰਨ ਕਰ ਕੇ ਅਧਿਆਤਮਕ ਗਿਆਨ ਪ੍ਰਾਪਤ ਕਰਨਾ ਹੀ ਤ੍ਰਿਕੁਟੀ ਅਥਵਾ ਤਿਉੜੀ ਖੋਲ੍ਹਣਾ ਹੈ :

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ
ਮਨੁ ਭੀਨਾ ਨਿਜ ਘਰਿ ਆਵੈਗੋ ॥
ਤਹ ਅਨਹਤ ਧੁਨੀ, ਬਾਜਹਿ ਨਿਤ ਬਾਜੇ
ਨੀਝਰ ਧਾਰ ਚੁਆਵੈਗੋ ॥

(ਕਾਨੜਾ, ਮ: ੪, ਪੰਨਾ ੧੩੦੮)

ਅਰਥ : ਗੁਰਬਾਣੀ ਸੁਣਨ ਨਾਲ ਮੇਰਾ ਮਨ ਪਿਘਲ (ਨਰਮ ਹੋ) ਜਾਂਦਾ ਹੈ। ਮੇਰਾ ਮਨ (ਨਾਮ-ਰਸ ਨਾਲ) ਭਿੱਜ ਜਾਂਦਾ ਹੈ ਅਤੇ ਆਪਣੇ ਅਸਲ ਰੂਪ ਵਿਚ ਟਿਕਿਆ ਰਹਿੰਦਾ ਹੈ (ਭਾਵ : ਭਟਕਦਾ ਨਹੀਂ)। ਹਿਰਦੇ ਵਿਚ ਇਉਂ ਅਨੰਦ ਬਣਿਆ ਰਹਿੰਦਾ ਹੈ, ਮਾਨੋਂ ਹਿਰਦੇ ਵਿਚ ਇਕ-ਰਸ (ਲਗਾਤਾਰ) ਸੁਰ ਨਾਲ ਵਾਜੇ ਵੱਜਦੇ ਰਹਿੰਦੇ ਹਨ, ਮਾਨੋਂ ਚਸ਼ਮੇ ਦੇ ਪਾਣੀ ਦੀ ਧਾਰ ਚਲਦੀ ਰਹਿੰਦੀ ਹੈ।

ਸਵਾਲ : ਸਿੱਖ ਰਹਿਤ ਮਰਯਾਦਾ ਵਿਚ ਆਏ ਸ਼ਬਦ 'ਨੜੀ ਮਾਰ' ਤੋਂ ਕੀ ਭਾਵ ਹੈ? ਕੀ ਨਸਬੰਦੀ ਉਪਰੇਸ਼ਨ ਵੀ ਇਸੇ ਸ਼ਬਦ ਅਧੀਨ ਆਉਂਦਾ ਹੈ?

(ਹਰਬੰਸ ਸਿੰਘ, ਜੱਜ ਕਾਟੇਜ, ਸ਼ਾਮਸ਼ੀ, ਹਿ: ਪ੍ਰਦੇਸ਼)

ਜਵਾਬ : ਸਿੱਖ ਰਹਿਤ ਮਰਯਾਦਾ ਵਿਚ 'ਤਨਖਾਹੀਏ ਇਹ ਹਨ' ਉਪ ਸਿਰਲੇਖ ਹੇਠ ਨੜੀ ਮਾਰ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਮਹਾਨ ਕੋਸ਼ ਵਿਚ ਨੜੀ ਮਾਰ ਦੇ ਅਰਥ ਹੁੱਕੇ ਦੀ ਨੜੀ ਵਜਾਉਣ ਵਾਲਾ ਜਾਂ ਹੁੱਕਾ ਪੀਣ ਵਾਲਾ ਦੱਸੇ ਗਏ ਹਨ। ਇਹ ਖ਼ਾਲਸੇ ਦਾ ਸੰਕੇਤਕ ਬੋਲਾ ਹੈ। ਨੜੀ ਮਾਰ ਭਾਵ **ਹੁੱਕਾ ਪੀਣ** ਵਾਲੇ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।

ਨਲਬੰਦੀ ਜਾਂ ਨਸਬੰਦੀ ਉਪਰੇਸ਼ਨ ਕਰਾਉਣਾ ਨੜੀ ਮਾਰ ਤੇ ਨਸਬੰਦੀ ਦੋ ਵੱਖ ਵੱਖ ਚੀਜ਼ਾਂ ਹਨ।

ਸਵਾਲ : ਕੀ ਸਿੱਖ ਬੀਬੀਆਂ ਨੂੰ ਸਿਰ ਵਿਚ ਸੰਧੂਰ ਪਾਉਣਾ ਚਾਹੀਦਾ ਹੈ? ਕੀ ਇਹ ਸੁਹਾਗ ਦੀ ਨਿਸ਼ਾਨੀ ਹੈ?

(ਗੁਰਪਾਲ ਸਿੰਘ, ਹਿਆਤਪੁਰ ਜੱਟਾਂ, ਨਵਾਂ ਸ਼ਹਿਰ)

ਜਵਾਬ : ਸਿੱਖ ਬੀਬੀਆਂ ਦਾ ਵਿਆਹ ਸਮੇਂ ਜਾਂ ਬਾਅਦ ਵਿਚ ਸਿਰ ਵਿਚ ਸੰਧੂਰ ਪਾਉਣਾ ਸਿੱਖੀ ਸਭਿਆਚਾਰ ਦੇ ਉਲਟ ਹੈ। ਗ਼ੈਰ-ਸਿਖਾਂ ਵਿਚ ਇਹ ਸੁਹਾਗ ਦੀ ਨਿਸ਼ਾਨੀ ਸਮਝੀ ਜਾਂਦੀ ਹੈ। ਸਿੱਖੀ ਦੇ ਨਿਆਰੇਪਨ ਨੂੰ ਬਚਾਉਣ ਲਈ ਅਜਿਹੀਆਂ ਬਿਪਰਨੀ ਰੀਤਾਂ-ਰਸਮਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

ਸਵਾਲ : 'ਗੁਰੂ ਹਰਿਸਹਾਇ' ਸ਼ਹਿਰ ਦਾ ਸਿੱਖ ਇਤਿਹਾਸ ਨਾਲ ਕੀ ਸੰਬੰਧ ਹੈ?

(ਪ੍ਰਿੰ: ਗੁਰਮੀਤ ਸਿੰਘ, ਫਾਜ਼ਿਲਕਾ)

ਜਵਾਬ : ਭਾਈ ਕਾਨ੍ਹ ਸਿੰਘ ਜੀ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ ਕਿ ਸੋਢੀ ਜੀਵਨ ਮੱਲ ਜੀ, ਬਾਬਾ ਪ੍ਰਿਥੀ ਚੰਦ ਜੀ ਤੋਂ ਛੇਵੀਂ ਪੀੜ੍ਹੀ ਵਿੱਚ ਸਨ, ਜੋ ਮੁਹੰਮਦਪੁਰ (ਲਾਹੌਰ) ਰਹਿੰਦੇ ਸਨ। ਲਾਹੌਰ ਦੇ ਹਾਕਮ ਨੇ ਜੀਵਨ

ਮੱਲ ਨੂੰ ਸਾਰਾ ਸਮਾਨ ਜ਼ਬਤ ਕਰ ਕੇ ਲਾਹੌਰ ਵਿਚੋਂ ਕੱਢ ਦਿੱਤਾ। ਉਹ ਜੰਗਲ ਵਿਚ ਬੈਰਾੜਾਂ ਤੇ ਡੋਗਰਾਂ ਦੀ ਸਰਹੱਦ ਤੇ ਆ ਬੈਠੇ। ਮੁਸਲਮਾਨ ਡੋਗਰਾਂ ਦੇ ਸਰਦਾਰ ਸੁਲਤਾਨ ਨੇ ਬਾਬਾ ਜੀ ਦੀ ਮਦਦ ਕੀਤੀ।

ਜੀਵਨ ਮੱਲ ਨੇ 24 ਹਜ਼ਾਰ ਘੁਮਾਂ ਜ਼ਮੀਨ ਤੇ ਕਬਜ਼ਾ ਕਰ ਲਿਆ ਤੇ ਪੁੱਤਰ ਹਰਿਸਹਾਇ ਦੇ ਨਾਮ ਤੇ ਪਿੰਡ 'ਗੁਰੂ ਹਰਿਸਹਾਇ' ਵਸਾਇਆ ਜੋ ਹੁਣ ਫਿਰੋਜ਼ਪੁਰ ਜ਼ਿਲ੍ਹੇ ਵਿਚ ਹੈ।

ਸਵਾਲ : ਇਕ ਸੰਤ ਜੀ ਨੇ ਕਿਹਾ ਕਿ ਅਖੰਡ ਪਾਠ ਸਮੇਂ ਪੱਕਾ ਨਾਰੀਅਲ ਰੱਖਣਾ ਚਾਹੀਦਾ ਹੈ, ਕੱਚਾ ਨਹੀਂ। ਅਖੰਡ ਪਾਠ ਦੀ ਸਮਾਪਤੀ ਤੇ ਜੇ ਨਾਰੀਅਲ ਖੜਕੇ ਤਾਂ ਸਮਝੋ ਅਖੰਡ ਪਾਠ ਸਫਲ ਨਹੀਂ ਹੋਇਆ। ਕੀ ਇਹ ਗੁਰਮਤਿ ਅਨੁਸਾਰ ਠੀਕ ਗੱਲ ਹੈ?

(ਜਸਵਿੰਦਰ ਕੌਰ, ਰਾਜਪੁਰ ਭਾਈਆਂ, ਹੁਸ਼ਿਆਰਪੁਰ)

ਜਵਾਬ : ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਅਖੰਡ ਪਾਠ ਸਮੇਂ ਕੁੰਭ, ਨਾਰੀਅਲ, ਜੋਤ ਆਦਿ ਰੱਖਣਾ ਬ੍ਰਾਹਮਣੀ ਕਰਮ-ਕਾਂਡ ਹੈ, ਜੋ ਅਨਮਤਿ ਹੈ। ਅਸਲ ਵਿਚ ਕੁੰਭ ਖਵਾਜ਼ਾ ਦੇਵਤੇ ਦੀ ਪੂਜਾ, ਨਾਰੀਅਲ ਸ਼ਿਵ ਦੀ ਪੂਜਾ ਤੇ ਜੋਤ ਅਗਨੀ ਦੇਵਤੇ ਦੀ ਪੂਜਾ ਵਜੋਂ ਹਿੰਦੂ ਮੱਤ ਵਿਚ ਪਾਠ ਕਰਨ ਸਮੇਂ ਰੱਖੇ ਜਾਂਦੇ ਹਨ।

ਪਰ ਇਨ੍ਹਾਂ ਚੀਜ਼ਾਂ ਦਾ ਸਿੱਖ ਮੱਤ ਜਾਂ ਗੁਰਬਾਣੀ ਨਾਲ ਦੂਰ ਦਾ ਵੀ ਸੰਬੰਧ ਨਹੀਂ ਹੈ। ਅਖੌਤੀ ਸੰਤ ਅਜਿਹੇ ਵਹਿਮ ਇਸ ਲਈ ਪਾਉਂਦੇ ਹਨ ਕਿ ਉਨ੍ਹਾਂ ਦੀ ਦੁਕਾਨਦਾਰੀ ਚਲਦੀ ਰਹੇ। ਸਮਝਣ ਵਾਲੀ ਗੱਲ ਹੈ ਕਿ ਇਕ ਨਿੱਕਾ ਜਿਹਾ ਫਲ, ਗੁਰੂ ਸਾਹਿਬਾਨ ਵੱਲੋਂ ਉਚਾਰਨ ਕੀਤੀ ਗਈ ਪ੍ਰਭੂ ਦੀ ਬਾਣੀ ਅਤੇ ਉਸਦੇ ਸੁਣਨ ਵਾਲੇ ਸਿੱਖਾਂ ਤੇ ਗੁਰਬਾਣੀ ਦਾ ਅਸਰ, ਕੇਵਲ ਖੜਕਣ ਨਾ ਕਾਰਨ ਹੀ ਕਿਵੇਂ ਘਟਾ ਦੇਵੇਗਾ?

ਸਿੱਖ ਧਰਮ ਦਾ ਸੰਬੰਧ ਸਿੱਧਾ ਇਕ ਅਕਾਲਪੁਰਖ ਨਾਲ ਹੈ। ਸਿੱਖ ਨੇ ਗੁਰਬਾਣੀ ਤੋਂ ਸੇਧ ਲੈ ਕੇ ਆਪਣਾ ਜੀਵਨ ਸੁਧਾਰਨਾ ਹੈ ਕਿਸੇ ਵੀ ਭਰਮ, ਕਰਮ-ਕਾਂਡ ਵਿਚ ਕਦੇ ਵੀ ਨਹੀਂ ਪੈਣਾ। ਸਿੱਖ ਰਹਿਤ ਮਰਯਾਦਾ ਅਨੁਸਾਰ ਹੀ ਸਾਰੇ ਧਰਮ-ਕਰਮ ਕਰਨੇ ਹਨ।

ਗੁਰਮਤਿ ਪ੍ਰਚਾਰ ਦੀ ਲਹਿਰ ਨੂੰ ਤੇਜ਼ ਕਰ ਕੇ ਅਤੇ ਸੰਗਤਾਂ ਨੂੰ ਸੁਚੇਤ ਕਰ ਕੇ ਹੀ ਅਜਿਹੇ 'ਲੋਟੂ-ਮਹਾਪੁਰਖਾਂ' ਨੂੰ ਭਜਾਇਆ ਜਾ ਸਕਦਾ ਹੈ।

ਸਵਾਲ : ਕੀ ਅਰਦਾਸੀਏ ਸਿੰਘ ਨੂੰ ਹੱਥ ਵਿਚ ਕ੍ਰਿਪਾਨ ਫੜ ਕੇ ਅਰਦਾਸ ਕਰਨੀ ਚਾਹੀਦੀ ਹੈ?

(ਰਣਜੀਤ ਸਿੰਘ, ਸਿਰਸਾ, ਹਰਿਆਣਾ)

ਜਵਾਬ : ਸਿੱਖ ਰਹਿਤ ਮਰਯਾਦਾ ਵਿਚ ਸਿਰਲੇਖ 'ਅਰਦਾਸ ਇਹ ਹੈ' ਦੇ ਅਖੀਰ ਤੇ 'ੲ' ਭਾਗ ਵਿਚ ਲਿਖਿਆ ਹੈ :

ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਖੜੋ ਕੇ ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰ ਕੇ ਅਰਦਾਸ ਕਰੇ, ਪ੍ਰਵਾਨ ਹੈ।

ਸੋ ਅਰਦਾਸ ਹਮੇਸ਼ਾ ਖੜ੍ਹੇ ਹੋ ਕੇ, ਹੱਥ ਜੋੜ ਕੇ, ਬੜੇ ਪਿਆਰ, ਸ਼ਰਧਾ ਅਤੇ ਇਕਾਗਰ ਮਨ ਨਾਲ ਸੁਰਤ ਜੋੜ ਕੇ ਕਰਨੀ ਜ਼ਰੂਰੀ ਹੈ। ਅਰਦਾਸ ਸਮੇਂ ਹੱਥ ਵਿਚ ਕਿਰਪਾਨ ਫੜ ਕੇ ਖੜੋਣਾ ਯੋਗ ਨਹੀਂ ਹੈ। ਕੜਾਹ ਪ੍ਰਸ਼ਾਦ ਨੂੰ ਕਿਰਪਾਨ-ਭੇਟ ਵੀ ਅਰਦਾਸ ਦੇ ਦੌਰਾਨ ਨਹੀਂ ਸਗੋਂ, ਬਾਅਦ ਵਿਚ ਕਰਨਾ ਚਾਹੀਦਾ ਹੈ।

ਸਵਾਲ : ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਰ ਰੋਜ਼ ਸਰੂਪ ਬਦਲ ਕੇ ਕਰਨਾ ਚਾਹੀਦਾ ਹੈ?

(ਮੱਖਣ ਸਿੰਘ, ਪਿੰਡ ਕਠਿਆਲਾ, ਗੁਰਦਾਸਪੁਰ)

ਜਵਾਬ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਗੁਰਬਾਣੀ ਸਿੱਖ ਲਈ ਆਤਮ ਉੱਚਤਾ ਲਈ ਸ਼ਬਦ ਗੁਰੂ ਰੂਪ ਹੈ, ਸਿੱਖ ਨੇ ਹਮੇਸ਼ਾ ਗੁਰਬਾਣੀ ਤੋਂ ਅਗਵਾਈ ਲੈ ਕੇ ਪ੍ਰਭੂ ਦੀ ਯਾਦ ਨੂੰ ਤਾਜ਼ਾ ਰੱਖਣਾ ਹੈ। ਇਸ ਲਈ ਸਰੂਪ ਹਰ ਰੋਜ਼ ਬਦਲੇ ਜਾਣ ਦੀ ਕੋਈ ਤੁਕ ਨਹੀਂ ਬਣਦੀ ਜਦ ਕਿ ਹਰ ਸਰੂਪ ਵਿਚ ਗੁਰਬਾਣੀ ਇਕੋ ਜਿਹੀ ਹੀ ਲਿਖੀ ਹੋਈ ਹੈ। ਕਿਸੇ ਭਰਮ ਵਿਚ ਪੈਣਾ ਸ਼ੋਭਨੀਕ ਨਹੀਂ ਹੈ।

ਸਵਾਲ : ਹੇਠ ਲਿਖੀਆਂ ਗੁਰਬਾਣੀ ਤੁਕਾਂ ਦੇ ਅਰਥ ਸਮਝਾਉ ਜੀ :

ਰਾਣਾ ਰਾਉ ਨ ਕੋ ਰਹੈ, ਰੰਗੁ ਨ ਤੁੰਗੁ ਫਕੀਰੁ॥
ਵਾਰੀ ਆਪੋ ਆਪਣੀ, ਕੋਇ ਨ ਬੰਧੈ ਧੀਰ॥

(ਪੰਨਾ ੯੩੬)

(ਸੁਖਚੈਨ ਸਿੰਘ, ਚੂੜਲ ਕਲਾਂ, ਸੰਗਰੂਰ)

ਜਵਾਬ : ਇਹ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੯੩੬ ਉੱਤੇ, 'ਓਅੰਕਾਰੁ' ਬਾਣੀ ਦੇ ੪੪ਵੇਂ ਪੰਨੇ ਦੇ ਅਰੰਭ ਵਿਚ ਆਉਂਦੀਆਂ ਹਨ। ਇਨ੍ਹਾਂ ਤੁਕਾਂ ਵਿਚ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਇਸ ਸੰਸਾਰ ਵਿੱਚ ਭਾਵੇਂ ਕੋਈ ਅਮੀਰ ਹੈ ਜਾਂ ਗਰੀਬ, ਹਰੇਕ ਨੇ ਸਮੇਂ ਅਨੁਸਾਰ ਮੌਤ ਦੇ ਵੱਸ ਪੈਣਾ ਹੀ ਹੈ। ਕੋਈ ਇਹ ਨਹੀਂ ਕਹਿ ਸਕਦਾ ਕਿ ਕੋਈ ਸਦਾ ਜੀਵਤ ਰਹੇਗਾ।

ਪਦ ਅਰਥ : ਰੰਗੁ=ਰੰਕ, ਕੰਗਾਲ, ਤੁੰਗੁ=ਉੱਚਾ, ਅਮੀਰ। **ਕੋਇ ਨ ਬੰਧੈ ਧੀਰ** = ਕੋਈ ਕਿਸੇ ਨੂੰ ਧੀਰਜ ਦੇਣ ਜੋਗਾ ਨਹੀਂ।

ਅਰਥ : ਜਗਤ ਵਿਚ ਨਾ ਕੋਈ ਰਾਣਾ ਤੇ ਨਾ ਕੋਈ ਕੰਗਾਲ ਸਦਾ ਜਿਊਂਦਾ ਰਹਿ ਸਕਦਾ ਹੈ, ਨਾ ਕੋਈ ਅਮੀਰ ਤੇ ਨਾ ਕੋਈ ਫ਼ਕੀਰ। ਹਰ ਕੋਈ ਆਪੋ ਆਪਣੀ ਵਾਰੀ ਇਥੋਂ ਤੁਰ ਜਾਂਦਾ ਹੈ, ਕੋਈ ਕਿਸੇ ਨੂੰ ਇਹ ਤਸੱਲੀ ਦੇਣ ਜੋਗਾ ਨਹੀਂ (ਕਿ ਤੂੰ ਸਦਾ ਇਥੇ ਟਿਕਿਆ ਰਹੇਂਗਾ)। ♦♦♦

ਪਾਠਕ ਲਿਖਦੇ ਹਨ

ਪੰਥਕ ਭਾਵਨਾ ਅਪਨਾਉਣ ਦੀ ਲੋੜ

ਅੱਜ ਇਹ ਵੇਖ ਕੇ ਮਨ ਨੂੰ ਬਹੁਤ ਦੁੱਖ ਆਉਂਦਾ ਹੈ ਕਿ ਦੁਨੀਆਂ ਦੀ ਸਭ ਤੋਂ ਦਲੇਰ ਕੌਮ ਪਿੱਛੇ ਕਿਉਂ ਹੈ? ਸਾਡੀਆਂ ਕੀ-ਕੀ ਕਮੀਆਂ ਹਨ? ਅਸੀਂ ਇਨ੍ਹਾਂ ਨੂੰ ਦੂਰ ਕਿਉਂ ਨਹੀਂ ਕਰ ਰਹੇ? ਸਾਡੇ ਵਿਚ ਏਕਤਾ ਕਿਉਂ ਨਹੀਂ ਹੈ?

ਜ਼ਿਆਦਾ ਦੂਰ ਨਾ ਜਾਂਦਾ ਹੋਇਆ ਮੈਂ ਆਪਣੇ ਸ਼ਹਿਰ ਦੀ ਗੱਲ ਕਰਦਾ ਹਾਂ। ਸਾਡੇ ਸ਼ਹਿਰ ਵਿਚ ਕਈ ਗੁਰਦੁਆਰਾ ਸਾਹਿਬ ਹਨ। ਸਾਰੇ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਵੀ ਬਣੀਆਂ ਹੋਈਆਂ ਹਨ। ਗੁਰੂ ਸਾਹਿਬਾਂ ਦੇ ਗੁਰਪੁਰਬ ਵੀ ਮਨਾਏ ਜਾਂਦੇ ਹਨ। ਨਗਰ ਕੀਰਤਨ ਵੀ ਹੋ ਰਹੇ ਹਨ। ਇਨ੍ਹਾਂ ਪ੍ਰੋਗ੍ਰਾਮਾਂ ਵਿਚ ਜੋ ਕਮੀ ਹੈ, ਉਹ ਹੈ ਏਕਤਾ ਦੀ। ਇਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੂਸਰੀ ਕਮੇਟੀ ਨਾਲ ਮਿਲਵਰਤਣ ਕਰਨ ਤੋਂ ਸੰਕੋਚ ਕਰਦੀ ਹੈ।

ਜਦ ਸਾਡਾ ਗੁਰੂ ਇਕ ਹੈ, ਗੁਰਪੁਰਬ ਇਕ ਹਨ, ਫਿਰ ਕੀ ਅਸੀਂ ਗੁਰੂ ਸਾਹਿਬਾਂ ਦੇ ਦਿਹਾੜੇ ਇਕੱਠੇ ਹੋ ਕੇ ਨਹੀਂ ਮਨਾ ਸਕਦੇ? ਜੇਕਰ ਅਸੀਂ ਇਕ ਛੋਟੇ ਜਿਹੇ ਸ਼ਹਿਰ ਵਿਚ ਏਕਤਾ ਨਹੀਂ ਰੱਖ ਸਕਦੇ ਤਾਂ ਸਾਰੀ ਕੌਮ ਵਿਚ ਏਕਤਾ ਕਿਵੇਂ ਹੋਵੇਗੀ?

ਕਈ ਧਾਰਮਿਕ ਸੁਸਾਇਟੀਆਂ ਹਨ, ਉਨ੍ਹਾਂ ਵਿਚ ਵੀ ਕੋਈ ਏਕਤਾ ਨਹੀਂ। ਕੀ ਅਸੀਂ ਇਸ ਤਰ੍ਹਾਂ ਕਰ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕਦੇ ਹਾਂ?

ਕਹਿਣ ਨੂੰ ਅਸੀਂ ਗੁਰੂ ਦੇ ਸਿੱਖ ਹਾਂ, ਪਰ ਗੁਰਸਿੱਖਾਂ ਵਾਲੇ ਲੱਛਣ ਸਾਡੇ ਵਿਚ ਕਿੰਨੇ ਕੁ ਹਨ? ਝਾਤੀ ਮਾਰਨ ਦੀ ਲੋੜ ਹੈ? ਸਾਨੂੰ ਗੁਰੂ ਸਾਹਿਬ ਦੀਆਂ ਖੁਸ਼ੀਆਂ ਲੈਣ ਲਈ ਹਉਮੈ ਤਿਆਗਣੀ ਪਵੇਗੀ ਅਤੇ ਗੁਰੂ ਸਾਹਿਬ ਜੀ ਦੀ ਆਗਿਆ ਮੰਨਣੀ ਪਵੇਗੀ, ਤਾਂ ਹੀ ਸਾਡੀ ਕੌਮ ਤਰੱਕੀ ਕਰ ਸਕੇਗੀ।

ਇਕ ਵਾਰ ਕੁਝ ਸੂਝਵਾਨ ਵੀਰਾਂ ਨੇ ਸਾਰੀਆਂ ਗੁਰਦੁਆਰਾ ਕਮੇਟੀਆਂ ਨੂੰ ਸਾਂਝੇ ਗੁਰਪੁਰਬ ਮਨਾਉਣ ਹਿਤ ਪ੍ਰੇਰਨ ਦਾ ਯਤਨ ਵੀ ਕੀਤਾ ਸੀ, ਪਰ ਇਹ ਕੋਸ਼ਿਸ਼ ਵੀ ਬੇਕਾਰ ਹੋ ਗਈ। ਇਹ ਗੱਲ ਸਮਝਣ ਦੀ ਲੋੜ ਹੈ ਕਿ ਵੱਖ-ਵੱਖ ਗੁਰਦੁਆਰਿਆਂ ਵਿਚ ਗੁਰਪੁਰਬ ਵੰਡ ਕੇ ਮਨਾਏ ਜਾਣ ਤਾਂ ਗੁਰਦੁਆਰਿਆਂ ਵਿਚ ਰੌਣਕ ਵੀ ਵਧੇਰੇ ਹੋਵੇਗੀ, ਚੰਗੇ ਵਕਤਾ, ਕਥਾਕਾਰ ਅਤੇ ਕੀਰਤਨੀ ਜਥੇ ਆਉਣਗੇ ਤੇ ਪ੍ਰਭਾਵ ਵੀ ਵਧੇਰੇ ਪਵੇਗਾ।

ਭੁਪਿੰਦਰ ਸਿੰਘ, ਜਗਰਾਉਂ (ਲੁਧਿਆਣਾ)

ਕੋਈ ਹਰਿਓ ਬੂਟ ਰਹਿਓ ਰੀ... !

ਅਜੋਕੇ ਸਿੱਖ ਜਗਤ ਵਿਚ ਜਦੋਂ ਹਜ਼ਾਰਾਂ ਦੀ ਗਿਣਤੀ ਵਿਚ 'ਸੰਤ ਬਾਬੇ' ਆਪੋ-ਆਪਣੀ ਡਫਲੀ ਵਜਾ ਕੇ ਸਿੱਖ ਸ਼ਰਧਾਲੂਆਂ ਨੂੰ ਕੇਂਦਰੀ ਅਸਥਾਨਾਂ ਨਾਲੋਂ ਤੋੜ ਕੇ , ਆਪਣੇ ਡੇਰਿਆਂ ਨਾਲ ਜੋੜ ਰਹੇ ਹਨ, ਅਜਿਹੇ ਸੰਕਟਮਈ ਸਮੇਂ, ਦਿਲ ਨੂੰ ਧਰਵਾਸ ਦੇਣ ਵਾਲੀਆਂ ਟਾਵੀਆਂ-ਟਾਵੀਆਂ ਗੱਲਾਂ ਵੀ ਕੰਨੀਂ ਪੈ ਜਾਂਦੀਆਂ ਹਨ। ਅਖੌਤੀ ਸਾਧਾਂ-ਸੰਤਾਂ ਤੋਂ ਤੋਬਾ ਕਰੀ ਬੈਠੇ ਅਤੇ ਸਿੱਖ ਭਾਈਚਾਰੇ ਨੂੰ ਇਕ ਅਕਾਲ ਪੁਰਖ ਦਾ ਪੁਜਾਰੀ ਬਣਿਆ ਦੇਖਣ ਦੇ ਸ਼ੁਭਚਿੰਤਕ, ਪਿੰਡ ਐਰਨ ਖੇੜੀ (ਨੇੜੇ ਮਲੇਰਕੋਟਲਾ) ਦੇ ਇਕ ਗੁਰਮੁਖ ਬਸ਼ਿੰਦੇ ਦੀ, 26 ਜੂਨ ਦੇ ਪੰਜਾਬੀ ਟ੍ਰਿਬਿਊਨ 'ਚ ਇਕ ਖ਼ਬਰ ਛਪੀ ਸੀ, ਇਸ ਵਿਚ ਦੱਸਿਆ ਗਿਆ ਹੈ ਕਿ ਪੰਜਾਬ ਵਿਚ ਹੋ ਰਹੀਆਂ ਪੰਚਾਇਤੀ ਚੋਣਾਂ ਦੇ ਸੰਦਰਭ ਵਿੱਚ ਇਸ ਪਿੰਡ ਵਿਚ ਸਰਪੰਚੀ ਦੀ ਚੋਣ ਲਈ ਖੜ੍ਹੇ ਦੋਵੇਂ ਉਮੀਦਵਾਰ, ਵੱਖ-ਵੱਖ ਸਾਧਾਂ ਦੇ ਸ਼ਰਧਾਲੂ ਸਨ ਜਿਸ ਕਰਕੇ ਉਪਰੋਕਤ 'ਸਿੰਘ' ਨੇ ਆਪਣੀ ਕੀਮਤੀ ਵੋਟ ਵਰਤਣ ਤੋਂ ਹੀ ਇਨਕਾਰ ਕਰ ਦਿੱਤਾ। ਇਹ ਆਖ ਕੇ ਕਿ ਉਹ ਆਪਣੀ ਵੋਟ ਦੀ ਵਰਤੋਂ ਪੰਜਾਬ ਵਿਚ ਫੈਲ ਰਹੇ ਡੇਰਾਵਾਦ ਦੇ ਹੱਕ ਵਿਚ ਨਹੀਂ ਕਰ ਸਕਦਾ।... ਅਸ਼ਕੇ ਜਾਈਏ, ਇਸ ਗੁਰੂ ਕੇ ਲਾਲ ਦੇ।... ਉਮੀਦ ਕਰਨੀ ਬਣਦੀ ਹੈ ਕਿ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ, ਦੇਹਧਾਰੀਆਂ ਦੇ ਡੇਰਿਆਂ ਵਿਚ ਨੱਕ ਰਗੜਨ ਵਾਲੇ 'ਪ੍ਰੇਮੀ ਜਨ' ਇਸ ਖ਼ਬਰ ਤੋਂ ਪ੍ਰੇਰਨਾ ਲੈਂਦੇ ਹੋਏ, **'ਸਾਚਾ ਸਾਹਿਬ ਛਡ ਕੇ, ਮਨਮੁਖਿ ਹੋਇ ਬੰਦੇ ਦਾ ਬੰਦਾ॥'** ਅਨੁਸਾਰ 'ਦੇਹ ਦੇ ਪੁਜਾਰੀ' ਬਣਨ ਦੀ ਥਾਂ 'ਸ਼ਬਦ ਗੁਰੂ' ਦੇ ਲੜ ਲੱਗ ਕੇ 'ਗ੍ਰੰਥ ਅਤੇ ਪੰਥ' ਦੇ ਸੰਕਲਪ ਨੂੰ ਅਪਣਾਉਣਗੇ ...।

ਖ਼ਬਰ ਇਹ ਹੈ :

ਮਲੇਰਕੋਟਲਾ, 25 ਜੂਨ : ਪਿੰਡ ਐਰਨ ਖੇੜੀ ਦੇ ਇਕ ਵੋਟਰ ਨੇ ਕਿਹਾ ਹੈ ਕਿ ਉਹ ਆਪਣੇ ਪਿੰਡ ਦੀ ਪੰਚਾਇਤ ਦੇ ਸਰਪੰਚ ਅਹੁਦੇ ਲਈ ਆਪਣੀ ਵੋਟ ਦੀ ਵਰਤੋਂ ਨਹੀਂ ਕਰੇਗਾ। ਉਸ ਨੇ ਕਿਹਾ ਕਿ ਸਰਪੰਚ ਦੇ ਅਹੁਦੇ ਲਈ ਚੋਣ ਲੜ ਰਹੇ ਉਮੀਦਵਾਰਾਂ ਵਿਚੋਂ ਇਕ ਸਿਰਸਾ ਵਾਲੇ ਸੰਤ ਅਤੇ ਦੂਸਰਾ ਬਾਬਰਪੁਰ ਵਾਲੇ ਸੰਤ ਦਾ ਪੈਰੋਕਾਰ ਹੈ ਤੇ ਉਹ (ਵੋਟਰ) ਆਪਣੇ ਵੋਟ ਦੀ ਵਰਤੋਂ

ਪੰਜਾਬ ਵਿਚ ਫੈਲ ਰਹੇ ਡੇਰਾਵਾਦ ਦੇ ਹੱਕ ਵਿਚ ਨਹੀਂ ਕਰ ਸਕਦਾ। ਵਰਨਣਯੋਗ ਹੈ ਕਿ ਇਸ ਪਿੰਡ ਲਈ ਸਰਪੰਚ ਦਾ ਅਹੁਦਾ ਦਲਿਤ ਵਰਗ ਦੇ ਪੁਰਸ਼ ਲਈ ਰਾਖਵਾਂ ਹੈ ਅਤੇ ਉਪਰੋਕਤ ਵੋਟਰ ਵੀ ਦਲਿਤ ਵਰਗ ਨਾਲ ਸੰਬੰਧਤ ਹੈ।

ਭਾਈ ਤਖ਼ਤ ਸਿੰਘ ਜੀ ਬਾਰੇ ਪੁਸਤਕ

ਡਾ. ਦਲਵਿੰਦਰ ਸਿੰਘ ਜੀ ਦੁਆਰਾ ਲਿਖੀ ਅਤੇ ਆਪ ਜੀ ਵਲੋਂ ਛਾਪੀ ਗਈ ਕਿਤਾਬ "ਭਾਈ ਸਾਹਿਬ ਭਾਈ ਤਖ਼ਤ ਸਿੰਘ ਜੀ" "ਜ਼ਿੰਦਾ ਸ਼ਹੀਦ" ਲਈ ਆਪ ਬਹੁਤ ਹੀ ਪ੍ਰਸ਼ੰਸਾ ਦੇ ਪਾਤਰ ਹੋ। ਜਿਸ ਦਿਨ ਇਹ ਕਿਤਾਬ ਰਿਲੀਜ਼ ਕੀਤੀ ਗਈ, ਉਸ ਦਿਨ ਪੰਜਾਬੀ ਭਵਨ ਵਿਖੇ ਦਾਸ ਨੂੰ ਵੀ ਸ਼ਾਮਲ ਹੋਣ ਦਾ ਮੌਕਾ ਮਿਲਿਆ ਸੀ। ਉਸ ਦਿਨ ਮਿਤੀ 29.08.03 ਤੋਂ ਇਸ ਕਿਤਾਬ ਨੂੰ ਪੜ੍ਹਨ ਦਾ ਮੌਕਾ ਮਿਲਿਆ। ਕਿਤਾਬ ਹਰ ਪੱਖੋਂ ਪੂਰੀ ਲਿਖੀ ਗਈ ਹੈ ਕਿਉਂਕਿ ਅੱਜ ਤੋਂ 60-70 ਸਾਲ ਪਿਛਲੇ ਸਮੇਂ ਦਾ ਅਣਗੌਲਿਆ ਇਤਿਹਾਸ ਆਪ ਦੁਆਰਾ ਇਸ ਤਰ੍ਹਾਂ ਇਕੱਠਾ ਕੀਤਾ ਗਿਆ। ਇਹ ਸੁਣਨ ਵਿਚ ਹੀ ਏਨਾ ਔਖਾ ਹੈ, ਤਾਂ ਪ੍ਰੈਕਟੀਕਲ ਤਾਂ ਬਹੁਤ ਹੀ ਔਖਾ ਹੈ। ਜਿਥੇ ਸਿੰਘ ਸਭਾ ਲਹਿਰ ਵਿਚ ਭਾਈ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਦਰਜ ਹੈ, ਉਥੇ ਇਹ ਕਿਤਾਬ ਪੜ੍ਹ ਕੇ ਭਾਈ ਤਖ਼ਤ ਸਿੰਘ ਵੀ ਬਰਾਬਰ ਦੇ ਹੱਕਦਾਰ ਹਨ। ਇਸ ਬਾਰੇ ਕਾਫ਼ੀ ਵਿਸਥਾਰ ਵਿੱਚ ਲਿਖਿਆ ਜਾ ਸਕਦਾ ਹੈ ਕਿ ਕਿਵੇਂ ਭਾਈ ਸਾਹਿਬ ਨੇ ਇਸਤਰੀ ਜਾਤ ਲਈ ਆਪਣੀ ਕੁਰਬਾਨੀ ਦਿੱਤੀ।

ਉਹ ਇਕ ਮਹਾਨ ਸਿੱਖ ਮਿਸ਼ਨਰੀ ਸਨ, ਜਿਨ੍ਹਾਂ ਤੋਂ ਸਾਡੇ ਵਰਗੇ ਨਿਮਾਣੇ ਮਿਸ਼ਨਰੀ ਸੇਧ ਲੈ ਸਕਦੇ ਹਨ ਕਿ ਪੰਥ ਦੀ ਸੇਵਾ ਲਈ ਕਿਵੇਂ ਆਪਣੇ ਬੱਚਿਆਂ, ਪ੍ਰੀਵਾਰ ਆਦਿ ਨੂੰ ਪਰ੍ਹੇ ਰੱਖ ਦੇ ਦੁੱਖਾਂ ਤਕਲੀਫ਼ਾਂ ਅਤੇ ਲੋਕਾਂ ਦੇ ਤਾਅਨੇ ਮਿਹਣੇ (ਖ਼ਾਸ ਕਰਕੇ ਉੱਘੇ ਵਿਅਕਤੀਆਂ ਦੇ) ਸੁਣਦੇ ਹੋਏ ਆਪਣੇ ਮਿਸ਼ਨ ਤੋਂ ਨਹੀਂ ਡੋਲੇ। ਸਿਰਫ਼ ਇਕ ਪ੍ਰਮੇਸ਼ਵਰ ਦੀ ਓਟ ਆਸਰਾ ਲੈਂਦੇ ਹੋਏ ਅਗਾਂਹ ਵਧਦੇ ਗਏ ਅਤੇ ਆਪਣੇ ਮਿਸ਼ਨ ਵਿਚ ਕਾਮਯਾਬ ਹੋਏ। ਇਹੋ ਜਿਹਾ ਨਿਸ਼ਾਨਾ ਪੰਥ ਦੀ ਸੇਵਾ ਸਾਡੇ ਵਰਗੇ ਮਿਸ਼ਨਰੀ ਲੈ ਲੈਣ ਤਾਂ ਪੰਥ ਜ਼ਰੂਰ ਤਰੱਕੀ ਕਰੇਗਾ।

(ਜਗਜੀਤ ਸਿੰਘ, ਸੁੰਦਰ ਨਗਰ, ਦੋਰਾਹਾ)

ਸਿਰੋਪੇ ਦੀ ਦੁਰਵਰਤੋਂ

ਸਿਰੋਪਾ ਦੇਣ ਤੋਂ ਭਾਵ ਹੈ, ਕਿਸੇ ਸ਼ਖ਼ਸੀਅਤ ਨੂੰ ਕਿਸੇ ਧਾਰਮਿਕ ਸੰਸਥਾ ਵਲੋਂ ਸਨਮਾਨਿਤ ਕੀਤਾ ਜਾਣਾ। ਜਿਵੇਂ ਫ਼ੌਜ ਵਿਚ ਦੇਸ਼ ਅਤੇ ਕੌਮ ਲਈ ਕੁਰਬਾਨੀ ਕਰਨ ਵਾਲੇ ਜਵਾਨਾਂ ਨੂੰ ਮੈਡਲ, ਚੱਕਰ ਆਦਿ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਸਿੱਖ ਧਰਮ ਵਿਚ ਕੌਮ ਲਈ ਬਹੁਤ ਹੀ ਮਹਾਨ ਕੰਮ ਕਰਨ ਵਾਲੇ ਨੂੰ ਪੁਰਾਤਨ ਸਮਿਆਂ ਤੋਂ ਸਿਰੋਪਾ ਦੇ ਕੇ ਸਨਮਾਨਿਤ ਕਰਨ ਦੀ ਰੀਤ ਰਹੀ ਹੈ। ਪੁਰਾਤਨ ਸਮਿਆਂ ਵਿਚ ਬਹੁਤ ਹੀ ਘੱਟ ਤੇ ਚੋਣਵੇਂ ਵਿਸ਼ੇਸ਼ ਵਿਅਕਤੀਆਂ ਨੂੰ ਸਿਰੋਪਾ ਦਿੱਤਾ ਜਾਂਦਾ ਰਿਹਾ ਹੈ, ਪਰ ਅੱਜਕਲ੍ਹ ਸਿਰੋਪੇ ਥੋਕ ਵਿਚ ਦੇਣ ਦਾ ਰਿਵਾਜ ਜਿਹਾ ਪੈ ਗਿਆ ਹੈ। ਹਰ ਛੋਟੀ-ਵੱਡੀ ਸੰਸਥਾ ਧਾਰਮਿਕ ਸਮਾਗਮ ਕਰਾਉਂਦੀ ਹੈ ਤੇ ਫੇਰ ਦਸ-ਵੀਹ ਆਦਮੀਆਂ ਨੂੰ ਸਟੇਜ ਤੇ ਸੱਦ ਕੇ ਸਿਰੋਪਿਆਂ ਨਾਲ ਸਨਮਾਨਿਤ ਕਰਦੀ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਚ 100 ਰੁ: ਮੱਥਾ ਟੇਕਣ ਵਾਲੇ ਨੂੰ ਸਿਰੋਪਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਸ਼ੇਸ਼/ਪ੍ਰਸਿੱਧ ਵਿਅਕਤੀਆਂ (ਲੀਡਰਾਂ) ਨੂੰ ਆਪਣੇ ਦਫ਼ਤਰ ਵਿਚ ਵਿਸ਼ੇਸ਼ ਸਿਰੋਪਿਆਂ ਜਾਂ ਸਨਮਾਨ ਚਿਨ੍ਹਾਂ ਨਾਲ ਸਨਮਾਨਿਤ ਕਰਦੀ ਹੈ। ਦਿੱਲੀ ਵਿਚ ਗੁਰੂ ਸਾਹਿਬਾਂ ਦੇ ਗੁਰਪੁਰਬਾਂ ਮੌਕੇ 'ਤੇ ਦੱਸ-ਪੰਦਰਾਂ ਸਿੱਖ-ਜਥੇਬੰਦੀਆਂ, ਜਿਨ੍ਹਾਂ ਦੇ ਆਗੂ ਧਾਰਮਿਕ ਘੱਟ ਤੇ ਚਾਪਲੂਸ ਜ਼ਿਆਦਾ ਹੁੰਦੇ ਹਨ, ਪ੍ਰਧਾਨ ਮੰਤਰੀ ਦੀ ਕੋਠੀ 'ਤੇ ਬਿਨ ਬੁਲਾਇਆਂ ਸਿਰੋਪਾ ਤੇ ਕਿਰਪਾਨਾਂ ਲੈ ਕੇ ਪਹੁੰਚ ਜਾਂਦੇ ਹਨ। ਇਸ ਤਰ੍ਹਾਂ ਨਿੱਜੀ ਲਾਭ ਦੀ ਖ਼ਾਤਰ ਸਮੁੱਚੀ ਕੌਮ ਦੇ ਵਕਾਰ ਨੂੰ ਢਾਅ ਲਾਈ ਜਾਂਦੀ ਹੈ। ਇਕ ਵਾਰ ਸੁਣਨ ਵਿਚ ਆਇਆ ਸੀ ਕਿ ਇਕ ਸਾਬਕਾ ਪ੍ਰਧਾਨ ਮੰਤਰੀ ਚੰਡੀਗੜ੍ਹ ਆਏ ਤਾਂ ਉਹਨਾਂ ਨੂੰ ਇੰਨੇ ਸਿਰੋਪੇ ਤੇ ਕਿਰਪਾਨਾਂ ਭੇਟਾ ਕੀਤੀਆਂ ਗਈਆਂ ਕਿ ਪੂਰਾ ਕਮਰਾ ਹੀ ਕਿਰਪਾਨਾਂ ਨਾਲ ਭਰ ਗਿਆ ਸੀ। ਕੀ ਇਹ ਪੰਥਕ ਰੀਤ ਹੈ? ਸਾਡੇ ਇਲਾਕੇ ਦੀ ਇਕ ਗੁਰਦੁਆਰਾ ਕਮੇਟੀ ਹਰ ਐਮ. ਐਲ. ਏ. (ਭਾਵੇਂ ਉਹ ਕਾਮਰੇਡ ਹੀ ਹੋਵੇ) ਨੂੰ ਸਿਰੋਪਾ ਦੇਣ ਲਈ ਤਿਆਰ ਰਹਿੰਦੀ ਹੈ। ਇਕ ਪਿੰਡ ਵਿਚ ਇਕ ਵਾਰ ਧਾਰਮਿਕ ਸਮਾਗਮ ਤਾਂ ਤਿੰਨ ਘੰਟੇ ਦਾ ਕੀਤਾ ਗਿਆ ਪਰ ਇਕ ਘੰਟਾ ਸਿਰੋਪੇ ਦੇਣ ਤੇ ਹੀ ਲੱਗ ਗਿਆ।

ਸਿਰੋਪਾ ਦੇਣ ਲੱਗਿਆਂ ਅੱਜਕਲ੍ਹ ਨਾ ਕਿਸੇ ਦਾ ਜੀਵਨ ਵੇਖਿਆ ਜਾਂਦਾ ਹੈ ਤੇ ਨਾ ਹੀ ਕੌਮ ਪ੍ਰਤੀ ਕੋਈ ਸੇਵਾ, ਕੇਵਲ ਤੇ ਕੇਵਲ ਪ੍ਰਬੰਧਕਾਂ ਵੱਲੋਂ ਆਪਣੀ ਨਿੱਜੀ ਸ਼ੋਹਰਤ ਲਈ ਹੀ ਪ੍ਰਸਿੱਧ/ਵਿਸ਼ੇਸ਼ ਵਿਅਕਤੀਆਂ ਨੂੰ ਸਿਰੋਪੇ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਸਿਰੋਪੇ ਦੇਣ ਨਾਲ ਸਿੱਖ ਕੌਮ ਦੀ ਵੀ ਬਹੁਤ ਬਦਨਾਮੀ ਹੁੰਦੀ ਹੈ ਤੇ ਪੂਰੀ ਕੌਮ ਮਜ਼ਾਕ ਦਾ ਵਿਸ਼ਾ ਬਣਦੀ ਜਾ ਰਹੀ ਹੈ। ਕਿਉਂਕਿ ਇਹ ਪਰੰਪਰਾ ਸਾਡੇ ਧਰਮ ਨਾਲ ਸਿੱਧੇ ਤੌਰ ਤੇ ਜੁੜੀ ਹੋਈ ਹੈ, ਇਸ ਲਈ ਸਾਨੂੰ ਤੇ ਸਾਡੇ ਧਾਰਮਿਕ ਆਗੂਆਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਸਿਰੋਪਾ ਕੇਵਲ ਕੌਮ ਲਈ ਕੋਈ ਵਿਸ਼ੇਸ਼ ਸੇਵਾ ਕਰਨ ਵਾਲੇ ਨੂੰ ਹੀ ਦਿੱਤਾ ਜਾਏ।

◆◆◆ *(ਸਤਬੀਰ ਸਿੰਘ, ਬਟਾਲਾ)*

ਧਿਆਨ ਮੰਗਦੇ ਵਿਚਾਰ

ਕੀ ਸਾਡੇ ਪੁੱਤਰ, ਪੋਤਰੇ-ਪੋਤਰੀਆਂ ਵੀ ਗੁਰਸਿੱਖ ਹੋਣਗੇ ?

— ਕੀ ਸਾਡੇ ਪੁੱਤਰ, ਪੋਤਰੇ-ਪੋਤਰੀਆਂ ਵੀ ਗੁਰਸਿੱਖ ਹੋਣਗੇ?

— ਕੀ ਉਹ ਗੁਰਦੁਆਰੇ ਜਾਇਆ ਕਰਨਗੇ ਅਤੇ ਕੀਰਤਨ-ਕਥਾ ਦਾ ਰਸ ਮਾਣ ਸਕਿਆ ਕਰਨਗੇ?

— ਕੀ ਉਹ ਗੁਰਬਾਣੀ ਨੂੰ ਪੜ੍ਹ-ਸੁਣ ਕੇ ਗੁਰ-ਆਸ਼ੇ ਨੂੰ ਸਮਝਣ ਯੋਗ ਹੋਣਗੇ? ਕੀ ਉਹ ਗੁਰ ਆਸ਼ੇ ਨੂੰ ਅਮਲ ਵਿਚ ਲਿਆਉਣ ਯੋਗ ਹੋ ਸਕਣਗੇ?

ਵਿਚਾਰਨ ਯੋਗ ਕੁਝ ਗੱਲਾਂ ਹਨ।

1. ਅਸੀਂ ਆਪਣੇ ਬੱਚੇ-ਬੱਚੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹੋਏ ਉਹਨਾਂ ਨੂੰ ਚੰਗੀ ਸਿਹਤ, ਚੰਗੀ ਪੜ੍ਹਾਈ ਲਿਖਾਈ, ਚੰਗੀ ਸੁਸਾਇਟੀ ਲਈ ਕੇਵਲ ਸੋਚਦੇ ਹੀ ਨਹੀਂ, ਯਥਾ ਸ਼ਕਤ ਅਤੇ ਕਈ ਵਾਰ ਵਿੱਤੋਂ ਵੱਧ ਵੀ ਉਦਮ ਕਰਦੇ ਰਹਿੰਦੇ ਹਾਂ। ਉਹਨਾਂ ਨੂੰ ਮਾਡਲ ਅਤੇ ਅੰਗਰੇਜ਼ੀ ਸਕੂਲਾਂ 'ਚ ਪੜ੍ਹਾਉਂਦੇ ਹਾਂ ਜੋ ਕਿ ਕਿਸੇ ਹੱਦ ਤਕ ਚੰਗੀ ਗੱਲ ਹੈ।

ਪਰ ਕੀ ਕਿਸੇ ਗੁਰਸਿੱਖ ਵੀਰ ਭੈਣ ਨੇ ਉਪਰ ਦਿੱਤੀਆਂ ਤਿੰਨ ਗੱਲਾਂ ਵਲ ਵੀ ਕਦੇ ਧਿਆਨ ਦਿਤਾ ਹੈ?

ਜੇ ਦਿਤਾ ਹੈ ਤਾਂ ਕੀ ਕੁਝ ਯੋਗ ਉਪਰਾਲਾ ਵੀ ਕੀਤਾ ਹੈ? ਜੇ ਨਹੀਂ ਕੀਤਾ ਤਾਂ ਅੱਜ ਟੀ.ਵੀ. ਵਿਚ ਦਿਖਾਈਆਂ ਜਾ ਰਹੀਆਂ ਅਤੇ ਹੋਰ ਫਿਲਮਾਂ ਦੇ ਗੰਦੇ ਗੀਤ ਅਤੇ ਸੀਨ ਫ਼ਿਲਮੀ ਰਸਾਲੇ-ਨਾਵਲ ਅਤੇ ਹੋਰ ਫੈਸ਼ਨ-ਪ੍ਰਸਤੀ ਦੇ ਮਾਹੌਲ ਵਿਚੋਂ ਪਹਿਲਾਂ ਆਪ ਨਿਕਲਣ ਅਤੇ ਆਪੋ ਆਪਣੇ ਬੱਚੇ-ਬੱਚੀਆਂ ਨੂੰ ਕੱਢ ਕੇ ਉਹਨਾਂ ਵਲ ਵਿਸ਼ੇਸ਼ ਧਿਆਨ ਨਹੀਂ ਦੇਵਾਂਗੇ ਤਾਂ ਉਪਰਲੇ ਸੁਆਲਾਂ ਦਾ ਜੁਆਬ ਨਾਂਹ ਵਿਚ ਹੀ ਹੋਵੇਗਾ।

ਪਰ ਜੇ ਅਸੀਂ ਆਪਣੇ ਛੋਟੇ-ਛੋਟੇ, ਪਿਆਰੇ-ਪਿਆਰੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਉਪਰ ਦਿੱਤੇ ਕੁਝ ਭੈੜੇ ਸ਼ੌਕ ਲੱਗਣ ਤੋਂ ਪਹਿਲਾਂ ਹੀ ਅੰਗਰੇਜ਼ੀ ਜਾਂ ਹਿੰਦੀ ਪੜ੍ਹਦੇ ਬੱਚੇ ਬੱਚੀਆਂ ਨੂੰ ਗੁਰਮੁਖੀ ਪੜ੍ਹਾਉਣ, ਪੰਜਾਬੀ ਵਿਚ ਗੱਲਬਾਤ ਕਰਨ ਦੇ ਅਭਿਆਸ ਦੇ ਨਾਲ-ਨਾਲ ਕੁਝ ਗੁਰਬਾਣੀ ਦਾ ਪਾਠ ਜ਼ਬਾਨੀ-ਯਾਦ ਕਰਾਉਣ, ਗੁਰਦੁਆਰੇ ਨਾਲ ਲਿਜਾਉਣ ਦੀ ਆਦਤ ਅਤੇ ਉਥੇ ਸੁਚੱਜੇ ਢੰਗ ਨਾਲ ਬੈਠਣ ਦੀ ਜਾਚ ਸਿਖਾਉਣ, ਗੁਰ-ਇਤਿਹਾਸ, ਸਿੱਖ-ਇਤਿਹਾਸ 'ਚੋਂ ਸਾਖੀਆਂ ਸੁਣਾਉਣ ਦੀ ਆਦਤ ਪਾਉਣ, 10-11 ਸਾਲ ਦੀ ਉਮਰ ਤਕ ਕੇਸਾਂ ਦੀ ਸੇਵਾ ਸੰਭਾਲ ਦੇ ਨਾਲ-ਨਾਲ ਦਸਤਾਰ ਸਜਾਉਣ ਦੀ ਆਦਤ ਪਾਉਣ, ਸਿੱਖ ਧਰਮ ਦੇ ਮੁਢਲੇ ਜ਼ਰੂਰੀ ਸਿਧਾਂਤਾਂ ਦੀ ਜਾਣਕਾਰੀ ਨਾਲੋ ਨਾਲ ਦੇਣ-ਦਿਵਾਉਣ ਦੇ ਉਪਰਾਲੇ ਕਰਦੇ ਰਹਾਂਗੇ ਤਾਂ ਇਸ ਨਾਲ ਕਿਸੇ ਪ੍ਰਕਾਰ ਦੀ ਚਿੰਤਾ ਨਹੀਂ ਰਹਿ ਜਾਏਗੀ।

ਇਸ ਤਰ੍ਹਾਂ ਸਾਡਾ ਬੱਚਾ ਜਿਥੇ ਚੰਗਾ ਗੁਰਸਿੱਖ, ਸਾਬਤ-ਸੂਰਤ, ਦਲੇਰ ਅਤੇ ਗੁਰੂ ਦੀ ਭੈ-ਭਾਵਨਾ ਵਿਚ ਰਹਿਣ ਵਾਲਾ ਹੋਏਗਾ, ਉਥੇ ਮਾਤਾ ਪਿਤਾ ਦਾ ਆਗਿਆਕਾਰੀ ਅਤੇ ਸੇਵਾਦਾਰ ਵੀ ਹੋਏਗਾ।

ਇਸ ਲਈ ਸਾਨੂੰ ਆਪਣੇ ਬੱਚੇ ਬਚੀਆਂ ਨੂੰ ਸ਼ੁਰੂ ਤੋਂ ਹੀ ਗੁਰਸਿੱਖੀ ਨਾਲ ਜੋੜੀ ਰੱਖਣ ਲਈ ਉਚੇਰੇ ਯੋਗ ਉਪਰਾਲੇ, ਸਾਧਨ ਅਪਨਾਈ ਰਖਣੇ ਚਾਹੀਦੇ ਹਨ ਤਾਂ ਜੋ ਮਗਰੋਂ ਪਛਤਾਉਣਾ ਨਾ ਪਵੇ।

2. ਗੁਰਦੁਆਰਾ-ਇੱਟਾਂ-ਸੀਮੈਂਟ ਜਾਂ ਲੋਹੇ-ਲੱਕੜ ਦੀ ਬਣੀ ਹੋਈ ਬਿਲਡਿੰਗ ਦਾ ਨਾਂ ਨਹੀਂ ਹੁੰਦਾ ਸਗੋਂ ਉਸ ਅਸਥਾਨ ਦਾ ਨਾਂ ਗੁਰਦੁਆਰਾ ਹੁੰਦਾ ਹੈ ਜਿਥੋਂ ਗੁਰੂ ਦਾ ਉਪਦੇਸ਼, ਗੁਰੂ ਦੀ ਸਿਖਿਆ ਇਕ ਚਸ਼ਮੇ ਵਾਂਗ ਲਗਾਤਾਰ ਫੁਟ-ਫੁਟ ਕੇ ਨਿਕਲੇ। ਇਹ ਸਿੱਖਿਆ, ਇਹ ਉਪਦੇਸ਼ ਆਪਣੇ-ਬਿਗਾਨੇ ਸਭ ਦੇ ਹਿਰਦਿਆਂ ਨੂੰ ਜਿਥੇ ਠੰਢ ਪਹੁੰਚਾਉਣ ਵਾਲਾ ਹੋਵੇ ਉਥੇ ਉਦਾਸ ਅਤੇ ਮੁਰਝਾਈਆਂ ਹੋਈਆਂ ਰੂਹਾਂ ਨੂੰ ਹਰਾ-ਭਰਾ ਕਰਨ ਵਾਲਾ ਵੀ ਹੋਵੇ।

ਪਰ ਅਫ਼ਸੋਸ! ਸਾਡੇ ਅਣਜਾਣ ਆਸਤਕਾਂ ਨੇ ਕਈ ਗਲਤ ਗੱਲਾਂ ਉਤੇ ਜ਼ੋਰ ਦੇ-ਦੇ ਕੇ ਧਰਮ ਕਰਮ ਦੀਆਂ ਅਸਲ ਖੂਬੀਆਂ ਨੂੰ ਵੀ ਪਿੱਛੇ ਪਾ ਦਿੱਤਾ ਹੈ। ਜਿਵੇਂ ਗੁਰਦੁਆਰੇ ਦੀ ਇਮਾਰਤ ਨੂੰ ਗੁਰੂ ਦੇ ਉਪਦੇਸ਼ਾਂ ਨਾਲੋਂ ਵੱਧ ਮਹਾਨਤਾ ਅਤੇ ਸਤਿਕਾਰ ਦੇ ਦੇਣਾ।

ਇਸ ਤਰ੍ਹਾਂ ਕਰਨਾ ਇਕ ਤਰ੍ਹਾਂ ਗੁਰੂ ਅਤੇ ਗੁਰੂ ਉਪਦੇਸ਼ਾਂ ਦੀ ਨਿਰਾਦਰੀ ਕਰਨ ਦੇ ਬਰਾਬਰ ਹੈ।

ਇਹ ਤਾਂ ਅਸੀਂ ਮੰਨਦੇ ਹਾਂ ਕਿ ਗੁਰਦੁਆਰੇ ਬਣਾਉਣ ਲਈ ਮਾਇਆ ਦੇਣ ਵਾਲਿਆਂ ਦੇ ਦਿਲਾਂ ਵਿਚ ਜ਼ਿਆਦਾਤਰ ਇੱਜ਼ਤ ਤਾਂ ਗੁਰੂ ਦੇ ਉਪਦੇਸ਼ਾਂ ਦੀ ਹੁੰਦੀ ਹੈ ਪਰ ਗੁਰਦੁਆਰਾ ਬਣ ਜਾਣ ਮਗਰੋਂ ਆਮ ਕਰ ਕੇ ਇਹ ਗੱਲ ਉਲਟੀ ਹੋ ਜਾਂਦੀ ਹੈ। ਭਾਵ ਗੁਰੂ ਦੇ ਉਪਦੇਸ਼ ਦੀ ਮਹਾਨਤਾ ਦੀ ਥਾਂ ਗੁਰਦੁਆਰੇ ਦੀ ਬਿਲਡਿੰਗ ਦੀ ਮਹਾਨਤਾ ਵਧ ਜਾਂਦੀ ਹੈ।

ਗੁਰਦੁਆਰਿਆਂ ਲਈ ਮਾਇਆ ਦੇਣ ਵਾਲੇ ਅਸੀਂ 99% ਲੋਕ ਐਸੇ ਹਾਂ ਜੋ ਸੋਚਦੇ ਹੀ ਨਹੀਂ ਕਿ ਇਸ ਗੁਰਦੁਆਰੇ ਦੀ ਬਿਲਡਿੰਗ ਬਣਨ ਮਗਰੋਂ ਇਥੇ ਹੋਏਗਾ ਕੀ?

ਮਾਇਆ ਦੇਣ ਲੱਗਿਆਂ ਸਾਨੂੰ ਜ਼ਰੂਰ ਸੋਚ ਲੈਣਾ ਚਾਹੀਦਾ ਹੈ ਕਿ ਗੁਰੂ ਉਪਦੇਸ਼ ਦਾ ਪ੍ਰਚਾਰ ਗੁਰਦੁਆਰੇ ਦੀ ਬਿਲਡਿੰਗ ਬਣਨ ਮਗਰੋਂ ਕਿਵੇਂ ਸ਼ੁਰੂ ਹੋ ਸਕੇਗਾ ਅਤੇ ਕਿਵੇਂ ਜਾਰੀ ਰਹਿ ਸਕੇਗਾ? ਇਸ ਬਾਰੇ ਪੂਰੀ ਤਸੱਲੀ ਅਤੇ ਦੂਰ-ਦ੍ਰਿਸ਼ਟੀ ਨਾਲ ਵਿਚਾਰ ਕਰਨ ਮਗਰੋਂ ਹੀ ਮਾਇਆ ਦੇਣੀ ਚਾਹੀਦੀ ਹੈ।

ਗੁਰਦੁਆਰਾ ਭਾਵੇਂ ਕਿਤਨਾ ਸ਼ਾਨਦਾਰ ਬਣਿਆ ਹੋਵੇ, ਜੇ ਕਰ ਉਸ ਤੋਂ ਅਸਲ ਅਰਥਾਂ ਵਿਚ, ਸਹੀ ਮਹਿਨਿਆਂ ਵਿਚ ਗੁਰ ਉਪਦੇਸ਼ ਦਾ ਪ੍ਰਚਾਰ ਨਹੀਂ ਉਪਜਦਾ ਅਤੇ ਸੰਗਤਾਂ ਨੂੰ ਠੰਡ ਨਹੀਂ ਪਹੁੰਚਦੀ ਤਾਂ ਉਸ ਦਾ ਕੀ ਲਾਭ?

ਅੱਜ ਸਾਨੂੰ ਗੁਰੂ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨ ਵਾਸਤੇ ਉਹਨਾਂ ਇਮਾਰਤਾਂ ਨਾਲੋਂ ਉਹਨਾਂ ਪੁਰਸ਼ਾਂ ਦੀ ਕਿਤੇ ਵੱਧ ਲੋੜ ਹੈ ਜੋ ਠੀਕ ਪ੍ਰਚਾਰ ਕਰਨ ਯੋਗ ਹੋਣ। ਕਿਉਂਕਿ ਗੁਰੂ ਉਪਦੇਸ਼ ਦਾ ਪ੍ਰਚਾਰ ਬਿਲਡਿੰਗਾਂ ਨਹੀਂ, ਸਗੋਂ ਗੁਰੂ-ਉਪਦੇਸ਼ ਨੂੰ ਸਮਝ ਕੇ

ਉਹਨਾਂ ਨੂੰ ਕਮਾਉਣ ਵਾਲੇ ਪੁਰਸ਼ ਹੀ ਕਰ ਸਕਦੇ ਹਨ।

ਦੀਰਘ ਵਿਚਾਰ ਕਰਨ ਤੋਂ ਪਤਾ ਲਗਦਾ ਹੈ ਕਿ ਪ੍ਰਚਾਰ, ਅਸਥਾਨਾਂ ਨਾਲੋਂ ਜ਼ਿਆਦਾ ਨਿੱਗਰ ਹੁੰਦਾ ਹੈ। ਇਸ ਲਈ ਪ੍ਰਚਾਰ ਨੂੰ ਜੀਉਂਦਾ ਜਾਗਦਾ ਰੱਖਣ ਲਈ ਅਤੇ ਪ੍ਰਫੁਲਤ ਰੱਖਣ ਲਈ ਬੇਜਾਨ ਇੱਟਾਂ ਦੀਆਂ ਬਿਲਡਿੰਗਾਂ ਨਾਲੋਂ ਜੀਉਂਦੇ-ਜਾਗਦੇ ਪ੍ਰਚਾਰ ਕਰਨ ਵਾਲੇ ਯੋਗ ਪੁਰਸ਼ ਦੀ ਲੋੜ ਬਹੁਤ ਜ਼ਰੂਰੀ ਹੈ।

ਗੁਰ ਉਪਦੇਸ਼ ਨੂੰ ਸਮਝਣ-ਕਮਾਉਣ ਅਤੇ ਵਰਣਨ ਕਰ ਸਕਣ ਵਾਲਾ ਇਕ ਗੁਰਸਿੱਖ, ਇਕ ਦਰੱਖਤ ਹੇਠਾਂ ਬੈਠ ਕੇ ਗੁਰੂ-ਘਰ ਦੀ ਉਹ ਸੇਵਾ ਕਰ ਸਕਦਾ ਹੈ ਜੋ ਲੱਖਾਂ ਕਰੋੜਾਂ ਰੁਪਏ ਲਗਾ ਕੇ ਬਣਾਈਆਂ ਗੁਰਦੁਆਰਿਆਂ ਦੀਆਂ ਬਿਲਡਿੰਗਾਂ ਨਹੀਂ ਕਰ ਸਕਦੀਆਂ।

ਸੁੰਦਰ ਆਲੀਸ਼ਾਨ ਗੁਰਦੁਆਰਿਆਂ ਦੇ ਅੰਦਰ ਆਮ ਤੌਰ ਤੇ ਜਦੋਂ ਐਸੇ ਗਰੰਥੀ ਵੇਖੇ ਜਾਂਦੇ ਹਨ ਜਿਨ੍ਹਾਂ ਵਿਚ ਆਤਮਕ ਗੱਲਾਂ ਆਮ ਸਮਝਣ ਅਤੇ ਹੋਰਨਾਂ ਨੂੰ ਸਮਝਾਉਣ ਦੀ ਸ਼ਕਤੀ ਤਾਂ ਇਕ ਪਾਸੇ ਰਹੀ, ਸਾਧਾਰਨ ਚੀਜ਼ਾਂ ਦਾ ਵੀ ਗਿਆਨ ਨਹੀਂ ਹੁੰਦਾ, ਤਾਂ ਐਸ ਵੇਖ ਕੇ ਦਿਲੋਂ ਆਹ ਉਠਦੀ ਹੈ, ਕਈ ਵਾਰ ਰੋਣ ਵੀ ਆਉਂਦਾ ਹੈ। ਕਾਸ਼! ਸਿੱਖ ਕੌਮ ਨੇ ਗੁਰਦੁਆਰੇ ਬਣਾਉਣ ਦੇ ਸ਼ੌਕ ਨਾਲੋਂ ਵਿਦਵਾਨ ਗਰੰਥੀ ਪੈਦਾ ਕਰਨ ਵੱਲ ਵਧੇਰੇ ਧਿਆਨ ਦਿਤਾ ਹੁੰਦਾ।

ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਅੱਜ ਗੁਰਦੁਆਰੇ ਵਿਚ ਉਹੋ ਗਰੰਥੀ ਰਹਿ ਸਕਦਾ ਹੈ ਜਿਸ ਨੂੰ ਆਪਣੇ ਗੁਰਦੁਆਰੇ ਦੇ ਪ੍ਰਬੰਧਕਾਂ ਦੀਆਂ ਝੂਠੀਆਂ ਸਿਫ਼ਤਾਂ ਕਰਨ ਦਾ ਢੰਗ ਆਉਂਦਾ ਹੋਵੇ। ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦੀ ਤਨਖਾਹ ਉਸਦੇ ਆਤਮਕ ਗੁਣਾਂ ਕਰਕੇ ਜਾਂ ਧਰਮ ਪ੍ਰਚਾਰ ਕਰਕੇ ਨਹੀਂ ਵਧਣੀ, ਸਗੋਂ ਪ੍ਰਬੰਧਕਾਂ ਜਾਂ ਪਾਰਟੀ ਦੇ ਪ੍ਰਚਾਰ ਕਰ ਕੇ ਹੀ ਵਧਣੀ ਹੈ। ਇਸੇ ਲਈ ਉਸ ਦੀ ਸੁਰਤ ਉਸ ਦਾ ਧਿਆਨ, ਬਜਾਏ ਧਰਮ ਪ੍ਰਚਾਰ ਦੇ ਪਾਰਟੀ ਪ੍ਰਚਾਰ ਵਿਚ ਲਗਦਾ ਹੈ, ਜਿਸ ਦਾ ਨਤੀਜਾ ਸੰਗਤਾਂ ਵਿਚ ਸ਼ਾਂਤੀ, ਗਿਆਨ ਦੀ ਸੋਝੀ ਅਤੇ ਪ੍ਰੇਮ ਪਿਆਰ ਪੈਦਾ ਹੋਣ ਦੀ ਥਾਂ ਫੁੱਟ, ਈਰਖਾ ਤੇ ਨਫ਼ਰਤ ਕਾਰਨ ਅਸ਼ਾਂਤੀ ਪੈਦਾ ਹੁੰਦੀ ਹੈ।

ਲੱਖਾਂ ਰੁਪਏ ਖਰਚ ਕੇ ਗੁਰਦੁਆਰੇ ਬਣਾਉਣੇ ਪਰ ਉਹਨਾਂ ਵਿਚ ਗਰੰਥੀ ਸਿੰਘ ਉਹ ਰੱਖਣੇ ਜਿਹੜੇ ਦੁਨੀਆਂ ਦੇ ਸਭ ਪਾਸਿਉਂ ਅਸਫਲ ਹੋ ਚੁੱਕੇ ਹੋਣ ਜਾਂ ਜਿਨ੍ਹਾਂ ਨੂੰ ਹੋਰ ਕਿਸੇ ਤਰ੍ਹਾਂ ਰੋਟੀ ਕਮਾ ਕੇ ਖਾਣ ਦਾ ਤਰੀਕਾ ਨਾ ਆਉਂਦਾ ਹੋਵੇ ਅਤੇ ਜਿਨ੍ਹਾਂ ਨੂੰ ਸਫਾਈ-ਈਮਾਨਦਾਰੀ ਅਤੇ ਸੱਚ ਬੋਲਣ ਆਦਿ ਸਧਾਰਣ ਗੱਲਾਂ ਦੀ ਵੀ ਸੋਝੀ ਨਾ ਹੋਵੇ, ਕੀ ਗੁਰਦੁਆਰਿਆਂ ਉੱਪਰ ਲਾਈਆਂ ਲੱਖਾਂ-ਕਰੋੜਾਂ ਦੀਆਂ ਰਕਮਾਂ ਉਤੇ ਪਾਣੀ ਫੇਰਨਾ ਜਾਂ ਬੇਅਰਥ ਬਣਾਉਣਾ ਨਹੀਂ?

ਇਹ ਧਿਆਨ ਮੰਗਦਾ ਵਿਚਾਰ ਹੈ।

3. **ਮੱਥਾ-ਟੇਕਣਾ** — ਗੁਰੂ ਕੇ ਸਿੱਖ ਲਈ ਜਦ ਮੱਥਾ ਟੇਕਣ ਦਾ ਸਤਿਕਾਰ ਕੇਵਲ ਅਤੇ ਕੇਵਲ ਆਪਣੇ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਲਈ ਹੀ ਰਾਖਵਾਂ ਹੈ ਤਾਂ ਫਿਰ ਉਹ ਆਪਣੇ ਗੁਰੂ ਦੇ ਸਾਹਮਣੇ ਜਾਂ ਅੱਗੇ ਪਿੱਛੇ ਕਿਸੇ ਹੋਰ ਵਿਅਕਤੀ ਨੂੰ ਮੱਥਾ ਕਿਉਂ ਟੇਕੇ?

ਸਿੱਖ ਵਿਧਾਨ ਅਨੁਸਾਰ ਸਾਨੂੰ ਇਕ ਦੂਜੇ ਨੂੰ ਮਿਲਣ ਸਮੇਂ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਬੁਲਾਉਣ ਦਾ ਹੁਕਮ ਹੈ! ਨਾ ਕਿ ਮੱਥਾ ਟੇਕਣ ਦਾ।

ਇਸ ਲਈ ਗੁਰੂ ਕੇ ਸਿੱਖ ਅਖਵਾਉਣ ਵਾਲਿਆਂ ਨੂੰ ਇਸ ਵਿਧਾਨ ਅਨੁਸਾਰ ਹੀ ਚਲਣਾ ਚਾਹੀਦਾ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਮੱਥਾ ਨਹੀਂ ਟੇਕਣਾ ਚਾਹੀਦਾ, ਭਾਵੇਂ ਉਹ ਕਿਤਨਾ ਹੀ ਵੱਡਾ ਕਿਉਂ ਨਾ ਹੋਵੇ। ਕਿਉਂਕਿ ਗੁਰੂ ਸਾਹਿਬ ਦੇ ਬਰਾਬਰ ਹੋਰ ਕੋਈ ਨਹੀਂ ਹੋ ਸਕਦਾ।

ਗੁਰੂ ਦਰਸਾਏ ਰਾਹ ਉਤੇ ਆਪ ਤੁਰਨ ਅਤੇ ਹੋਰਨਾਂ ਨੂੰ ਤੋਰਨ-ਤੁਰਾਉਣ ਵਾਲਿਆਂ ਦਾ ਸਤਿਕਾਰ ਕਰਨਾ ਬੜਾ ਜ਼ਰੂਰੀ ਹੈ, ਪਰ ਕੀ ਉਹ ਸਤਿਕਾਰ ਗੁਰੂ ਦੇ ਸਤਿਕਾਰ ਬਰਾਬਰ ਹੋਣਾ ਚਾਹੀਦਾ ਹੈ? ਵਿਚਾਰਯੋਗ ਗੱਲ ਹੈ।

4. ਕਈ ਲੋਕਾਂ ਨੇ ਅਣਜਾਣੇ ਵਿਚ ਜਾਂ ਦੇਖਾ ਦੇਖੀ ਵੱਖ-ਵੱਖ ਗੁਰੂ ਸਾਹਿਬਾਨ ਦੇ ਨਾਵਾਂ ਉਤੇ ਵਪਾਰਕ ਧੰਦੇ ਖੋਹਲੇ ਹੋਏ ਹਨ।

ਗੁਰੂ ਸਾਹਿਬਾਨ ਮਹਾਨ-ਪਵਿਤ੍ਰ ਅਤੇ ਮਹਾਨ ਆਦਰ ਯੋਗ, ਵਿਅਕਤੀ ਸਨ। ਇਨ੍ਹਾਂ ਦੇ ਪਵਿਤ੍ਰ ਨਾਵਾਂ ਨੂੰ ਮਾਇਆ ਦੇ ਵਪਾਰ ਕਰਨ ਵਾਲੀਆਂ ਸੰਸਥਾਵਾਂ ਜਾਂ ਦੁਕਾਨਾਂ ਨਾਲ ਕਦੀ ਨਹੀਂ ਜੋੜਨਾ ਚਾਹੀਦਾ। ਕਿਉਂਕਿ ਵਪਾਰਕ ਧੰਦਿਆਂ ਵਿਚ ਬਹੁਤੀ ਵਾਰੀ ਝੂਠ, ਚਲਾਕੀ ਤੇ ਹੋਰ ਕਈ ਤਰੀਕਿਆਂ ਨਾਲ ਹੇਰਾ-ਫੇਰੀ ਆਮ ਕੀਤੀ-ਕਰਾਈ ਜਾਂਦੀ ਹੈ। ਇਸ ਤਰ੍ਹਾਂ ਇਨ੍ਹਾਂ ਮਹਾਨ ਹਸਤੀਆਂ ਦੇ ਸਤਿਕਾਰ ਨੂੰ ਠੇਸ ਪਹੁੰਚਾਉਣ ਦਾ ਦੋਸ਼ ਉਸ ਵਿਅਕਤੀ ਜਾਂ ਸੰਸਥਾ ਦੇ ਸਿਰ ਆਉਂਦਾ ਹੈ ਜੋ ਉਨ੍ਹਾਂ ਦੇ ਪਵਿਤ੍ਰ ਨਾਂ ਨੂੰ ਇਸ ਤਰ੍ਹਾਂ ਵਰਤਦਾ ਹੈ।

ਸ਼ੁਰੂ-ਸ਼ੁਰੂ ਵਿਚ ਇਕ ਵਾਰ ਅਮਰੀਕਨ ਸਿੰਘ ਬੀਬੀਆਂ ਦਾ ਇਕ ਜਥਾ ਪਹਿਲੀ ਵਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦਰਸ਼ਨ ਕਰਨ ਦਿੱਲੀ ਤੋਂ ਪੰਜਾਬ ਆਇਆ। ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਉਨ੍ਹਾਂ ਨੂੰ ਗੁਰੂ ਨਾਨਕ ਨਿਵਾਸ, ਗੁਰੂ ਰਾਮਦਾਸ ਸਰਾਂ, ਗੁਰੂ ਕਾ ਲੰਗਰ ਆਦਿ ਨਾਵਾਂ ਬਾਰੇ ਪੁੱਛਣ ਤੇ ਦੱਸਿਆ ਗਿਆ ਕਿ ਇਹ ਗੁਰੂ ਸਾਹਿਬਾਨ ਦੇ ਨਾਵਾਂ ਨਾਲ ਚੱਲ ਰਹੀਆਂ ਸੰਸਥਾਵਾਂ ਸੰਗਤਾਂ ਦੀ ਸੇਵਾ ਨੂੰ ਮੁੱਖ ਰੱਖ ਕੇ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਲੋੜੀਂਦੀ ਸੇਵਾ ਉਥੇ ਮੁਫ਼ਤ ਹੀ ਹੁੰਦੀ ਹੈ।

ਦੂਜੇ ਤੀਜੇ ਦਿਨ ਉਸੇ ਅਮਰੀਕਨ ਸਿੰਘ ਬੀਬੀਆਂ ਦੇ ਜਥੇ ਨੇ ਬਾਜ਼ਾਰਾਂ ਵਿਚ ਕਈ ਦੁਕਾਨਾਂ ਉਤੇ ਜਦ ਗੁਰੂ ਸਾਹਿਬਾਨ ਦੇ ਨਾਵਾਂ ਵਾਲੇ ਬੋਰਡਾਂ ਨੂੰ ਵੇਖਿਆ ਤਾਂ ਹੈਰਾਨੀ ਨਾਲ ਪੁੱਛਣ ਲਗੇ ਕਿ :

ਗੁਰੂ ਨਾਨਕ ਘੀ ਸੈਂਟਰ
ਗੁਰੂ ਰਾਮਦਾਸ ਕੈਮਿਸਟਸ
ਗੁਰੂ ਤੇਗ ਬਹਾਦਰ ਬੈਂਡ
ਗੁਰੂ ਗੋਬਿੰਦ ਸਿੰਘ ਝਟਕਾ ਸ਼ਾਪ
ਗੁਰੂ ਨਾਨਕ ਟੀ ਸਟਾਲ

ਅਤੇ ਇਸ ਤਰ੍ਹਾਂ ਦੇ ਹੋਰ ਅਨੇਕ ਝੂਠ ਬੋਲ ਕੇ ਚਲਾਕੀ ਨਾਲ ਵਸਤਾਂ ਵੇਚਣ ਵਾਲੇ, ਗੁਰੂਆਂ ਦੇ ਪਵਿੱਤਰ

ਨਾਵਾਂ ਨੂੰ ਜੋੜ ਕੇ ਵਪਾਰ ਕਿਸ ਤਰ੍ਹਾਂ ਅਤੇ ਕਿਉਂ ਕਰ ਰਹੇ ਹਨ?

ਧਿਆਨ ਦੇਣ ਯੋਗ ਇਹ ਗੱਲ ਸੁਣ ਕੇ ਸੁਣਨ ਵਾਲਿਆਂ ਦੀਆਂ ਅੱਖਾਂ ਨੀਵੀਆਂ ਪੈ ਗਈਆਂ ਅਤੇ ਸਿਰ ਸ਼ਰਮਸਾਰੀ ਨਾਲ ਝੁੱਕ ਗਏ।

5. ਅਸੀਂ ਸਾਰੇ ਗੁਰੂ ਕੇ ਸਿੱਖ ਅਖਵਾਉਣ ਵਾਲੇ ਦਸ ਗੁਰੂ ਸਾਹਿਬਾਨ ਅੰਦਰ ਇਕ ਜੋਤ ਹੀ ਕੰਮ ਕਰਦੀ ਮੰਨਦੇ ਹਾਂ। ਇਸ ਪਰਥਾਏ ਸ੍ਰੀ ਗੁਰੂ ਗਰੰਥ ਸਾਹਿਬ ਵਿਚ -

ਜੋਤਿ ਓਹਾ, ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ॥

(ਪੰਨਾ ੯੬੬)

ਨਾਨਕੁ ਤੂ, ਲਹਣਾ ਤੂਹੈ,
ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨ ਸਾਧਾਰਿਆ॥

(ਪੰਨਾ ੯੬੮)

ਗੁਰਬਾਣੀ ਦੀਆਂ ਉਪਰਲੀਆਂ ਪੰਗਤੀਆਂ ਦੇ ਆਧਾਰ ਤੇ ਹੀ ਅਸੀਂ ਸਾਰੇ ਦਸਾਂ ਪਾਤਸ਼ਾਹੀਆਂ ਨੂੰ ਜਿਥੇ ਇਕੋ ਜੋਤ ਮੰਨਦੇ ਹਾਂ ਉਥੇ ਅੱਜਕਲ੍ਹ ਦੇ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਦਸਾਂ ਪਾਤਸ਼ਾਹੀਆਂ ਦੀ ਜੋਤ ਕਹਿੰਦੇ ਵੀ ਹਾਂ ਅਤੇ ਮੰਨਦੇ ਵੀ ਹਾਂ।

ਜੁਗੋ-ਜੁਗੋ ਅਟਲ ਗੁਰੂ, ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਨਵੀਂ ਪਿਰਤ ਚੱਲ ਪਈ ਹੈ ਜਿਸ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਪ੍ਰਤੱਖ ਗੁਰੂ ਦੇ ਹੁੰਦਿਆਂ ਅਤੇ ਉਸ ਦੇ ਸਨਮੁਖ ਇਕ ਥਾਂ ਕਿਸੇ ਇਕ ਗੁਰ ਵਿਅਕਤੀ ਨੂੰ ਉਚੇਚਾ ਆਦਰ ਭੇਟ ਕਰਦਿਆਂ ਵੱਖਰਾ ਦੋਹਰਾ ਪੜ੍ਹਿਆ ਜਾਣਾ ਅਤੇ ਦੂਜੀ ਥਾਂ ਕਿਸੇ ਗੁਰੂ ਵਿਅਕਤੀ ਸਬੰਧੀ ਉਚੇਚਾ ਆਦਰ ਭੇਟ ਕਰਦਿਆਂ , ਉਸ ਨਾਲ ਸਬੰਧਤ ਕੋਈ ਹੋਰ ਦੋਹਰਾ ਪੜ੍ਹਨਾ ਜਿਵੇਂ ਦਿੱਲੀ ਦੇ ਗੁਰਦੁਆਰਾ ਸੀਸ ਗੰਜ ਵਿਚ -

ਤੇਹ ਬਹਾਦਰ ਕੋ ਚਲਿਤ
ਭਇਉ ਜਗਤ ਕੋ ਸ਼ੋਕ।
ਹੈ ! ਹੈ ! ਹੈ ! ਸਭ ਜਗ ਭਇਓ,
ਜੈ ! ਜੈ ! ਜੈ ਸੁਰ ਲੋਕ।

ਗੁਰਦੁਆਰਾ ਮੋਤੀ ਬਾਗ ਦਿੱਲੀ ਵਿਚ - ਖੰਡਾ ਜਾ ਕੇ ਹਾਥ ਮੈ ਕਲਗੀ ਸੋਹੈ ਸੀਸ।
ਸੋ ਹਮਰੀ ਰਖਿਆ ਕਰੇ
ਕਲਗੀਧਰ ਜਗਦੀਸ।

ਇਸੇ ਤਰ੍ਹਾਂ ਗੁਰਦੁਆਰਾ ਬੰਗਲਾ ਸਾਹਿਬ ਵਿਚ -

ਸ੍ਰੀ ਹਰਿ ਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖ ਜਾਇ॥

ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਗੁਰੂ ਰਾਮਦਾਸ ਜੀ ਬਾਰੇ ਉਚੇਚੇ 'ਸੋਢੀ ਪਾਤਸ਼ਾਹ' ਆਦਿ ਕਈ ਵਾਰ ਦੁਹਰਾਉਣਾ।

ਗੁਰੂ ਹਰਗੋਬਿੰਦ ਸਾਹਿਬ ਨਾਲ ਸਬੰਧਤ ਜਾਂ ਵੈਸੇ ਹੀ ਉਨ੍ਹਾਂ ਦੇ ਨਾਂ ਨਾਲ ਰੱਖੇ ਗੁਰਦੁਆਰੇ ਵਿਚ 'ਮੀਰੀ ਪੀਰੀ ਦੇ ਮਾਲਕ' ਆਦਿ ਸ਼ਬਦਾਂ ਦਾ ਉਚੇਚਾ ਉਚਾਰਨ ਕਰਨਾ ਜਾਂ ਦੁਹਰਾਉਣਾ, ਉਹ ਵੀ ਪ੍ਰਤੱਖ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਉਹਨਾਂ ਦੇ ਸਾਹਮਣੇ, ਕੀ ਉਹਨਾਂ ਦੀ ਇਕ ਜੋਤ ਜਾਂ ਇਕ ਰੂਪ ਵਿਚ ਅੰਤਰ ਪ੍ਰਗਟਾਉਣ ਵਾਲੀ ਗੱਲ ਨਹੀਂ? ਵਿਚਾਰਨ ਯੋਗ ਗੱਲ ਹੈ।

6. ਜਦ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਦਸਾਂ ਪਾਤਸ਼ਾਹੀਆਂ ਦੀ ਜੋਤ ਅਤੇ ਜੁਗੋ-ਜੁਗ ਅਟੱਲ ਗੁਰੂ ਮੰਨਦੇ ਹਾਂ ਅਤੇ ਕਹਿੰਦੇ ਹਾਂ ਕਿ ਚਵਰ ਤਖ਼ਤ ਦੇ ਮਾਲਕ ਹੁਣ ਇਹੋ ਹਨ, ਤਾਂ ਇਨ੍ਹਾਂ ਦੀ ਹਜ਼ੂਰੀ ਵਿਚ ਕੋਈ ਹੋਰ ਵਿਅਕਤੀ ਪ੍ਰਧਾਨਗੀ ਕਰਨ ਦਾ ਅਧਿਕਾਰ ਕੀ ਰੱਖ ਸਕਦਾ ਹੈ? ਵਿਚਾਰਨ ਯੋਗ ਗੱਲ ਹੈ।

ਕਈ ਵਾਰ ਸੁਣਿਆ-ਵੇਖਿਆ ਗਿਆ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ ਦਰਬਾਰ ਜਾਂ ਕਵੀ ਦਰਬਾਰ ਦੀ ਪ੍ਰਧਾਨਗੀ ਜਾਂ ਉਦਘਾਟਨ ਆਦਿ ਕਿਸੇ ਮਾਇਆ-ਧਾਰੀ, ਨਾਮਧਰੀਕ ਆਗੂ-ਲੀਡਰ, ਕਿਸੇ ਮੰਤਰੀ-ਸੰਤਰੀ ਜਾਂ ਕਿਸੇ ਸੰਤ-ਬਾਬੇ ਪਾਸੋਂ ਕੀਤਾ-ਕਰਾਇਆ ਜਾਂਦਾ ਹੈ। ਕੀ ਇਹ ਠੀਕ ਹੈ?

ਮਾਇਆਧਾਰੀ ਜਾਂ ਚੌਧਰੀਆਂ ਨੂੰ ਖੁਸ਼ ਕਰਨ ਲਈ ਇਸ ਤਰ੍ਹਾਂ ਦੇ ਚੌਂਚਲੇ ਗੁਰਦੁਆਰਾ ਸਾਹਿਬ ਤੋਂ ਬਾਹਰ ਕਰ ਲੈਣੇ ਚਾਹੀਦੇ ਹਨ ਜਿਥੇ ਗੁਰੂ ਮਹਾਰਾਜ ਦਾ ਪ੍ਰਕਾਸ਼ ਨਾ ਹੋਇਆ ਹੋਵੇ।

7. ਗੁਰਬਾਣੀ ਪੜ੍ਹਨ-ਸੁਣਨ ਵਾਲਿਆਂ ਨੂੰ ਪਤਾ ਹੀ ਹੈ ਕਿ ਸੁਖਮਨੀ ਸਾਹਿਬ ਦੇ 24 ਸਲੋਕ ਅਤੇ 24 ਅਸ਼ਟਪਦੀਆਂ ਹਨ। ਇਹ ਬਾਣੀ ਆਪਣੇ ਆਪ ਵਿਚ ਸੰਪੂਰਨ (ਮੁਕੰਮਲ) ਹੈ। ਪਰ ਬਹੁਤੀ ਥਾਈਂ ਇਸ ਪਾਠ ਦਾ ਭੋਗ ਇਸ ਬਾਣੀ ਦੀ ਸਮਾਪਤੀ ਉਪਰ ਪਾਉਣ ਦੀ ਥਾਂ ਇਸ ਤੋਂ ਅਗਲੀ ਬਾਣੀ ਦੇ ਦੋ ਸਲੋਕ ਅਤੇ ਦੋ ਪਉੜੀਆਂ ਪੜ੍ਹ ਕੇ ਪਾਇਆ ਜਾਂਦਾ ਵੇਖਿਆ ਸੁਣਿਆ ਜਾਂਦਾ ਹੈ।

ਕਾਰਨ ਪੁੱਛਣ ਤੇ ਕੋਈ ਵੀ ਤਸੱਲੀ-ਬਖਸ਼ ਉੱਤਰ ਨਹੀਂ ਦੇਂਦਾ। ਦੇਵੇ ਵੀ ਤਾਂ ਜੇ ਕਿਸੇ ਨੂੰ ਕੁਝ ਪਤਾ ਹੋਵੇ। ਦੇਖਾ ਦੇਖੀ, ਕਿ ਫਲਾਣੀ ਥਾਂ ਇਸ ਤਰ੍ਹਾਂ ਹੁੰਦਾ ਹੈ ਜਾਂ ਫਲਾਣੇ ਗੁਰਦੁਆਰੇ ਜਾਂ ਸਭ ਥਾਂ ਇਸ ਤਰ੍ਹਾਂ ਹੁੰਦਾ ਹੈ, ਸੁਣ ਕੇ ਬਿਨਾਂ ਵਿਚਾਰ ਉਸ ਤਰ੍ਹਾਂ ਕਰੀ ਜਾਣ ਦਾ ਰਿਵਾਜ ਦਿਨੋ ਦਿਨ ਹੀ ਵਧਦਾ ਜਾ ਰਿਹਾ ਹੈ।

ਪਾਠਕਾਂ ਦੀ ਜਾਣਕਾਰੀ ਲਈ ਜ਼ਰੂਰੀ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਉਪਰੋਕਤ ਦੋਵੇਂ ਬਾਣੀਆਂ (ਸੁਖਮਨੀ ਸਾਹਿਬ) ਅਤੇ (ਥਿਤੀ), ਗਉੜੀ ਰਾਗ ਵਿਚ ਦਰਜ ਹਨ ਅਤੇ ਇਹ ਆਪੋ ਆਪਣੀ ਥਾਂ ਸੰਪੂਰਨ ਬਾਣੀਆਂ ਹਨ ਜਿਨ੍ਹਾਂ ਦਾ ਆਪਸ ਵਿਚ ਕੋਈ ਸੰਬੰਧ ਨਹੀਂ। ਜਿਸ ਤਰ੍ਹਾਂ ਸੁਖਮਨੀ ਸਾਹਿਬ ਦੇ 24 ਸਲੋਕ ਅਤੇ 24 ਅਸ਼ਟਪਦੀਆਂ ਹਨ, ਉਸੇ ਤਰ੍ਹਾਂ 'ਥਿਤੀ' ਬਾਣੀ ਦੇ 17 ਸਲੋਕ ਅਤੇ 17 ਪਉੜੀਆਂ ਹਨ। ਜਦ ਇਹ ਦੋਵੇਂ ਬਾਣੀਆਂ ਆਪੋ ਆਪਣੀ ਥਾਂ ਮੁਕੰਮਲ ਬਾਣੀਆਂ ਹਨ ਅਤੇ ਇਨ੍ਹਾਂ ਦਾ ਆਪਸ ਵਿਚ ਕੋਈ ਸੰਬੰਧ ਨਹੀਂ ਤਾਂ ਫਿਰ ਸੁਖਮਨੀ ਸਾਹਿਬ ਦਾ ਭੋਗ ਇਸ ਦੀ ਸਮਾਪਤੀ ਉਪਰ ਕਿਉਂ ਨਹੀਂ ਪਾਇਆ ਜਾਂਦਾ? ਅਗਲੀ ਬਾਣੀ 'ਥਿਤੀ' ਦੇ ਦੋ ਸਲੋਕ ਅਤੇ ਦੋ ਪਉੜੀਆਂ ਪੜ੍ਹ ਕੇ ਕਿਉਂ ਪਾਇਆ ਜਾਂਦਾ ਹੈ? ਜਦ ਕਿ ਇਸ ਤਰ੍ਹਾਂ ਕਰਨ ਦਾ ਆਦੇਸ਼ ਜਾਂ ਮਰਯਾਦਾ ਗੁਰੂ ਸਾਹਿਬ ਦੇ ਸਮੇਂ ਜਾਂ ਉਹਨਾਂ ਤੋਂ ਮਗਰੋਂ ਕਿਧਰੇ ਲਿਖਤ ਰੂਪ ਵਿਚ ਨਹੀਂ ਮਿਲਦੀ। ਬਿਨਾਂ ਸੋਚੇ ਬਿਨਾਂ ਵਿਚਾਰੇ ਦੇਖਾ ਦੇਖੀ ਕਰਨ ਲਗ ਜਾਣਾ ਕੀ ਮਨਮਤ ਨਹੀਂ?

'ਸਿੱਖ ਰਹਿਤ ਮਰਯਾਦਾ' ਅਨੁਸਾਰ ਜਦ ਆਦੇਸ਼ ਹੈ ਕਿ ਅਖੰਡ ਪਾਠ ਦੀ ਸਮਾਪਤੀ ਸਥਾਨਕ ਰੀਤੀ ਅਨੁਸਾਰ 'ਮੁੰਦਾਵਣੀ' ਜਾ ਰਾਗਮਾਲਾ ਪੜ੍ਹ ਕੇ ਕੀਤੀ ਜਾਏ ਤਾਂ ਕਈ ਥਾਂ ਰਾਗਮਾਲਾ ਪੜ੍ਹ ਕੇ ਫਿਰ ਪੂਰਨ ਜਪੁ ਜੀ ਸਾਹਿਬ ਜਾਂ ਪੰਜ ਪਉੜੀਆਂ ਪੜ੍ਹ ਕੇ ਸਮਾਪਤੀ ਪਤਾ ਨਹੀਂ ਕਿਉਂ ਕੀਤੀ ਜਾਂਦੀ ਹੈ?

8. ਅਠਵੀਂ ਵਿਚਾਰਨ ਯੋਗ ਗੱਲ ਇਹ ਹੈ ਕਿ ਅਸੀਂ ਇਹ ਭੁੱਲਦੇ ਕਿਉਂ ਜਾ ਰਹੇ ਹਾਂ ਕਿ ਅਸੀਂ ਉਸ ਖ਼ਾਲਸਾ ਪਰਿਵਾਰ ਦੇ ਮੈਂਬਰ ਹਾਂ ਜਿਸ ਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699 ਦੀ ਵੈਸਾਖੀ ਨੂੰ ਕੀਤੀ ਸੀ?

ਖ਼ਾਲਸਾ ਸਾਜਣ ਵੇਲੇ ਗੁਰੂ ਪਾਤਸ਼ਾਹ ਨੇ ਸਿੱਖਾਂ ਪਾਸੋਂ ਇਹ ਪੰਜ ਪ੍ਰਣ ਲਏ ਸਨ ...

1. **ਧਰਮ ਨਾਸ਼** - ਭਾਵ ਖ਼ਾਲਸਾ ਧਰਮ ਧਾਰਨ ਕਰਨ ਅਰਥਾਤ ਅੰਮ੍ਰਿਤ ਛਕਣ ਸਮੇਂ ਤੋਂ ਪਹਿਲੇ (ਪਿਛਲੇ) ਧਰਮ ਨਾਲੋਂ ਆਪਣਾ ਨਾਤਾ (ਰਿਸ਼ਤਾ) ਤੋੜਨਾ।

2. **ਕਰਮ ਨਾਸ਼** - ਪੁਰਾਣੇ ਕੀਤੇ ਕਰਮ, ਜਿਨ੍ਹਾਂ ਕਰਕੇ ਹਿੰਦੂ ਵਿਸ਼ਵਾਸ ਅਨੁਸਾਰ ਉਸ ਦਾ ਕਿਸੇ ਵਿਸ਼ੇਸ਼ ਜਾਤੀ ਵਿਚ ਜਨਮ ਹੋਇਆ ਸੀ, ਨੂੰ ਭੁੱਲ ਜਾਣਾ।

3. **ਕੁਲ ਨਾਸ਼** - ਆਪਣੀ ਪਿਛਲੀ ਕੁਲ ਨਾਲੋਂ ਸੰਬੰਧ ਤੋੜ ਲੈਣਾ। ਅਰਥਾਤ ਬ੍ਰਾਹਮਣ, ਖੱਤਰੀ, ਅਰੋੜਾ, ਜੱਟ, ਤਰਖਾਣ ਆਦਿ ਜਾਤਾਂ-ਗੋਤਾਂ ਨਾਲੋਂ ਟੁੱਟ ਜਾਣਾ।

4. **ਕਿਰਤ ਨਾਸ਼** - ਜਿਵੇਂ ਸ਼ਾਸਤਰ ਨੇ ਵੱਖੋ-ਵੱਖ ਜਾਤੀਆਂ ਲਈ ਵੱਖੋ-ਵੱਖ ਕੰਮ ਕਰਨੇ ਨੀਯਤ ਕੀਤੇ ਹਨ ਅਤੇ ਉਸ ਤੋਂ ਬਗੈਰ ਕਿਸੇ ਹੋਰ ਕੰਮ ਕਰਨ ਦੀ ਪਾਬੰਦੀ ਲਾਈ ਸੀ, ਉਸ ਦਾ ਵੀ ਖਾਤਮਾ ਕਰਨਾ।

5. **ਭਰਮ ਨਾਸ਼** - ਬੇਅੰਤ ਕਿਸਮ ਦੀਆਂ ਪ੍ਰਚਲਤ ਫਜ਼ੂਲ ਰੀਤਾਂ-ਰਸਮਾਂ ਦੇ ਭਰਮਾਂ ਦਾ ਤਿਆਗਣਾ। 'ਗੁਰ ਸੰਗਤ ਕੀਨੀ ਖ਼ਾਲਸਾ' ਅਨੁਸਾਰ ਗੁਰੂ ਪਾਤਸ਼ਾਹ ਨੇ ਆਪਣੀ ਸਿੱਖ ਸੰਗਤ ਨੂੰ ਖ਼ਾਲਸਾ ਰੂਪ ਦੇਣ ਸਮੇਂ ਇਹ ਉਪਰਲੇ ਪੰਜ ਪ੍ਰਣ ਲਏ ਸਨ।

ਬ੍ਰਾਹਮਣੀ ਵਿਸ਼ਵਾਸ ਦੀ ਬੁਨਿਆਦ, ਮਨੁੱਖ ਜਾਤੀ ਦਾ ਜਿਥੇ ਇਕ ਨਾ ਹੋਣਾ ਹੈ ਉਥੇ ਵੱਖ-ਵੱਖ ਜਾਤੀਆਂ ਦੇ ਪੂਜਣਯੋਗ ਦੇਵੀ-ਦੇਵਤਿਆਂ ਅਤੇ ਉਨ੍ਹਾਂ ਦੇ ਦੇਵ-ਮੰਦਰਾਂ ਦਾ ਵੀ ਵੱਖਰਾ ਹੋਣਾ ਹੈ ਪਰ ਇਧਰ ਮਹਾਰਾਜ ਇਸ ਦੇ ਬਿਲਕੁਲ ਉਲਟ ਫੁਰਮਾਉਂਦੇ ਹਨ।

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥

ਗੁਰੂ ਪਾਤਸ਼ਾਹ ਨੇ ਖ਼ਾਲਸਾ ਸਾਜਣ ਵੇਲੇ ਸਿੱਖਾਂ ਤੋਂ ਧਰਮ ਨਾਸ਼, ਕਰਮ-ਨਾਸ਼, ਕੁਲ-ਨਾਸ਼, ਸਰਮ-ਨਾਸ਼ ਅਤੇ ਭਰਮ-ਨਾਸ਼ ਦਾ ਪ੍ਰਣ ਲੈ ਕੇ ਜਿਥੇ ਉਨ੍ਹਾਂ ਦੇ ਪਿਛਲੇ ਵਿਸ਼ਵਾਸਾਂ ਨੂੰ ਮੁੱਢ ਤੋਂ ਹੀ ਖਤਮ ਕਰ ਦਿਤਾ ਉਥੇ :

"ਸਤਿਗੁਰ ਕੇ ਜਨਮੇ ਗਵਨ ਮਿਟਾਇਆ"

ਅਨੁਸਾਰ ਉਨ੍ਹਾਂ ਅੰਦਰ ਗੁਰੂ-ਘਰ ਵਿਚ ਨਵਾਂ ਜਨਮ ਹੋਣ ਦੀ ਦ੍ਰਿੜ੍ਹਤਾ ਵੀ ਪੈਦਾ ਕੀਤੀ।

ਗੁਰੂ ਪਾਤਸ਼ਾਹ ਦੀ ਜਾਤ-ਪਾਤ ਦੀ ਵੰਡ ਦੇ ਵਿਰੁੱਧ ਇਤਨਾ ਠੋਸ (ਨਿੱਗਰ) ਅਤੇ ਮਹੱਤਵਪੂਰਨ ਕਦਮ ਚੁੱਕਣ ਦੇ ਪਿਛੇ ਪਹਿਲੇ ਗੁਰੂ ਪਾਤਸ਼ਾਹ ਦੇ ਕਹੇ ਹੋਏ-ਬਚਨਾਂ -

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਾਵਾਰਾ॥
ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥

ਅਨੁਸਾਰ ਹੀ ਸੀ ਅਤੇ ਲੋਕਾਂ ਅੰਦਰ ਆਪਸੀ ਮਤ ਭੇਦ ਅਤੇ ਘ੍ਰਿਣਾ ਜੋ ਕਿ ਬਹੁਤੀ ਜਾਤ-ਅਭਿਮਾਨ ਕਰਕੇ ਹੀ ਪੈਦਾ ਹੁੰਦੀ ਸੀ, ਨੂੰ ਮੂਲੋਂ ਹੀ ਹਮੇਸ਼ਾ ਲਈ ਦੂਰ ਕਰਨਾ ਸੀ।

ਇਹੋ ਕਾਰਨ ਹੈ ਕਿ 1699 ਦੀ ਵੈਸਾਖੀ (ਖ਼ਾਲਸਾ ਸਾਜਣ) ਸਮੇਂ ਤੋਂ 1850 ਈ. (ਸਿੱਖ ਰਾਜ ਦੇ ਖਾਤਮੇ ਤੱਕ) ਇਤਿਹਾਸ ਵਿਚ ਕੋਈ ਐਸੀ ਉਦਾਹਰਨ ਨਹੀਂ ਮਿਲਦੀ ਦਿਸਦੀ ਜਿਸ ਤੋਂ ਪਤਾ ਲੱਗੇ ਕਿ ਸਿੰਘ ਇਕ ਦੂਜੇ ਨੂੰ ਗੋਤ ਦੇ ਨਾਂ ਨਾਲ ਬੁਲਾਉਂਦੇ ਸਨ।

ਹਾਂ - ਅਠ੍ਹਾਰਵੀਂ ਸਦੀ ਵਿਚ ਸਿੱਖ ਕੌਮ ਦੇ ਪ੍ਰਮੁਖ ਆਗੂ ਸ. ਜੱਸਾ ਸਿੰਘ ਆਹਲੂਵਾਲ ਪਿੰਡ ਦੇ ਅਤੇ ਸ: ਜੱਸਾ ਸਿੰਘ ਈਚਗਿਲ ਪਿੰਡ ਦੇ ਜੰਮਪਲ ਇਕੋ ਸਮੇਂ ਹੋਣ ਕਾਰਨ, ਉਨ੍ਹਾਂ ਦੇ ਨਾਵਾਂ ਨੂੰ ਨਿਖੇੜਨ ਲਈ ਇਕ ਦਾ ਨਾਂ ਜੱਸਾ ਸਿੰਘ ਆਹਲੂਵਾਲੀਆ ਅਤੇ ਦੂਜੇ ਦਾ ਨਾਂ ਜੱਸਾ ਸਿੰਘ ਰਾਮਗੜ੍ਹੀਆ ਕਿਹਾ ਜਾਂਦਾ ਸੀ। (ਰਾਮਗੜ੍ਹ ਦੇ ਸ. ਜੱਸਾ ਸਿੰਘ ਪਿੱਛੋਂ ਤਰਖਾਣ ਅਤੇ ਆਹਲੂਵਾਲ ਦੇ ਸ. ਜੱਸਾ ਸਿੰਘ ਪਿੱਛੋਂ ਕਲਾਲ ਹੋਣ ਕਾਰਨ ਇਨ੍ਹਾਂ ਮਗਰੋਂ ਸਾਰੇ ਕਲਾਲ ਆਹਲੂਵਾਲੀਏ ਅਤੇ ਲਗਭਗ ਸਾਰੇ ਤਰਖਾਣ ਰਾਮਗੜ੍ਹੀਏ ਅਖਵਾਉਣ ਲਗ ਪਏ ਜਦ ਕਿ ਇਹ ਦੋਵੇਂ ਜਾਤਾਂ ਜਾਂ ਗੋਤਾਂ ਨਹੀਂ ਸਨ।

ਸਾਡੇ ਵਿਚ ਆਪਣੇ ਨਾਵਾਂ ਨਾਲ ਜਾਤ-ਗੋਤ ਲਿਖਣ ਦਾ ਜਾਂ ਸੱਦਣ ਦਾ ਰਿਵਾਜ ਜ਼ਿਆਦਾਤਰ ਦੇਸ਼ ਦੀ ਵੰਡ (1947) ਮਗਰੋਂ ਹੀ ਪਿਆ। ਪਹਿਲਾਂ ਇਸ ਦੀ ਹੋਂਦ ਕਿਧਰੇ ਘੱਟ ਹੀ ਵੇਖਣ ਵਿਚ ਆਉਂਦੀ ਸੀ। ਪਰ ਹਿੰਦੂਆਂ ਵਿਚ ਜਾਤੀ ਵੰਡ ਜਿਥੇ ਆਦਿ ਕਾਲ ਤੋਂ ਚਲੀ ਆ ਰਹੀ ਹੈ ਉਥੇ ਉਨ੍ਹਾਂ ਵਿਚ ਉੱਚ ਜਾਤੀਆਂ ਵਿਚ ਜਾਤ-ਘੁਮੰਡ ਦੀ ਪਕੜ ਵੀ ਬਹੁਤ ਸੀ ਅਤੇ ਪਹਿਲਾਂ ਤੋਂ ਹੀ ਚਲੀ ਆ ਰਹੀ ਸੀ।

ਦੇਸ਼ ਦੀ ਵੰਡ ਮਗਰੋਂ ਇਨ੍ਹਾਂ ਦੀ ਭਾਰਤ ਵਿਚ ਗਿਣਤੀ 82 ਪ੍ਰਤੀਸ਼ਤ ਹੋ ਜਾਣ ਕਾਰਨ ਅਤੇ ਰਾਜ-ਭਾਗ ਵਿਚ ਵੀ ਅਧਿਕ ਗਿਣਤੀ ਅਤੇ ਰਾਜ-ਮਦ ਦਾ ਅਸਰ, ਪ੍ਰਭਾਵ ਜਿਥੇ ਸਾਡੇ ਸਿੱਖਾਂ ਉਤੇ ਪੈਣਾ ਮੁਸ਼ਕਲ ਨਹੀਂ ਸੀ ਉਥੇ ਸਾਨੂੰ ਕਮਜ਼ੋਰ ਕਰਨ ਲਈ ਜਾਤ ਬ੍ਰਾਦਰੀ ਵੰਡ ਨੂੰ ਮਹੱਤਤਾ ਦੇਣ ਕਾਰਨ ਸਾਡੀ ਖ਼ਾਲਸਾ ਪਰਵਾਰ ਦੀ ਹੋਂਦ ਦੀ ਪ੍ਰਪੱਕਤਾ ਵਿਚ ਫਰਕ ਪੈਣਾ ਸ਼ੁਰੂ ਹੋ ਗਿਆ। ਜਿਸ ਦੇ ਸਿੱਟੇ ਵਜੋਂ ਸਿੱਖ 'ਖ਼ਾਲਸਾ' ਰਹਿਣ ਦੀ ਬਜਾਏ ਪਹਿਲਾਂ ਜੱਟ, ਖੱਤਰੀ, ਰਾਮਗੜ੍ਹੀਏ ਰੰਗਰੇਟੇ, ਆਹਲੂਵਾਲੀਏ, ਸੈਣੀ, ਕੋਹਲੀ ਆਦਿ ਭਾਂਤ-ਭਾਂਤ ਦੀਆਂ ਜਾਤ ਬ੍ਰਾਦਰੀਆਂ ਵਿਚ ਵੰਡੇ ਜਾਣ ਲਗ ਪਏ।

ਇਥੇ ਹੀ ਬਸ ਨਹੀਂ, ਹਰ ਇਕ ਨੇ ਪਹਿਲਾਂ ਆਪਣਾ ਗੁਰਦੁਆਰਾ ਕਾਇਮ ਕੀਤਾ ਫਿਰ ਆਪੋ ਆਪਣੀਆਂ ਜਾਤ-ਬ੍ਰਾਦਰੀਆਂ ਦੇ ਨਾਵਾਂ ਉਤੇ ਆਸ਼ਰਮ-ਭਵਨ ਸਕੂਲ-ਕਾਲਜ ਅਤੇ

ਕਲੋਨੀਆਂ ਆਦਿ ਕਾਇਮ ਕਰਨ ਲਗ ਪਏ ਅਤੇ ਕਰ ਰਹੇ ਹਨ।

ਅਸੀਂ ਭੁੱਲਦੇ ਜਾ ਰਹੇ ਹਾਂ ਕਿ ਗੁਰੂ ਪਾਤਸ਼ਾਹ ਨੇ ਖ਼ਾਲਸਾ ਸਾਜਣ ਸਮੇਂ ਸਾਨੂੰ ਜਿਥੇ ਪਿਛਲੀ ਧਰਮ ਨਾਸ, ਕਰਮ ਨਾਸ, ਕੁਲ ਨਾਸ, ਸਰਮ ਨਾਸ ਅਤੇ ਭਰਮ ਨਾਸ ਕਰ ਦੇਣ ਦਾ ਹੁਕਮ ਕਰ ਦਿਤਾ ਸੀ, ਉਥੇ ਉਨ੍ਹਾਂ ਨੇ ਸਾਨੂੰ ਜਾਤ-ਬ੍ਰਾਦਰੀਆਂ ਦੇ ਵਖਰੇਵਿਆਂ ਨੂੰ ਭੁਲਾ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ' ਅਤੇ 'ਖ਼ਾਲਸਾ ਅਕਾਲ ਪੁਰਖ ਦੀ ਫੌਜ' ਹੋਣ ਦਾ ਮਾਣ ਦਿਤਾ ਸੀ।

ਉਨ੍ਹਾਂ ਸਾਨੂੰ ਇਹ ਵੀ ਤਾਕੀਦ ਕੀਤੀ ਸੀ ਜਦੋਂ ਕਿ ਇਕ ਸਿੰਘ ਦੂਜੇ ਸਿੰਘ ਨੂੰ ਮਿਲੇ ਤਾਂ ਉਹ "ਵਾਹਿਗੁਰੂ ਜੀ ਕਾ ਖ਼ਾਲਸਾ" ਹੋਣ ਦੀ ਇਕ ਦੂਜੇ ਨੂੰ ਚੇਤਾਵਨੀ ਦੇਵੇ-ਪਰ ਅਫਸੋਸ! ਅੱਜ ਇਹ ਸਭ ਕੁਝ ਅਸੀਂ ਭੁੱਲਦੇ ਜਾ ਰਹੇ ਹਾਂ। ਗੁਰੂ ਪਾਤਸ਼ਾਹ ਨੇ

'ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ' ਵਾਲੀ ਅਵਸਥਾ ਵਿਚੋਂ ਕੱਢ ਕੇ ਸਾਨੂੰ ਆਪਣਾ ਪਰਵਾਰ -

ਕਹਿ ਕੇ ਨਿਵਾਜਿਆ ਸੀ। ਪਰ ਅੱਜ ਅਸੀਂ ਗੁਰੂ ਪਰਵਾਰ ਤੋਂ ਨਿਕਲ ਕੇ ਮੁੜ ਜਾਤ-ਗੋਤ ਦੇ ਪਰਵਾਰਾਂ ਵਿਚ ਦਾਖਲ ਹੋਣ ਵਿਚ ਜ਼ਰਾ ਸ਼ਰਮ ਮਹਿਸੂਸ ਨਹੀਂ ਕਰ ਰਹੇ।

ਇਕ ਦੂਜੇ ਨੂੰ ਬੁਲਾਉਣ ਸਮੇਂ ਜਾਤੀ-ਗੋਤੀ ਨਾਮ ਦੀ ਵਰਤੋਂ ਕਰਨ ਦੀ ਰੀਸ ਕਰਨ ਦੀ ਪਹਿਲ ਸਿੱਖ ਮੁਲਾਜ਼ਮਾਂ ਤੋਂ ਹੋਈ ਜਾਪਦੀ ਹੈ ਜਿਨ੍ਹਾਂ ਦੀ ਰਹਿਣੀ-ਬਹਿਣੀ ਅਤੇ ਵਰਤੋਂ ਵਿਹਾਰ ਬਹੁ-ਗਿਣਤੀ ਹਿੰਦੂ ਮੁਲਾਜ਼ਮਾਂ ਨਾਲ ਸੀ ਅਤੇ ਜੋ ਜਾਤੀ-ਨਾਮ ਆਪਸ ਵਿਚ ਆਮ ਵਰਤਦੇ ਸਨ। ਫਿਰ ਇਨ੍ਹਾਂ ਦੀ ਦੇਖਾ-ਦੇਖੀ ਹਰ ਪੜ੍ਹਿਆ-ਅਨਪੜ੍ਹਿਆ, ਗੁਰੂ ਸਾਹਿਬ ਦੇ ਕਥਨ ਅਨੁਸਾਰ :

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥

ਬਿਨਾਂ ਸੋਚੇ, ਬਿਨਾਂ ਵਿਚਾਰੇ ਮਗਰ ਲਗੀ ਜਾ ਰਿਹਾ ਹੈ ਸਾਨੂੰ ਚੇਤੇ ਹੀ ਨਹੀਂ ਰਿਹਾ ਪ੍ਰਤੀਤ ਹੁੰਦਾ ਕਿ ਖ਼ਾਲਸਾ ਅਤੇ ਜਾਤ-ਕੁਲ ਦੋ ਸਵੈ-ਵਿਰੋਧੀ ਗੱਲਾਂ ਹਨ। ਇਹ ਦੋਵੇਂ ਇਕੱਠੀਆਂ ਨਹੀਂ ਚਲ ਸਕਦੀਆਂ। ਜੇ ਅਸੀਂ ਬੇਦੀ-ਸੋਢੀ, ਕੋਹਲੀ, ਢਿਲੋਂ ਜਾਂ ਗਰੇਵਾਲ ਹਾਂ ਤਾਂ ਖ਼ਾਲਸਾ ਨਹੀਂ।

ਸਾਨੂੰ ਫੈਸਲਾ ਕਰਨਾ ਪਵੇਗਾ ਕਿ ਅਸੀਂ ਗੁਰੂ ਖ਼ਾਲਸਾ ਪਰਵਾਰ ਦੇ ਮੈਂਬਰ ਰਹਿਣਾ ਹੈ ਜਾਂ ਕਿਸੇ ਜਾਤ ਬ੍ਰਾਦਰੀ ਦੇ ਮੈਂਬਰ? ਜੇ ਅਸੀਂ ਦੋਵੇਂ ਪਾਸੇ ਰੱਖਣੇ ਹਨ ਤਾਂ ਫਿਰ ਸਾਡੀ ਦਸ਼ਾ ਗੁਰੂ ਪਾਤਸ਼ਾਹ ਦੇ ਫੁਰਮਾਨ "ਮਨਮੁਖ ਬੂਝ ਨ ਪਾਇ" ਵਾਲੀ ਹੋਵੇਗੀ।

ਜਾਤ-ਨਾਮ ਨਿਰੋਲ **'ਬਿਪਰਨ ਕੀ ਰੀਤ'** ਹੈ ਜਿਸ ਨੂੰ ਅਪਨਾਉਣ ਨਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਭਰੋਸਾ ਗਵਾ ਲਵਾਂਗੇ, ਕਿਉਂਕਿ ਗੁਰੂ ਪਾਤਸ਼ਾਹ ਨੇ ਸਪਸ਼ਟ ਕਿਹਾ ਹੈ-

ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨ ਕਰਉ ਇਨ ਕੀ ਪ੍ਰਤੀਤ॥

ਇਸ ਲਈ ਮੇਰੇ ਸਿੱਖ ਵੀਰੋ! ਜ਼ਰਾ ਸੋਚੋ!! ਇਹ ਜਾਤ-ਬ੍ਰਾਦਰੀ ਦੀਆਂ ਵੰਡੀਆਂ ਕੀ ਸਾਡੇ ਵਿਚ ਹਉਮੈ ਨੂੰ ਨਹੀਂ ਵਧਾ ਰਹੀਆਂ? ਕੀ ਇਹ ਸਾਡੇ ਖ਼ਾਲਸਈ ਮਹਿਲ ਨੂੰ ਜਰਜਰਾ ਨਹੀਂ ਕਰ ਰਹੀਆਂ?

ਜਿਸ ਸਿੱਖੀ ਮਹਿਲ ਦੀ ਉਸਾਰੀ ਵਿਚ ਗੁਰੂ ਪਾਤਸ਼ਾਹ ਦੇ ਸਾਹਿਬਜ਼ਾਦੇ ਅਤੇ ਬੇਅੰਤ ਸਿੰਘ ਸਿੰਘਣੀਆਂ ਦੇ ਲਹੂ ਨੇ ਮਿਲ ਕੇ ਗਾਰੇ ਦਾ ਕੰਮ ਕੀਤਾ ਹੋਵੇ ਅਤੇ ਜਿਸ ਦੀ ਮੁਕੰਮਲਤਾ ਵਿਚ ਬੇਅੰਤ ਸਿੱਖ ਬੱਚਿਆਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹੋਣ, ਉਸ ਮਹਿਲ ਨੂੰ ਜਰਜਰਾ ਕਰਨ ਦੇ ਭਾਗੀ ਬਣਨ 'ਚ ਕੀ ਸਾਨੂੰ ਸ਼ਰਮ ਮਹਿਸੂਸ ਨਹੀਂ ਹੋਣੀ ਚਾਹੀਦੀ?

ਗੁਰੂ ਪਾਤਸ਼ਾਹ ਨੇ ਜੱਟਾਂ, ਖਤਰੀਆਂ, ਨਾਈਆਂ, ਛੀਂਬਿਆਂ, ਅਤੇ ਹੋਰ ਸਭ ਤਰ੍ਹਾਂ ਦੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਇਕੋ ਰੂਪ ਵਿਚ ਰਹਿਣੀ-ਬਹਿਣੀ ਅਤੇ ਇਕੋ ਤਰ੍ਹਾਂ ਦੇ ਨਾਮ ਦੇ ਕੇ ਸਾਨੂੰ ਖ਼ਾਲਸਾ ਅਤੇ ਆਪਣਾ ਪਰਿਵਾਰ ਕਿਹਾ ਸੀ, ਅਤੇ ਇਸ ਖ਼ਾਲਸਾ ਪਰਵਾਰ ਉਤੇ ਆਪਣਾ ਪਰਵਾਰ, ਚਾਰੇ ਪੁੱਤਰ, ਪਿਤਾ, ਮਾਤਾ ਆਦਿ ਸਭ ਕੁਝ ਕੁਰਬਾਨ ਕਰਵਾ ਦਿਤੇ ਸਨ। ਪਰ ਅੱਜ ਅਸੀਂ ਗੁਰੂ ਪਰਵਾਰ ਤੋਂ ਬਾਹਰ ਨਿਕਲ ਕੇ ਮੁੜ ਜਾਤ ਬ੍ਰਾਦਰੀਆਂ ਦੀਆਂ ਵੰਡੀਆਂ ਵਿਚ ਪੈ ਕੇ, ਕੀ ਗੁਰੂ ਤੋਂ ਬੇ-ਮੁਖ ਨਹੀਂ ਹੋ ਰਹੇ?

ਇਸ ਤਰ੍ਹਾਂ ਜਾਤ-ਗੋਤ-ਬ੍ਰਾਦਰੀ ਦੇ ਚਕਰਾਂ ਵਿਚ ਪੈਣਾ ਗੁਰੂ ਪਾਤਸ਼ਾਹ ਦੀਆਂ ਕੁਰਬਾਨੀਆਂ ਤੇ ਉਪਕਾਰਾਂ ਨੂੰ ਭੁਲਾਉਣਾ ਕੀ ਅਕ੍ਰਿਤਘਣਤਾ ਵਾਲੀ ਗੱਲ ਨਹੀਂ?

ਜ਼ਰਾ ਨਿਰਪੱਖ ਹੋ ਕੇ ਵਿਚਾਰਨ ਵਾਲੀ ਗੱਲ ਹੈ।

9. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਵਾਰੀ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਸਮੇਂ ਚਾਹੀਦਾ ਤਾਂ ਇਹ ਹੈ ਕਿ ਉਹ ਰਸਤਾ ਪਹਿਲਾਂ ਹੀ ਸਾਫ ਕਰ-ਕਰਾ ਲਿਆ ਜਾਏ ਅਤੇ ਪਾਣੀ ਦਾ ਛਿੜਕਾਉ ਵੀ ਇਸ ਤਰੀਕੇ ਨਾਲ ਹੋ ਜਾਏ ਤਾਂ ਜੋ ਮਿੱਟੀ-ਘੱਟਾ ਸਾਰਾ ਬੈਠ ਜਾਏ।

ਇਹ ਕੰਮ ਸੇਵਾ ਵਜੋਂ ਜੇ ਆਪ ਕੋਲੋਂ ਨਾ ਹੋ ਸਕੇ ਤਾਂ ਥੋੜ੍ਹੇ ਜਿਹੇ ਪੈਸਿਆਂ ਨਾਲ ਸਫਾਈ ਵਾਲੇ ਕੋਲੋਂ ਵੀ ਬੜੀ ਆਸਾਨੀ ਨਾਲ ਕਰਾਇਆ ਜਾ ਸਕਦਾ ਹੈ। ਗੁਰੂ ਪਾਤਸ਼ਾਹ ਦੇ ਸਤਿਕਾਰ ਨੂੰ ਮੁਖ ਰਖਦਿਆਂ ਐਸਾ ਕਰਨਾ ਬੜਾ ਉਤਮ ਅਤੇ ਸ਼ਲਾਘਾਯੋਗ ਕੰਮ ਹੈ।

ਪਰ ਵਿਚਾਰ ਦੀ ਘਾਟ ਕਾਰਨ ਅਤੇ ਦੇਖਾ ਦੇਖੀ ਅਸੀਂ ਬਹੁਤ ਸਾਰੇ ਗੁਰੂ ਕੇ ਸਿੱਖ ਅਖਵਾਉਣ ਵਾਲੇ ਇਕ ਦੋ ਫਰਲਾਂਗ ਦਾ ਲੰਮਾ ਰਸਤਾ, ਇਕ ਗੜਵੀ ਜਾਂ ਇਕ ਜੱਗ ਦੇ ਪਾਣੀ ਨਾਲ ਦੋ-ਦੋ ਚਾਰ ਚਾਰ ਤੁਪਕੇ ਛਿੜਕਾ ਕੇ ਸਾਰ ਲੈਂਦੇ ਹਾਂ ਜਿਸ ਨਾਲ ਧੂੜ ਵੀ ਨਹੀਂ ਬੈਠਦੀ।

ਅਸੀਂ ਸੋਚਦੇ ਹੀ ਨਹੀਂ ਕਿ ਇਸ ਤਰ੍ਹਾਂ ਕਰਨ ਦਾ ਕੀ ਕੋਈ ਲਾਭ ਵੀ ਹੈ? ਜਦ ਕਿ ਰਸਤੇ ਵਿਚ ਕਈ ਵਾਰ ਗੰਦਗੀ ਅਤੇ ਕੂੜੇ ਦੇ ਢੇਰ ਉਸੇ ਤਰ੍ਹਾਂ ਲੱਗੇ ਪਏ ਰਹਿੰਦੇ ਹਨ। ਕਈ ਵਾਰ ਪਸ਼ੂਆਂ ਦੇ ਕੀਤੇ ਗੋਬਰ ਵੀ ਪਏ ਹੁੰਦੇ ਹਨ ਅਤੇ ਮਿੱਟੀ-ਘੱਟਾ ਵੀ ਰਸਤੇ ਵਿਚ ਆਮ ਹੁੰਦਾ ਹੀ ਹੈ।

ਗੁਰੂ ਪਾਤਸ਼ਾਹ ਦੇ ਅਦਬ ਸਤਿਕਾਰ ਨੂੰ ਮੁੱਖ ਰਖਦਿਆਂ ਸਾਡੇ ਲਈ ਇਹ ਗੱਲ ਵੀ ਧਿਆਨ ਯੋਗ ਬਣਦੀ ਹੈ। ♦♦♦

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ: ਭਗਵੰਤ ਸਿੰਘ, ਸੰਤ ਨਗਰ, ਨਵੀਂ ਦਿੱਲੀ

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ-ਜੋਤਿ ਤੇ ਜੁਗਤਿ ਦੇ ਦਸਵੇਂ ਗੁਰੂ-ਵਾਰਸ ਹਨ। ਆਪ ਜੀ ਦਾ 'ਭਵ-ਪ੍ਰਕਾਸ਼' ਸੰਨ 1666 ਈ: ਵਿਚ ਪਟਨਾ ਸਾਹਿਬ ਦੀ ਪਾਵਨ ਤੇ ਪਵਿੱਤਰ ਧਰਤੀ ਉਤੇ ਮਾਤਾ ਗੁਜਰੀ ਜੀ ਦੀ ਕੁਖੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਆਪਣੇ ਜੀਵਨ ਦੇ ਪਹਿਲੇ ਛੇ ਸਾਲ ਪਟਨਾ ਸਾਹਿਬ ਵਿਚ ਹੀ ਬਿਤਾਏ ਸਨ। ਬਚਪਨ ਦੀਆਂ ਖੇਡਾਂ ਭਾਵੇਂ ਨਿੱਕੀਆਂ ਨਿੱਕੀਆਂ ਸਨ, ਪਰ ਉਨ੍ਹਾਂ ਖੇਡਾਂ ਦਾ ਖਿਡਾਰੀ, ਪਿਆਰਾ ਤੇ ਮਨਮੋਹਣਾ ਗੋਬਿੰਦ ਰਾਇ ਤਾਂ ਨਿਕਟ ਭਵਿੱਖ ਵਿਚ ਵਾਪਰਨ ਵਾਲੀਆਂ ਵੱਡੀਆਂ ਖੇਡਾਂ ਵਿਚ ਖੇਡਣ ਦੇ ਸਮਰੱਥ ਬਣਨ ਦਾ ਅਭਿਆਸ ਵੀ ਕਰ ਰਿਹਾ ਸੀ। ਤੀਰਾਂ ਨਾਲ ਘੜਿਆਂ ਨੂੰ ਵਿੰਨ੍ਹਣਾ, ਸ਼ਸਤਰਾਂ ਅਸਤਰਾਂ ਨੂੰ ਧਾਰਨ ਕਰਕੇ ਸ਼ਿਕਾਰੀ ਦਿੱਬ-ਦ੍ਰਿਸ਼ਟ ਰੱਖਣਾ, ਸੋਨੇ ਦੇ ਕੰਗਣਾਂ ਨੂੰ ਗੰਗਾ ਦੇ ਪਾਣੀ ਵਿਚ ਬਿਨਾਂ ਕਿਸੇ ਹਿਤ ਵਗਾਹ ਮਾਰਨਾ, ਹਰ ਕਿਸੇ ਨਾਲ ਪਿਆਰ ਕਰਨਾ, ਪਰ ਕਿਸੇ ਦਾ ਡਰ ਨਾ ਮੰਨਣਾ, ਆਦਿ ਇਹ ਸਾਰੀਆਂ ਖੇਡਾਂ ਗੁਰੂ ਸਾਹਿਬ ਦੇ ਸਬਲ ਜੀਵਨ ਨੂੰ ਸਿਰਜਣ ਵਿਚ ਸਹਾਇਕ ਸਿੱਧ ਹੁੰਦੀਆਂ ਹਨ।

ਜਦੋਂ ਆਪ ਛੇ ਸਾਲ ਦੀ ਉਮਰ ਦੇ ਹੋ ਗਏ ਤਾਂ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਇੱਛਾ ਅਨੁਸਾਰ ਮਾਤਾ ਗੁਜਰੀ ਜੀ ਨੇ ਪਟਨਾ ਸਾਹਿਬ ਛੱਡ ਦਿੱਤਾ ਤੇ ਸਪੁਤ੍ਰ ਗੋਬਿੰਦ ਰਾਇ ਜੀ ਨੂੰ 'ਮਦਰ ਦੇਸ਼' (ਪੰਜਾਬ) ਲੈ ਆਏ। ਇਥੇ ਆਪ ਨੂੰ ਭਾਂਤ-ਭਾਂਤ ਦੀ ਸਿੱਖਿਆ ਦਿਵਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਆਪ ਨੇ ਸੰਸਕ੍ਰਿਤ, ਅਰਬੀ-ਫ਼ਾਰਸੀ, ਬ੍ਰਿਜ ਭਾਸ਼ਾ ਅਤੇ ਪੰਜਾਬੀ ਭਾਸ਼ਾ ਦਾ ਗਿਆਨ ਪ੍ਰਾਪਤ ਕੀਤਾ। ਅਨੇਕਾਂ ਭਾਰਤੀ ਧਰਮ ਤੇ ਸਾਹਿਤ-ਗ੍ਰੰਥਾਂ ਦਾ ਅਧਿਐਨ ਕੀਤਾ; ਸੰਗੀਤ; ਰਸ; ਛੰਦ ਅਤੇ ਕਾਵਿ-ਕਲਾ ਵਿਚ ਵੀ ਪ੍ਰਬੀਨਤਾ ਪ੍ਰਾਪਤ ਕੀਤੀ। ਸ਼ਸਤਰ ਅਤੇ ਸ਼ਾਸਤਰ ਗਿਆਨ ਉਤੇ ਉਹਨਾਂ ਪੂਰਨ ਅਧਿਕਾਰ ਪ੍ਰਾਪਤ ਕਰ ਲਿਆ।

ਇਨ੍ਹੀਂ ਦਿਨੀਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਆਪਣੀ ਨਵੀਂ ਨੀਤੀ ਦਾ ਐਲਾਨ ਕਰਦਿਆਂ ਸ਼ਾਹੀ ਫੁਰਮਾਨ ਜਾਰੀ ਕੀਤਾ ਕਿ ਉਸ ਦੀ ਰਾਜ-ਸੱਤਾ ਵਿਚ ਹਰ ਭਾਰਤਵਾਸੀ ਮੁਸਲਮਾਨੀ ਧਰਮ, ਵਿਸ਼ਵਾਸ, ਵਿਚਾਰ ਤੇ ਪਹਿਰਾਵੇ ਦਾ ਧਾਰਨੀ ਬਣੇ। ਜੋ ਕੋਈ ਵੀ ਇਸ ਸ਼ਾਹੀ ਹੁਕਮ ਦੀ ਉਲੰਘਣਾ ਕਰੇ, ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਫਲਸਰੂਪ ਸਕਤਾ-ਧਾਰੀ ਕਾਰਿੰਦਿਆਂ ਵਲੋਂ ਖ਼ਾਸ ਕਰਕੇ ਹਿੰਦੂ ਧਰਮ ਤੇ ਉਸ ਦੇ ਧਰਮ ਕੇਂਦਰਾਂ ਉਤੇ ਹਮਲੇ ਕੀਤੇ ਗਏ। ਇਤਿਹਾਸਕਾਰਾਂ ਅਨੁਸਾਰ ਹਿੰਦੂਆਂ ਦੇ ਭਾਰੀ ਗਿਣਤੀ ਵਿਚ ਜੰਞੂ ਉਤਾਰ ਦਿੱਤੇ ਜਾਂਦੇ। ਅਜਿਹੀਆਂ ਜ਼ੋਰ-ਜਬਰ ਦੀਆਂ ਕਾਰਵਾਈਆਂ ਦੁਆਰਾ ਜਿਥੇ ਹਿੰਦੂ ਸਮਾਜ ਵਿਚ ਡਰ ਅਤੇ ਸਹਿਮ ਦੇ ਭਾਵ ਉਭਰੇ, ਉਥੇ ਮਾਨਵ-ਹਮਦਰਦੀ ਨਾਲ ਭਿੱਜੇ, ਧਰਮ-ਸੁਤੰਤਰਤਾ ਵਿਚ ਜੀਉਂਦੇ ਤੇ ਆਤਮ-ਗੌਰਵ ਵਿਚ ਵਿਚਰਦੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਵੀ ਕਿਸੇ ਗੰਭੀਰ ਸਥਿਤੀ ਦਾ ਸ਼ਿਕਾਰ ਹੋਣਾ ਪਿਆ।

ਜਿਸ ਦ੍ਰਿੜ੍ਹਤਾ ਤੇ ਜਿਸ ਦਲੇਰੀ ਨਾਲ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਧਾਰਮਿਕ ਸੁਤੰਤਰਤਾ ਦੀ ਰੱਖਿਆ ਲਈ ਦਿੱਲੀ ਵਿਚ ਕੁਰਬਾਨੀ ਦਿੱਤੀ, ਉਸ ਤੋਂ ਹੀ ਅਨੁਮਾਨ ਲਗਦਾ ਹੈ ਕਿ ਨੌਵੇਂ ਪਾਤਸ਼ਾਹ ਨੂੰ ਜਿਥੇ ਸ਼ਾਹੀ ਹੁਕਮਾਂ ਪ੍ਰਤੀ ਰੋਸ ਸੀ, ਉਥੇ ਉਹਨਾਂ ਦੀ ਅੰਤਰ-ਆਤਮਾ ਵਿਚ ਸ਼ਾਹੀ ਹਕੂਮਤ ਵਲੋਂ ਕੀਤੀ ਜਾ ਰਹੀ ਕਾਰਵਾਈ ਪ੍ਰਤੀ ਵੀ ਸਖ਼ਤ ਵਿਰੋਧ ਸੀ। ਅਜਿਹੀ ਅਵਸਥਾ ਵਿਚ ਬਾਲ ਗੋਬਿੰਦ ਰਾਇ ਜੀ ਨੇ ਨਿਰਣਾ ਕਰ ਲਿਆ, ਕਿ 'ਧਰਮ' ਤੇ 'ਸੰਤਾਂ' ਨੂੰ ਉਬਾਰਨਾ ਚਾਹੀਦਾ ਹੈ। ਸੋ ਉਹਨਾਂ ਨੇ ਪਿਤਾ ਗੁਰੂ ਤੇਗ਼ ਬਹਾਦਰ ਜੀ ਨਾਲ ਨਿਆਸਰੇ ਤੇ ਬਲਹੀਨ ਲੋਕਾਂ ਖ਼ਾਤਰ ਬਲੀਦਾਨ ਦੇਣ ਬਾਰੇ ਸਹਿਮਤੀ ਪ੍ਰਗਟ ਕੀਤੀ। ਇਸੇ ਤਰ੍ਹਾਂ ਸੂਰੇ ਗੋਬਿੰਦ ਰਾਇ ਜੀ ਦੇ ਵਿਚਾਰਾਂ ਨੇ ਤਾਂ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਦਿੱਲੀ ਵੱਲ ਚਾਲੇ ਪਾਉਣ ਤੋਂ ਪਹਿਲਾਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਗੁਰੂ-ਘਰ ਦੀ ਰਹੁ-ਰੀਤੀ ਅਨੁਸਾਰ ਸੰਗਤਾਂ ਦਾ ਇਕੱਠ ਕੀਤਾ, ਔਰੰਗਜ਼ੇਬ ਦੀ ਕੁਟਲ ਨੀਤੀ ਦਾ ਮੰਤਵ ਸਪੱਸ਼ਟ ਕਰਦਿਆਂ ਸ਼ਸਤਰ-ਧਾਰਨੀ ਹੋਣ ਦਾ ਹੁਕਮ ਸੁਣਾਇਆ। ਅੰਤ ਵਿਚ ਸਪੁੱਤਰ ਗੋਬਿੰਦ ਰਾਇ ਜੀ ਨੂੰ ਗੁਰ-ਗੱਦੀ ਦਾ ਅਧਿਕਾਰੀ ਬਣਾ ਕੇ ਗੁਰੂ-ਰੂਪ ਵਿਚ ਪ੍ਰਗਟ ਕਰ ਦਿਤਾ। 11 ਨਵੰਬਰ 1675 ਈ: ਨੂੰ ਸ਼ਾਹੀ ਹੁਕਮਾਂ ਨੂੰ ਪਰਵਾਨ ਨਾ ਕਰਦਿਆਂ, ਧਰਮ ਦੀ ਸੁਤੰਤਰਤਾ, ਆਭਾ ਤੇ ਗੌਰਵ ਦੀ ਸੁਰੱਖਿਆ ਨਮਿਤ ਦਿੱਲੀ ਦੇ ਚਾਂਦਨੀ ਚੌਕ ਵਿਖੇ ਜਾਨ ਦੀ ਬਾਜ਼ੀ ਲਾ ਦਿੱਤੀ।

ਦਸਮ ਪਾਤਸ਼ਾਹ ਜੀ ਦੀ ਉਮਰ ਉਸ ਸਮੇਂ ਤਕਰੀਬਨ ਨੌਂ ਸਾਲ ਦੀ ਸੀ, ਪਰ ਆਪ ਬਚਪਨ ਵਿਚ ਹੀ ਦਿੱਬ ਦ੍ਰਿਸ਼ਟੀ ਦੇ ਮਾਲਕ ਸਨ; ਉਤਸ਼ਾਹ ਅਤੇ ਹਿੰਮਤ ਦੇ ਪੁੰਜ ਸਨ; ਨਿਰਭੈ ਅਤੇ

ਅਕਾਲ-ਬਿਰਤੀ ਦੇ ਸੁਆਮੀ ਸਨ, ਸਮ-ਦ੍ਰਿਸ਼ਟੀ ਵਾਲੇ ਅਤੇ ਦ੍ਰਿੜ੍ਹਤਾ ਦੀ ਮੂਰਤ ਸਨ; ਸੰਤ ਸਿਪਾਹੀ ਸਨ; ਯੁੱਧ-ਕਲਾ ਵਿਚ ਪਰਬੀਨ ਸਨ, ਜਬਰ-ਜ਼ੁਲਮ ਨਾਲ ਟੱਕਰ ਲੈਣ ਵਿਚ ਪੂਰੀ ਤਰ੍ਹਾਂ ਸਮਰੱਥ ਸਨ ਅਤੇ ਪੈਰਾਂ 'ਚ ਰੁਲਦੇ ਲੋਕਾਂ ਨੂੰ ਬਾਦਸ਼ਾਹ ਬਣਾਉਣ ਵਾਲੇ ਆਗੂ ਸਨ। ਉਨ੍ਹਾਂ ਨੇ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਮਗਰੋਂ ਸਿੱਖਾਂ ਵਿਚ ਨਿਰਾਸਤਾ ਨਾ ਆਉਣ ਲਈ ਅਜਿਹੇ ਯਤਨ ਕੀਤੇ ਜਿਨ੍ਹਾਂ ਨਾਲ ਮਨੁੱਖ ਸਹੀ ਰੂਪ ਵਿਚ ਧਰਮੀ ਵੀ ਬਣ ਜਾਏ ਤੇ ਸ਼ਕਤੀ-ਪੁੰਜ ਵੀ ਹੋ ਜਾਏ।

ਆਪ ਸੱਚ ਅਤੇ ਸੰਘਰਸ਼ੀ ਜੀਵਨ ਦੇ ਮਾਲਕ ਸਨ। ਉਹਨਾਂ ਦੇ ਜੀਵਨ ਵਿਚਲੀ ਸੰਘਰਸ਼-ਸਮਰੱਥਾ ਤੇ ਸਿਰਜਣਾਤਮਿਕ ਸ਼ਕਤੀ ਦਾ ਪ੍ਰਗਟਾਵਾ ਪਾਉਂਟਾ ਸਾਹਿਬ ਅਤੇ ਅਨੰਦਪੁਰ ਸਾਹਿਬ ਦੀ ਧਰਤੀ ਤੇ ਹੋਇਆ। ਪਾਉਂਟਾ ਸਾਹਿਬ ਵਿਖੇ ਆਪ ਜੀ ਨੇ ਤਕਰੀਬਨ ਤਿੰਨ ਵਰ੍ਹੇ ਨਿਵਾਸ ਕੀਤਾ। ਇਥੋਂ ਜਿਹੜੀ ਕਰਤਾਰੀ ਤੇ ਬੀਰ-ਰਸੀ ਸਾਹਿਤ ਦੀ ਸਿਰਜਣਾ ਹੋਈ, ਉਹ ਜਿਥੇ ਆਪ ਜੀ ਦੀ ਸਿਰਜਣਾਤਮਿਕ ਸ਼ਕਤੀ ਨੂੰ ਪ੍ਰਗਟਾਉਂਦੀ ਹੈ, ਉਥੇ ਉਹਨਾਂ ਦੀ ਦੈਵੀ ਸਮਰੱਥਾ ਨੂੰ ਵੀ ਦਰਸਾਉਂਦੀ ਹੈ। ਇਥੇ ਹੀ ਆਪ ਜੀ ਨੇ ਭਾਰਤੀ ਧਾਰਮਿਕ ਗ੍ਰੰਥਾਂ ਦਾ ਲੋਕ-ਬੋਲੀ ਵਿਚ ਅਨੁਵਾਦ ਕਰਵਾਇਆ। ਆਪ ਜੀ ਦੇ 52 ਕਵੀ-ਸਾਹਿਤਕਾਰਾਂ ਨੇ ਧਾਰਮਿਕ ਅਤੇ ਬੀਰ-ਰਸੀ ਸਾਹਿਤ ਦੀ ਰਚਨਾ ਕੀਤੀ।

ਪਾਉਂਟਾ ਸਾਹਿਬ ਦੀ ਪਾਵਨ ਧਰਤੀ ਉਪਰ ਹੀ ਆਪ ਜੀ ਨੇ ਆਉਣ ਵਾਲੇ ਵਿਰੋਧੀ ਹਮਲਾਵਰਾਂ ਤੋਂ ਸੁਰੱਖਿਅਤ ਰਹਿਣ ਵਾਸਤੇ ਸੈਨਿਕ-ਸ਼ਕਤੀ ਨੂੰ ਕੇਂਦਰਿਤ ਕਰਦਿਆਂ ਆਪਣੇ ਸਿੱਖਾਂ ਨੂੰ ਫ਼ੌਜੀ ਸਿੱਖਿਆ ਦੇਣ ਦਾ ਵੀ ਪ੍ਰਬੰਧ ਕੀਤਾ; ਨਾਲੋ-ਨਾਲ ਫ਼ੌਜੀ ਗਿਣਤੀ ਵੀ ਵਧਾਈ। ਇਥੇ ਹੀ ਪੀਰ ਬੱਧੂ ਸ਼ਾਹ 500 ਪਠਾਣ ਸੈਨਿਕਾਂ ਸਮੇਤ ਗੁਰੂ ਚਰਨਾਂ ਵਿਚ ਹਾਜ਼ਰ ਹੋਇਆ। ਪਹਾੜੀ ਰਾਜਿਆਂ ਵਲੋਂ ਕੀਤੇ ਗਏ ਪਹਿਲੇ ਆਕਰਮਣ ਦਾ ਕਰਾਰਾ ਉੱਤਰ ਦੇਣ ਲਈ ਆਪ ਜੀ ਨੇ ਭੰਗਾਣੀ ਨੂੰ ਆਪਣਾ ਯੁੱਧ-ਮੈਦਾਨ ਮਿਥਦਿਆਂ ਵਿਰੋਧੀ ਦਲਾਂ ਨਾਲ ਜੂਝਣਾ ਪ੍ਰਵਾਨ ਕਰ ਲਿਆ। ਭੰਗਾਣੀ ਦਾ ਯੁੱਧ 1687 ਈ: ਵਿਚ ਹੋਇਆ ਸੀ ਅਤੇ ਇਸ ਨੇ ਦੁਸ਼ਮਣਾਂ ਦੇ ਮਨ 'ਤੇ ਦਸਮ ਪਾਤਸ਼ਾਹ ਜੀ ਦੀ ਸ਼ਕਤੀ ਦਾ ਸਿੱਕਾ ਬਿਠਾ ਦਿੱਤਾ। ਆਪ ਵਿਜਈ ਹੋ ਕੇ ਨਿਤਰੇ ਸਨ ਅਤੇ ਪਹਾੜੀ ਰਾਜਿਆਂ ਨੂੰ ਮੂੰਹ ਦੀ ਖਾਣੀ ਪਈ ਸੀ।

ਭੰਗਾਣੀ ਦੇ ਯੁੱਧ ਦੀ ਜਿੱਤ ਮਗਰੋਂ ਗੁਰੂ ਸਾਹਿਬ ਮੁੜ ਅਨੰਦਪੁਰ ਸਾਹਿਬ ਆ ਗਏ। ਆਉਂਦਿਆਂ ਹੀ ਆਪ ਜੀ ਨੇ ਅਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ, ਨਿਰਮੋਹ ਗੜ੍ਹ, ਹੋਲਗੜ੍ਹ ਤੇ ਫ਼ਤਹਿਗੜ੍ਹ ਕਿਲ੍ਹਿਆਂ ਦੀ ਉਸਾਰੀ ਕੀਤੀ। ਰਣਜੀਤ ਨਗਾਰੇ ਤੇ ਚੋਟ ਮਾਰਨੀ ਅਰੰਭ ਕਰ ਦਿੱਤੀ ਅਤੇ ਨਿਸ਼ਾਨ ਸਾਹਿਬ ਵੀ ਝੁਲਣ ਲੱਗ ਪਏ। ਆਲੇ-ਦੁਆਲੇ ਦੇ ਈਰਖਾਲੂ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਜੀ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿਤੀ। ਫਲਸਰੂਪ 1688 ਈ: ਵਿਚ ਨਦੌਣ ਦਾ ਯੁੱਧ ਤੇ ਕੁਝ ਸਾਲਾਂ ਮਗਰੋਂ ਹੁਸੈਨੀ ਦਾ ਯੁੱਧ ਲੜਨਾ ਪਿਆ। ਭਾਵੇਂ ਇਹੁਨਾਂ ਯੁੱਧਾਂ ਵਿਚ ਜਿੱਤ ਦਾ ਸਿਹਰਾ ਗੁਰੂ ਸਾਹਿਬ ਜੀ ਦੇ ਸਿਰ ਹੀ ਰਿਹਾ ਪਰ ਭਾਰਤੀਆਂ ਦੀ ਅੰਤਰ-ਆਤਮਾ ਵਿਚ ਪਰਵੇਸ਼ ਕਰ ਚੁੱਕੀ ਅਧੋਗਤੀ, ਅਣਖ-ਹੀਣਤਾ ਤੇ ਕਾਇਰਤਾ ਨੇ ਆਪ ਨੂੰ ਕਾਫੀ ਚਿੰਤਾਜਨਕ ਸਥਿਤੀ ਵਿਚ ਪਾ ਦਿੱਤਾ। ਇਨ੍ਹਾਂ ਸਤ-ਹੀਣ ਭਾਰਤੀਆਂ ਨੂੰ ਸਿੰਘ-ਸ਼ੇਰ ਸਜਾਉਣ ਵਾਸਤੇ ਵਿਆਪਕ ਪੱਧਰ ਉਤੇ ਤਿਆਰੀਆਂ ਅਰੰਭ ਦਿਤੀਆਂ। 1699 ਈ: ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਪੁੱਜਣ ਲਈ ਆਪਣੇ ਸਿੱਖ ਸੇਵਕਾਂ ਨੂੰ ਹੁਕਮਨਾਮੇ ਵੀ ਭੇਜ ਦਿੱਤੇ। ਭਰੇ ਇਕੱਠ ਵਿਚ 'ਖ਼ਾਲਸਾ' ਸਾਜਣ ਦਾ ਉਹਨਾਂ ਨੇ ਜੋ ਦਿਬ-ਚਮਤਕਾਰ ਕੀਤਾ, ਉਹ ਬੇ-ਮਿਸਾਲ ਹੈ। ਪੰਜਾਂ ਸਿੱਖਾਂ ਦੀ ਚੋਣ ਕਰਕੇ ਉਹਨਾਂ ਦੀ ਕਾਇਆ ਕਲਪ ਕੀਤੀ; ਪਹਿਲਾਂ ਉਹਨਾਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਉਹਨਾਂ ਪਾਸੋਂ ਆਪ ਅੰਮ੍ਰਿਤ ਗ੍ਰਹਿਣ ਕੀਤਾ। ਇਕੋ ਆਦਰਸ਼, ਇਕੋ ਪੰਥ ਤੇ ਇਕੋ ਸਰੂਪ ਦਾ ਧਾਰਨੀ ਬਣਾ ਕੇ 'ਤੀਸਰ ਪੰਥ' ਨੂੰ ਉਪਜਾਇਆ। ਭਾਰਤੀਆਂ ਦੀ ਅੰਤਰ-ਆਤਮਾ ਵਿਚੋਂ ਪ੍ਰਾਧੀਨਤਾ ਤੇ ਭੈਅ ਦਾ ਵਿਨਾਸ਼ ਕਰਕੇ ਅਧਿਆਤਮਕ ਇਤਿਹਾਸ ਵਿਚ ਜੋ ਕਰਿਸ਼ਮਾ ਕੀਤਾ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਇਤਿਹਾਸ ਦਾ ਅਦੁੱਤੀ ਤੇ ਇਨਕਲਾਬੀ ਕਾਰਨਾਮਾ ਹੈ। ਇਸ ਅਦੁੱਤੀ ਤੇ ਇਨਕਲਾਬੀ ਕਾਰਨਾਮੇ ਨੇ ਭਾਰਤ ਵਾਸੀਆਂ ਦੀ ਜੀਵਨ-ਦ੍ਰਿਸ਼ਟੀ, ਜੀਵਨ-ਵਿਧੀ ਤੇ ਜੀਵਨ-ਵਿਚਾਰਧਾਰਾ ਨੂੰ ਵੀ ਬਦਲ ਦਿਤਾ।

ਗੁਰੂ ਗੋਬਿੰਦ ਸਿੰਘ ਜੀ ਦੇ ਵਧ ਰਹੇ ਪ੍ਰਭਾਵ ਤੋਂ ਤੇ ਸਿੱਖੀ ਦੇ ਹੋ ਰਹੇ ਪਸਾਰ ਤੋਂ ਸ਼ਾਹੀ ਕਾਰਿੰਦੇ ਵੀ ਔਖੇ ਸਨ ਤੇ ਪਹਾੜੀ ਰਾਜੇ ਵੀ ਦੁਖੀ ਸਨ। ਭਾਵੇਂ ਗੁਰੂ ਸਾਹਿਬ ਆਪਣੀ ਬਾਣੀ ਤੇ ਉਪਦੇਸ਼ਾਂ ਵਿਚ ਸਪੱਸ਼ਟ ਕਰ ਚੁੱਕੇ ਸਨ "ਕਿ ਮੇਰਾ ਜੀਵਨ-ਮੰਤਵ ਕਿਸੇ ਦੀ ਗੱਦੀ ਉੱਤੇ ਕਬਜ਼ਾ ਕਰਨਾ ਨਹੀਂ ਅਤੇ ਨਾ ਹੀ ਕਿਸੇ ਇਲਾਕੇ ਉਤੇ ਮੱਲ ਮਾਰਨੀ ਹੈ।" ਪਰ ਤਾਂ ਵੀ ਵਿਰੋਧੀ ਦਲਾਂ ਨੂੰ ਆਪਣੀ ਬਣੀ ਹੋਈ ਰਾਜ-ਆਭਾ ਤੇ ਇੱਜ਼ਤ ਦੇ ਖੁੱਸ ਜਾਣ ਦਾ ਡਰ ਭਾਸਦਾ ਸੀ। ਸੋ ਉਹਨਾਂ 1701, 1702 ਤੇ 1703 ਈ : ਵਿਚ ਗੁਰੂ ਸਾਹਿਬ ਉਤੇ ਕਈ ਆਕਰਮਣ ਕੀਤੇ ਪਰ ਹਰ ਵਾਰੀ ਮੂੰਹ ਦੀ ਖਾਣੀ ਪਈ। ਅਖ਼ੀਰ 1704 ਈ: ਵਿਚ ਮੁਗ਼ਲਾਂ ਤੇ ਪਹਾੜੀ ਰਾਜਿਆਂ ਨੇ ਰਲ ਕੇ ਅਨੰਦਪੁਰ ਸਾਹਿਬ ਉਤੇ ਆਕਰਮਣ ਕੀਤਾ। ਗੁਰੂ ਸਾਹਿਬ ਆਪਣੀ ਸੈਨਿਕ ਸ਼ਕਤੀ ਤੇ ਫ਼ੌਜੀ ਸਿਆਣਪ ਸਦਕਾ ਲਗਭਗ ਅੱਠ ਮਹੀਨੇ ਵਿਰੋਧੀ ਦਲਾਂ

ਦਾ ਮੁਕਾਬਲਾ ਕਰਦੇ ਰਹੇ। ਅੰਤ ਪਹਾੜੀ ਰਾਜਿਆਂ ਅਤੇ ਔਰੰਗਜ਼ੇਬ ਦੇ ਪ੍ਰਤੀਨਿਧੀਆਂ ਵਲੋਂ ਕਸਮਾਂ ਖਾ ਕੇ ਦਿੱਤੇ ਭਰੋਸੇ ਮਗਰੋਂ ਅਨੰਦਪੁਰ ਸਾਹਿਬ ਨੂੰ ਛੱਡਣ ਦਾ ਮਨ ਬਣਾਇਆ।

20-21 ਦਸੰਬਰ ਦੀ ਕਾਲੀ-ਬੋਲੀ ਰਾਤ ਨੂੰ ਆਪ ਜੀ ਆਪਣੇ ਪ੍ਰਵਾਰ ਤੇ ਕੁਝ ਸੌ ਸਿੰਘਾਂ ਨਾਲ ਅਨੰਦਪੁਰ ਸਾਹਿਬ ਤੋਂ ਨਿਕਲ ਤੁਰੇ। ਮੁਗ਼ਲ ਸਿਪਾਹ-ਸਲਾਰਾਂ ਨੇ 'ਕੁਰਾਨ ਸ਼ਰੀਫ਼' ਅਤੇ ਪਹਾੜੀ ਰਾਜਿਆਂ ਨੇ ਗਊ ਦੀਆਂ ਖਾਧੀਆਂ ਕਸਮਾਂ ਨੂੰ ਤਾਕ 'ਤੇ ਰਖਦਿਆਂ ਗੁਰੂ ਸਹਿਬ ਜੀ ਦਾ ਪਿੱਛਾ ਕਰਨ ਲਈ ਆਪਣੀਆਂ ਫ਼ੌਜਾਂ ਲਾ ਦਿੱਤੀਆਂ। ਇਸ ਅਫੜਾ-ਦਫੜੀ ਵਿਚ ਸਰਸਾ ਨਦੀ ਪਾਰ ਕਰਦਿਆਂ ਗੁਰੂ ਸਾਹਿਬ ਦਾ ਪਰਿਵਾਰ ਵਿਛੜ ਗਿਆ। ਗੁਰੂ ਸਾਹਿਬ ਜੀ, ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਤੇ ਕੁਝ ਸਿੰਘਾਂ ਨਾਲ ਚਮਕੌਰ ਦੀ ਕੱਚੀ ਗੜ੍ਹੀ ਵਿਚ ਜਾ ਬਿਰਾਜੇ, ਜਦ ਕਿ ਮਾਤਾ ਗੁਜਰੀ ਜੀ ਨਿੱਕੇ ਦੋ ਸਾਹਿਬਜ਼ਾਦਿਆਂ ਸਮੇਤ ਨਵਾਬ ਦੇ ਕਾਬੂ ਆ ਗਏ। ਵੈਰੀ ਦਲ ਪੂਰੀ ਤਰ੍ਹਾਂ ਪਿੱਛਾ ਕਰ ਰਿਹਾ ਸੀ, ਸੋ ਚਮਕੌਰ ਸਾਹਿਬ ਵਿਖੇ ਘਮਾਸਾਨ ਯੁੱਧ ਹੋਇਆ। ਦੋਵੇਂ ਵੱਡੇ ਸਾਹਿਬਜ਼ਾਦੇ ਸ੍ਵੈ-ਅਣਖ ਦੀ ਰੱਖਿਆ ਨਮਿਤ ਮੈਦਾਨੇ-ਜੰਗ ਵਿਚ ਜੂਝਦੇ ਪਿਤਾ-ਗੁਰੂ ਦੇ ਸਾਹਮਣੇ ਸ਼ਹੀਦ ਹੋ ਗਏ। ਸਿੰਘਾਂ ਦਾ ਹੁਕਮ ਮੰਨਦਿਆਂ ਗੁਰੂ ਜੀ ਨੇ ਨਗਾਰਾ ਵਜਾ ਕੇ, 'ਪੀਰ-ਹਿੰਦ ਮੀਰ ਵਦ' (ਹਿੰਦੂਆਂ ਦਾ ਪੀਰ ਜਾ ਰਿਹਾ ਹੈ) ਦਾ ਨਾਹਰਾ ਮਾਰ ਕੇ ਦੋ ਸਿੰਘਾਂ ਨਾਲ ਚਮਕੌਰ ਸਾਹਿਬ ਦੀ ਗੜ੍ਹੀ ਤੋਂ ਨਿਕਲ ਗਏ। ਰਾਤੋ-ਰਾਤ ਮਾਛੀਵਾੜੇ ਪੁੱਜੇ, ਜਿਥੇ ਗਨੀ ਖਾਂ ਤੇ ਨਬੀ ਖਾਂ ਨਾਮ ਦੇ ਦੋ ਪੁਰਾਣੇ ਸੇਵਕ ਉਹਨਾਂ ਨਾਲ ਸ਼ਾਮਲ ਹੋ ਗਏ। ਇਥੋਂ ਹੀ ਗੁਰੂ ਸਾਹਿਬ ਨੇ ਔਰੰਗਜ਼ੇਬ ਦੇ ਨਾਮ ਫ਼ਾਰਸੀ ਵਿਚ 'ਫ਼ਤਹਿਨਾਮਾ' ਲਿਖ ਕੇ ਭਾਈ ਦਇਆ ਸਿੰਘ ਜੀ ਦੇ ਰਾਹੀਂ ਬਾਦਸ਼ਾਹ ਨੂੰ ਔਰੰਗਾਬਾਦ ਪਹੁੰਚਾ ਦਿਤਾ। ਇਸ 'ਫ਼ਤਹਿਨਾਮੇ' ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ ਦ੍ਰਿੜ੍ਹਤਾ ਤੇ ਦਲੇਰੀ ਦਾ ਅਨੁਭਵ ਹੁੰਦਾ ਹੈ। ਗੁਰੂ ਜੀ ਨੇ ਅੱਗੇ ਦੀਨੇ ਪਿੰਡ ਪਹੁੰਚ ਕੇ 'ਜ਼ਫ਼ਰਨਾਮਾ' ਦੇ ਰੂਪ ਵਿਚ ਇਕ ਹੋਰ ਪੱਤਰਕਾ ਲਿਖ ਭੇਜੀ। ਇਸ 'ਜ਼ਫ਼ਰਨਾਮਾ' (ਵਿਜੈ-ਪੱਤਰ) ਵਿਚ ਹੋਰ ਗੱਲਾਂ ਤੋਂ ਛੁਟ ਸ੍ਵੈ-ਦਾਸਤਾਨ ਦਾ ਵਿਸਥਾਰ ਦਿੱਤਾ, ਮਨੋਵਿਗਿਆਨਕ ਸੁਘੜਤਾ ਨਾਲ ਔਰੰਗਜ਼ੇਬ ਨੂੰ ਕੀਤੇ ਵਿਸਾਹਘਾਤ ਦਾ ਅਹਿਸਾਸ ਕਰਵਾਉਂਦਿਆਂ ਪਰਮਾਰਥ ਦਾ ਗਿਆਨ-ਬੋਧ ਵੀ ਕਰਵਾਇਆ। ਗੁਰੂ ਸਾਹਿਬ ਜੀ ਨੂੰ 'ਜ਼ਫ਼ਰਨਾਮਾ' ਦਾ ਉੱਤਰ ਤਾਂ ਨਾ ਮਿਲ ਸਕਿਆ ਅਤੇ ਨਾ ਹੀ ਬਾਦਸ਼ਾਹ ਔਰੰਗਜ਼ੇਬ ਨਾਲ ਮੁਲਾਕਾਤ ਹੀ ਹੋ ਸਕੀ। ਹਾਂ, ਮੁਕਤਸਰ ਦੀ ਜੰਗ ਤੋਂ ਪਿੱਛੋਂ ਆਪ ਜੀ ਨੂੰ 1706 ਈ: ਤਕ ਸਾਬੋ ਕੀ ਤਲਵੰਡੀ ਵਿਖੇ ਇਕ-ਰਸ ਟਿਕਣ ਦਾ ਸਮਾਂ ਮਿਲ ਗਿਆ।

ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਹੀ ਆਪਣੇ ਲਗਭਗ ਨੌਂ ਮਹੀਨੇ ਦੇ ਨਿਵਾਸ ਦੇ ਦੌਰਾਨ ਦਸਮ ਪਾਤਸ਼ਾਹ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ 'ਆਦਿ ਗ੍ਰੰਥ' ਵਿਚ ਯੋਗ ਥਾਵਾਂ ਤੇ ਸਮਿਲਤ ਕਰਕੇ, ਭਾਈ ਮਨੀ ਸਿੰਘ ਜੀ ਤੋਂ ਨਵੀਂ 'ਬੀੜ' ਤਿਆਰ ਕਰਵਾਈ ਜੋ 'ਦਮਦਮੀ ਬੀੜ' ਦੇ ਨਾਮ ਨਾਲ ਪ੍ਰਸਿੱਧ ਹੈ।

ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਉਮਰ ਦੇ ਲਗਪਗ 33 ਸਾਲ ਪੰਜਾਬ ਦੀ ਧਰਤੀ ਤੇ ਬਿਤਾ ਕੇ ਅਕਤੂਬਰ 1706 ਈ. ਵਿਚ ਪੰਜਾਬ ਵੀ ਛੱਡ ਦਿੱਤਾ। 1707 ਈ. ਵਿਚ ਆਪ ਆਗਰੇ ਸਨ। ਭਾਈ ਨੰਦ ਲਾਲ ਸਿੰਘ ਜੀ ਦੇ ਰਾਹੀਂ ਇਥੇ ਆਪ ਜੀ ਦੀ ਮੁਲਾਕਾਤ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ, ਜੋ ਕਿ ਉਸ ਵਕਤ ਮੁਗ਼ਲ ਸਮਰਾਟ ਸੀ, ਨਾਲ ਹੋਈ। ਮਿੱਤਰਤਾ ਵਧੀ, ਪਰ ਉਠ ਰਹੀਆਂ ਬਗ਼ਾਵਤਾਂ ਨੂੰ ਦਬਾਉਣ ਵਾਸਤੇ ਬਹਾਦਰ ਸ਼ਾਹ ਨੂੰ ਦੱਖਣ ਵਲ ਜਾਣਾ ਪੈ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਆਪਣਾ ਮੰਤਵ ਸਾਧਣ ਨਮਿਤ ਉਸ ਦੇ ਨਾਲ ਹੀ ਦੱਖਣ ਵਲ ਚਲੇ ਗਏ। ਨੰਦੇੜ ਪੁੱਜ ਕੇ ਆਪ ਮਾਧੋ ਦਾਸ ਬੈਰਾਗੀ ਦੇ ਡੇਰੇ ਗਏ। ਉਸ ਨੂੰ ਸੰਨਿਆਸ ਦੀ ਜਿੱਲ੍ਹਣ ਵਿਚੋਂ ਕੱਢ ਕੇ ਅੰਮ੍ਰਿਤ ਛਕਾਇਆ। ਬੰਦਾ ਸਿੰਘ ਨਾਮ ਬਖ਼ਸ਼ਿਆ ਤੇ 'ਬਹਾਦਰ' ਤਖ਼ੱਲਸ ਬਖ਼ਸ਼ਿਆ। ਕੁਝ ਹੀ ਦਿਨਾਂ ਵਿਚ 'ਬੈਰਾਗੀ' ਤੋਂ 'ਸਿੰਘ' ਬਣੇ ਬੰਦਾ ਸਿੰਘ ਦੇ ਮਨ ਵਿਚ ਪੰਜਾਬ ਵਿਚ ਦੁਸ਼ਟਾਂ ਨੂੰ ਸੋਧਣ ਦੇ ਵਲਵਲੇ ਜ਼ੋਰ ਫੜਨ ਲੱਗੇ। ਉਹ ਗੁਰੂ ਜੀ ਤੋਂ ਆਗਿਆ ਲੈ ਕੁਝ ਸਿੰਘਾਂ ਸਮੇਤ ਪੰਜਾਬ ਵਲ ਤੁਰ ਪਿਆ।

ਦਸਮ ਪਾਤਸ਼ਾਹ ਨੇ ਨੰਦੇੜ ਵਿਖੇ 6 ਅਕਤੂਬਰ, ਸੰਨ 1708 ਨੂੰ 'ਆਦਿ ਗ੍ਰੰਥ ਸਾਹਿਬ' ਨੂੰ ਗੁਰਿਆਈ ਬਖਸ਼ੀ ਅਤੇ ਸ਼ਖਸੀ ਗੁਰਤਾ ਦੀ ਪ੍ਰਥਾ ਦਾ ਸਿੱਖ ਧਰਮ ਵਿਚ ਸਦਾ ਲਈ ਭੋਗ ਪਾ ਦਿਤਾ। ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਜੋ ਬਚਨ ਦਸਮ ਪਾਤਸ਼ਾਹ ਜੀ ਨੇ ਕੀਤੇ ਉਹਨਾਂ ਨੂੰ ਗਿਆਨੀ ਗਿਆਨ ਸਿੰਘ ਜੀ ਨੇ "ਤ੍ਵਾਰੀਖ ਗੁਰੂ ਖ਼ਾਲਸਾ" ਵਿਚ ਇਉਂ ਅੰਕਿਤ ਕੀਤਾ ਹੈ :

'ਭਾਈ ਸਿਖੋ! ਅਸੀਂ ਤੁਸਾਂ ਨੂੰ ਇਕ ਐਸੇ ਗੁਰੂ ਦੇ ਲੜ ਲਾਉਂਦੇ ਹਾਂ, ਜੋ ਕਦੇ ਭੀ ਕਾਯਾਂ ਨਾ ਬਦਲੇ, ਸਦਾ ਇਕ ਰਸ ਅਜਰ ਅਮਰ ਬਣਿਆ ਰਹੇ ਅਤੇ ਪੱਖ-ਪਾਤ ਬਿਨਾ ਸੱਚਾ ਅਥੱਕ ਉਪਦੇਸ਼ ਹਮੇਸ਼ ਕਲੇਸ਼ ਕਾਟਕ ਕਰਦਾ ਰਹੇ। ਐਸਾ ਸਮਦਰਸੀ, ਨਿਰ-ਬਿਕਾਰ ਅਚਾਹ ਸਤਿਗੁਰੂ ਥਾਪਾਂਗੇ ਜੋ ਤੁਸਾਡੀਆਂ ਸਰਬ ਕਾਮਨਾਂ ਪੂਰੀਆਂ ਕਰਦਾ ਰਹੇ ਅਤੇ ਕਾਰ ਭੇਟਾ ਭੀ ਕਦੇ ਕੁਛ ਨਾ ਮੰਗੇ।'

'ਆਤਮਾ ਗ੍ਰੰਥ ਵਿਚ, ਸਰੀਰ ਪੰਥ ਵਿਚ, ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ ਅਤੇ ਦੀਦਾਰ ਖ਼ਾਲਸੇ ਕਾ' ਦਾ ਉਪਦੇਸ਼ ਦੇ ਕੇ, ਬਾਦਸ਼ਾਹ-ਦਰਵੇਸ਼ ਸਤਿਗੁਰੂ 6 ਅਤੇ 7 ਅਕਤੂਬਰ, ਸੰਨ 1708 ਈ. ਵਿਚਕਾਰਲੀ ਰਾਤ (ਕਤਕ ਸੁਦੀ 5, ਸੰਮਤ 1765) ਨੂੰ ਜੋਤੀ-ਜੋਤਿ ਸਮਾ ਗਏ। ♦♦♦

ਧਾਰਮਿਕ ਸਮਾਗਮਾਂ ਵਿਚ ਹੁੰਦੀਆਂ ਮਨਮਤਾਂ

ਸ: ਤਰਲੋਚਨ ਸਿੰਘ, ਦੁਪਾਲਪੁਰ, ਮੈਂਬਰ ਐਸ.ਜੀ.ਪੀ.ਸੀ.

ਸਿੱਖ ਜਗਤ ਵਿਚ ਧਾਰਮਿਕ ਸਮਾਗਮਾਂ ਨੂੰ 'ਜੋੜ-ਮੇਲਾ' ਕਿਹਾ ਜਾਂਦਾ ਹੈ। 'ਜੋੜ' ਅਤੇ 'ਮੇਲਾ' ਦੋ ਸ਼ਬਦਾਂ ਦੇ ਸੁਮੇਲ ਵਾਲੇ ਇਸ ਸ਼ਬਦ ਦਾ ਅਰਥ ਹੈ 'ਗੁਰੂ ਨਾਲ ਜੁੜਨ ਦਾ ਵਸੀਲਾ'। ਖ਼ਾਲਸਈ ਜੋੜ-ਮੇਲਿਆਂ ਦਾ ਇਕ ਲੰਬਾ ਇਤਿਹਾਸ ਹੈ। ਗੁਰੂ ਸਾਹਿਬਾਨ, ਭਗਤਾਂ ਜਾਂ ਹੋਰ ਇਤਿਹਾਸਕ ਸ਼ਖ਼ਸੀਅਤਾਂ ਨਾਲ ਸੰਬੰਧਤ ਦਿਹਾੜਿਆਂ ਨੂੰ ਮਨਾਉਣ ਹਿਤ ਅਕਸਰ ਵੱਖ-ਵੱਖ ਅਸਥਾਨਾਂ ਉੱਪਰ ਜੋੜ-ਮੇਲੇ ਆਯੋਜਿਤ ਹੁੰਦੇ ਹਨ। ਇਨ੍ਹਾਂ ਤੋਂ ਇਲਾਵਾ ਆਮ ਸ਼ਰਧਾਲੂਆਂ ਵਲੋਂ ਕੀਰਤਨ ਦਰਬਾਰ, ਢਾਡੀ ਦਰਬਾਰ ਆਦਿਕ ਨਾਂਵਾਂ ਹੇਠ ਧਾਰਮਿਕ ਇਕੱਠ ਕੀਤੇ ਜਾਂਦੇ ਹਨ। ਅਜਿਹੇ ਧਾਰਮਿਕ ਸਮਾਗਮਾਂ ਦਾ ਇਕੋ ਇਕ ਮਕਸਦ ਇਹ ਹੀ ਹੁੰਦਾ ਹੈ ਕਿ ਮਨੁੱਖਤਾ ਨੂੰ 'ਗੁਰਮਤਿ' ਨਾਲ ਜੋੜਿਆ ਜਾਵੇ। 'ਦੁਰਮਤਿ' ਦੇ ਦੁਸ਼-ਪ੍ਰਭਾਵ ਨੂੰ ਠੱਲ੍ਹ ਪਾਉਣ ਲਈ ਇਹ ਜੋੜ-ਮੇਲੇ, ਬੜਾ ਕਾਰਗਰ ਹਥਿਆਰ ਹਨ। 'ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਬਟਾਲੇ ਆਈ' (ਭਾਈ ਗੁਰਦਾਸ ਜੀ) ਅਨੁਸਾਰ ਬਾਬਾ ਗੁਰੂ ਨਾਨਕ ਜੀ ਨੇ ਵੀ ਇਕੱਠਾਂ ਵਿਚ ਆਪਣੀ ਗੱਲ ਸੁਣਾਉਣ ਦੀ ਇਹੀ ਜੁਗਤਿ ਵਰਤੀ।

ਜਿੱਥੇ ਸਾਡੇ ਅਵੇਸਲੇਪਣ ਨੇ ਸਿੱਖ ਭਾਈਚਾਰੇ ਵਿਚ ਬਹੁਤ ਸਾਰੀਆਂ ਕੁਰੀਤੀਆਂ ਅਤੇ ਮਨਮਤਿ ਭਰੀਆਂ ਕਾਰਵਾਈਆਂ ਲਿਆ ਘੁਸੇੜੀਆਂ ਹਨ, ਉੱਥੇ ਅਸੀਂ 'ਜੋੜ-ਮੇਲੇ' ਦੇ ਸਿਧਾਂਤਕ ਪੱਖ ਤੋਂ ਵੀ ਦੂਰ ਹੁੰਦੇ ਜਾ ਰਹੇ ਹਾਂ। ਦੇਖਣ ਵਿਚ ਆਉਂਦਾ ਹੈ ਕਿ ਜਾਣੇ-ਅਣਜਾਣੇ ਵਿਚ ਹੀ ਅਸੀਂ ਐਸੀਆਂ ਕੁਤਾਹੀਆਂ ਕਰੀ ਜਾ ਰਹੇ ਹਾਂ ਜੋ ਗੁਰਮਤਿ ਤੋਂ ਕੋਹਾਂ ਦੂਰ ਹੁੰਦੀਆਂ ਹਨ। ਅਜਿਹਾ ਵਰਤਾਰਾ ਦੇਖ ਕੇ, ਸੰਗਤਾਂ ਗੁਰਮਤਿ ਸਿਧਾਂਤ ਅਪਣਾਉਣ ਦੀ ਬਜਾਏ, ਮਨਮਤਿ ਨਾਲ ਜੁੜ ਜਾਂਦੀਆਂ ਹਨ। ਹਥਲੇ ਲੇਖ ਵਿਚ ਅਜਿਹੇ ਮੌਕਿਆਂ ਉੱਪਰ ਸਿੱਖ ਸਿਧਾਂਤ ਦੇ ਵਿਪਰੀਤ ਕੀਤੀਆਂ ਜਾਂਦੀਆਂ ਮਨਮਤਾਂ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਸਿੱਖ ਫ਼ਲਸਫ਼ਾ, ਧਰਮ ਅਤੇ ਰਾਜਨੀਤੀ ਦਾ ਸੁਮੇਲ ਸਵੀਕਾਰ ਕਰਦਾ ਹੈ। ਪਰੰਤੂ ਵਰਤਮਾਨ ਸਮੇਂ ਰਾਜਨੀਤੀ, ਧਰਮ ਦੇ ਸੁਹਾਵਣੇ ਦਰਖਤ ਉੱਪਰ ਅਕਾਸ਼ ਵੇਲ ਵਾਂਗ ਛਾਈ ਹੋਈ ਹੈ। ਭਾਵੇਂ ਕਿਸੇ ਦੀ ਸ਼ਹੀਦ ਦੀ ਬਰਸੀ ਮਨਾਈ ਜਾ ਰਹੀ ਹੋਵੇ, ਭਾਵੇਂ ਕਿਸੇ ਮਹਾਨ ਸ਼ਖ਼ਸੀਅਤ ਦਾ ਜਨਮ ਦਿਨ, ਜੁੜੀ ਹੋਈ ਸੰਗਤ ਨੂੰ ਰਾਜਨੀਤੀ ਨਾਲ ਲਬਰੇਜ਼ ਤਾਅਨੇ-ਮਿਹਣੇ ਹੀ ਸੁਣਾਏ ਜਾਂਦੇ ਹਨ। ਹੋਰ ਤਾਂ ਹੋਰ, ਹੁਣ ਤਾਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ-ਮੇਲਿਆਂ ਉਪਰ, ਗੁਰੂ ਕੇ ਲਾਲਾਂ ਦੀ ਸ਼ਹਾਦਤ ਬਾਰੇ ਘੱਟ, ਪਰੰਤੂ 'ਸਿਆਸੀ ਭੜਾਸ' ਜ਼ਿਆਦਾ ਕੱਢੀ ਜਾਂਦੀ ਹੈ। ਕਈ ਵਾਰ ਇਹ ਦੂਸ਼ਣ-ਬਾਜ਼ੀ ਇੰਨੀ ਘਟੀਆ ਪੱਧਰ ਦੀ ਅਤੇ 'ਆਪਣਿਆਂ ਪ੍ਰਤੀ' ਹੁੰਦੀ ਹੈ ਕਿ ਸ੍ਰੋਤੇ ਵੀ ਬੇਬਸ ਹੋ ਜਾਂਦੇ ਹਨ। ਚਾਹੀਦਾ ਇਹ ਹੈ ਕਿ ਅਜਿਹੇ ਧਾਰਮਿਕ ਮਹੱਤਤਾ ਵਾਲੇ ਸਮਾਗਮਾਂ ਮੌਕੇ ਧਾਰਮਿਕ ਅਤੇ ਇਤਿਹਾਸਕ ਪੱਖ ਨੂੰ ਮੁੱਖ ਰੱਖਿਆ ਜਾਵੇ। ਰਾਜਨੀਤੀ ਦੇ 'ਜੌਹਰ' ਸਿਆਸੀ ਕਾਨਫ਼ਰੰਸਾਂ ਵਿਚ ਹੀ ਦਿਖਾਏ ਜਾਣੇ ਚਾਹੀਦੇ ਹਨ। ਨੌਜਵਾਨ ਪੀੜ੍ਹੀ ਨੂੰ ਧਰਮ ਤੋਂ ਬੇਮੁਖ ਕਰਨ ਵਿਚ ਇਹ ਉਪਰੋਕਤ ਪ੍ਰਪਾਟੀ ਮੁੱਖ ਰੋਲ ਅਦਾ ਕਰਦੀ ਹੈ। ਜਦੋਂ ਇਕ ਅੰਮ੍ਰਿਤਧਾਰੀ ਨੇਤਾ ਕਿਸੇ ਦੂਜੇ ਅੰਮ੍ਰਿਤਧਾਰੀ ਨੇਤਾ ਉੱਤੇ ਗ਼ੈਰ-ਇਖ਼ਲਾਕੀ ਦੂਸ਼ਣ ਲਗਾਉਂਦਾ ਹੈ ਤਾਂ ਸ੍ਰੋਤਿਆਂ ਉੱਪਰ ਉਲਟਾ ਪ੍ਰਭਾਵ ਪੈਂਦਾ ਹੈ। ਕਦੇ ਉਹ ਸਮਾਂ ਸੀ ਜਦੋਂ ਪੰਜਾਬ ਦੇ ਸਿੱਖ ਮੰਤਰੀ, ਪੰਜਾਂ ਪਿਆਰਿਆਂ ਵਿਚ ਖੁਦ ਸ਼ਾਮਲ ਹੋ ਕੇ ਅੰਮ੍ਰਿਤ ਸੰਚਾਰ ਕਰਿਆ ਕਰਦੇ ਸਨ (ਮਿਸਾਲ ਵਜੋਂ ਪਰਲੋਕਵਾਸੀ ਸ: ਆਤਮਾ ਸਿੰਘ) ਪਰ ਹੁਣ ਸਿੱਖ ਹੱਕਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਇਕੋ ਇਕ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿਚ ਅੰਮ੍ਰਿਤ ਛਕਣ ਨੂੰ ਬੇਲੋੜਾ ਹੀ ਸਮਝਿਆ ਜਾ ਰਿਹਾ ਹੈ। ਇਸੇ ਤਰ੍ਹਾਂ ਸਟੇਜ ਉੱਤੇ ਲੱਤਾਂ ਲਮਕਾ ਕੇ ਬੈਠਣ ਵਾਲਾ 'ਕਾਂਗਰਸੀ ਕਲਚਰ' ਹੁਣ ਸਿੱਖ ਸਿਆਸੀ ਜਮਾਤਾਂ ਵਿਚ ਵੀ 'ਘੁਸਪੈਠ' ਕਰ ਗਿਆ ਹੈ।

ਇਕ ਹੋਰ ਬੜੀ ਭੈੜੀ ਵਾਦੀ ਸ਼ੁਰੂ ਹੋ ਗਈ ਹੈ। ਇਕੱਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹੁੰਦਿਆਂ ਵੀ ਸਿੱਖ ਬੁਲਾਰੇ, ਸੰਬੋਧਨ ਕਰਨ ਲੱਗਿਆਂ 'ਸਾਧ ਸੰਗਤ ਜੀਓ' ਕਹਿਣ ਦੀ ਥਾਂ, ਸਟੇਜ ਤੇ ਸਜੇ ਬੈਠੇ ਖਾਸ ਵਿਅਕਤੀਆਂ ਦੇ ਅਹੁਦਿਆਂ ਸਮੇਤ ਨਾਂ ਗਿਣਨ ਲੱਗ ਪੈਂਦੇ ਹਨ, 'ਮਾਣਯੋਗ ਫਲਾਣਾ ਸਿੰਘ ਜੀ ਸਾਬਕਾ ਮੰਤਰੀ', 'ਸਨਮਾਨਯੋਗ ਢਿਮਕਾ ਸਿੰਘ ਜੀ ਸਾਬਕਾ ਜਨਰਲ ਸਕੱਤਰ' ਆਦਿ। ਅਜਿਹਾ ਕਰਨਾ, ਸਰਾ-ਸਰ ਮਨਮਤਿ ਹੈ। ਸੰਗਤ ਵਿਚ ਭਾਵੇਂ ਕੋਈ ਮੰਤਰੀ ਹੈ, ਕੋਈ ਸੰਤਰੀ ਹੈ, ਉਹ ਸਾਰੇ 'ਸਾਧ ਸੰਗਤ' ਰੂਪ ਹੁੰਦੇ ਹਨ। ਕਿਸੇ ਨੂੰ ਵੀ ਸੰਗਤ ਤੋਂ ਵਧ ਕੇ ਵਿਸ਼ੇਸ਼ਤਾ ਨਹੀਂ ਦੇਣੀ ਚਾਹੀਦੀ। ਕਿਤੇ ਕਿਤੇ ਦੇਖਣ 'ਚ ਆਉਂਦਾ ਹੈ ਕਿ ਸਟੇਜ ਲਾਗੇ

ਭਾਵੇਂ ਸਾਰੀ ਜਗ੍ਹਾ ਖਾਲੀ ਹੋਵੇ, ਪਰ ਕਈ ਸੱਜਣ ਪਿੱਛੇ ਜਾ ਕੇ ਢਾਸਣਾ ਲਾ ਕੇ ਬੈਠਣਗੇ ਜਾਂ ਕੋਈ ਕਿਤੇ, ਕੋਈ ਕਿਤੇ ਜਾ ਬੈਠਣਗੇ। ਗੁਰਬਾਣੀ ਫੁਰਮਾਨ ਹੈ :

ਸਤਸੰਗਤਿ ਮਿਲਿ ਰਹੀਐ ਮਾਧਉ
ਜੈਸੇ ਮਧੁਪ ਮਖੀਰਾ॥

ਭਾਵ ਕਿ ਜਿਵੇਂ ਸ਼ਹਿਦ ਦੇ ਛੱਜੇ ਤੇ ਮੱਖੀਆਂ ਇਕਸਾਰ ਬੈਠਦੀਆਂ ਹਨ ਇਵੇਂ ਹੀ ਸੰਗਤ ਵਿਚ 'ਸਾਵਧਾਨ ਇਕਾਗਰ ਚਿਤ' ਹੋ ਕੇ ਸਜਣਾ ਚਾਹੀਦਾ ਹੈ, ਨਾ ਕਿ ਆਲਸੀ ਢੰਗ ਨਾਲ ਢਾਸਣੇ ਲਾ ਕੇ।

ਕਈ ਸਮਾਗਮਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਬਹੁਤ ਹੀ ਉੱਚੀ ਥਾਂ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਕਈ ਥਾਈਂ 'ਸਟੇਜ ਡੈਕੋਰੇਸ਼ਨ' ਦੇ ਨਾਂ ਹੇਠ, ਗੁਰੂ ਮਹਾਰਾਜ ਦਾ ਸਰੂਪ, ਹਾਰਾਂ ਅਤੇ ਬਿਜਲਈ ਲੜੀਆਂ ਨਾਲ ਕੱਜ ਹੀ ਦਿੱਤਾ ਜਾਂਦਾ ਹੈ। ਕੀਰਤਨ ਜਾਂ ਕਥਾ-ਵਿਖਿਆਨ ਨਾਲ ਜੁੜੇ ਸ਼ਰਧਾਲੂਆਂ ਦੀ ਮਾਨਸਿਕ ਇਕਾਗਰਤਾ ਨੂੰ, ਜਗਦੀਆਂ-ਬੁਝਦੀਆਂ ਰੰਗ ਬਰੰਗੀਆਂ ਲਾਈਟਾਂ ਜਾਂ ਲੜੀਆਂ, ਖੰਡਿਤ ਕਰਦੀਆਂ ਹਨ। ਯਾਦ ਰਹੇ ਕਿ ਗੁਰੂ ਮਹਾਰਾਜ ਦਾ 'ਦਰਬਾਰ ਸਜਾਉਣਾ' ਹੋਰ ਗੱਲ ਹੈ ਪਰ ਅੰਨ੍ਹੇਵਾਹ ਰੰਗ ਬਰੰਗੇ ਗੁਬਾਰੇ ਲਟਕਾਉਣੇ, ਟਿਮਟਿਮਾਉਂਦੀਆਂ ਲਾਈਟਾਂ ਅਤੇ ਬਿਜਲਈ ਤਕਨੀਕ ਨਾਲ ਇੱਧਰ ਉੱਧਰ ਭੱਜਦੀਆਂ ਲੜੀਆਂ, ਸਮਾਗਮ ਵਿਚ 'ਇਕ-ਰਸ' ਪੈਦਾ ਕਰਨ ਵਿਚ ਰੁਕਾਵਟ ਬਣਦੀਆਂ ਹਨ। ਹਾਂ, ਇਹ ਸਾਰਾ ਕੁਝ ਇਮਾਰਤਾਂ ਉੱਪਰ ਕੀਤਾ ਜਾ ਸਕਦਾ ਹੈ। ਅਕਸਰ ਕੀਰਤਨ ਦਰਬਾਰਾਂ ਵਿਚ ਦੇਖਿਆ ਗਿਆ ਹੈ ਕਿ ਪ੍ਰਬੰਧਕ, ਪ੍ਰਸਿੱਧ ਹੋ ਚੁੱਕੇ ਕਈ ਕਈ ਜਥਿਆਂ ਨੂੰ ਬੁਲਾ ਲੈਂਦੇ ਹਨ, ਪਰ ਸਮਾਂ ਤਾਂ ਉਨਾ ਹੀ ਹੁੰਦਾ ਹੈ। ਫਿਰ 'ਸਮੇਂ ਦੀ ਘਾਟ' ਵਾਲੀ ਮੁਹਾਰਨੀ ਪੜ੍ਹਦਿਆਂ ਚੋਟੀ ਦੇ ਜਥਿਆਂ ਨੂੰ ਪੰਦਰਾਂ-ਪੰਦਰਾਂ ਮਿੰਟ ਦਿੱਤੇ ਜਾਂਦੇ ਹਨ। ਧਿਆਨ ਰੱਖਿਆ ਜਾਵੇ ਕਿ ਘੱਟ ਤੋਂ ਘੱਟ ਜਥੇ ਬੁਲਾਏ ਜਾਣ ਅਤੇ ਉਨ੍ਹਾਂ ਨੂੰ ਖੁੱਲ੍ਹਾ ਸਮਾਂ ਦਿੱਤਾ ਜਾਵੇ।

ਕਦੇ ਸਮਾਂ ਸੀ ਜਦੋਂ ਸਿੱਖ ਸਟੇਜਾਂ 'ਤੇ ਬੋਲਣ ਵਾਲਿਆਂ ਨੂੰ ਘੰਟਿਆਂ ਬੱਧੀ ਸ਼ੌਕ ਨਾਲ ਸੁਣਿਆ ਜਾਂਦਾ ਸੀ। ਪਰ ਹੁਣ 'ਜਥਾ ਰਾਜਾ ਤਥਾ ਪਰਜਾ' ਦੇ ਅਖਾਣ ਮੁਤਾਬਕ, ਜਿਹੋ ਜਿਹੇ ਬੁਲਾਰੇ ਤਿਹੋ ਜਿਹੇ ਸ੍ਰੋਤੇ। ਸਮਾਗਮ ਮੌਕੇ ਸਭ ਤੋਂ ਵੱਧ ਧਿਆਨ ਰੱਖਣ ਵਾਲੀ ਗੱਲ, 'ਸਟੇਜ ਸਕੱਤਰ' ਦੀ ਚੋਣ ਸਬੰਧੀ ਹੁੰਦੀ ਹੈ। ਇਹ ਸੇਵਾ ਕਿਸੇ ਸੂਝਵਾਨ ਤੇ ਤਜਰਬੇਕਾਰ ਸੱਜਣ ਨੂੰ ਹੀ ਸੌਂਪਣੀ ਚਾਹੀਦੀ ਹੈ। ਆਮ ਦੇਖਿਆ ਜਾਂਦਾ ਹੈ ਕਿ ਰਾਗੀ ਸਿੰਘ ਵਾਜੇ ਖੋਲ੍ਹ ਲੈਂਦੇ ਹਨ, ਉੱਧਰ ਸਟੇਜ ਸੱਕਤਰ ਬੇ-ਲੋੜੀਆਂ ਅਨਾਊਂਸਮੈਂਟਾਂ ਕਰੀ ਜਾਂਦੇ ਹਨ। ਕਿੰਨਾ ਚੰਗਾ ਹੋਵੇ ਜੇ 'ਪ੍ਰਬੰਧਕੀ ਨੁਕਤਾ ਨਿਗਾਹ' ਤੋਂ ਲੋੜੀਂਦੀਆਂ ਸੂਚਨਾਵਾਂ, ਕਥਾ-ਕੀਰਤਨ ਅਰੰਭ ਹੋਣ ਤੋਂ ਪਹਿਲਾਂ ਹੀ ਦੇ ਦਿੱਤੀਆਂ ਜਾਣ। ਸਟੇਜ ਸਕੱਤਰ ਦਾ ਇਹ ਵੀ ਫਰਜ਼ ਬਣਦਾ ਹੈ ਕਿ ਉਹ ਹਰ ਬੁਲਾਰੇ ਸਬੰਧੀ, ਭਾਵਪੂਰਤ ਸੰਕੋਚਵੇਂ ਸ਼ਬਦਾਂ ਰਾਹੀਂ ਸੰਗਤ ਨੂੰ ਜਾਣਕਾਰੀ ਦੇਵੇ। ਧਿਆਨ ਰੱਖਿਆ ਜਾਵੇ ਕਿ ਅਜਿਹੇ ਮੌਕੇ 'ਫੂਕ ਸ਼ਾਸਤਰ' ਦੇ ਪਾਠ ਤੋਂ ਗੁਰੇਜ਼ ਕੀਤਾ ਜਾਵੇ। ਜਿਸ ਇਕੱਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਉੱਥੇ ਸਟੇਜ 'ਤੇ ਮਾਈਕ ਟੈਸਟਿੰਗ ਕਰਦਿਆਂ 'ਹੈਲੋ ਹੈਲੋ' ਕਹਿਣ ਦੀ ਬਜਾਇ, ਪਿਆਰ ਨਾਲ 'ਵਾਹਿਗੁਰੂ ਜੀ, ਵਾਹਿਗੁਰੂ ਜੀ' ਕਿਹਾ ਜਾਵੇ ਤਾਂ ਅਧਿਆਤਮਿਕ ਮਾਹੌਲ ਸਿਰਜਿਆ ਜਾਂਦਾ ਹੈ।

ਕੀਰਤਨ ਕਰਦਿਆਂ ਵਿਚ-ਵਿਚ ਵਿਆਖਿਆ ਦੀ ਰਵਾਇਤ ਪੰਥਕ ਤੌਰ ਤੇ ਪ੍ਰਵਾਨ ਨਹੀਂ ਹੈ। ਫਿਰ ਵੀ ਦੇਖਿਆ ਜਾਂਦਾ ਹੈ ਕਿ ਬਹੁਤੇ ਰਾਗੀ ਸਿੰਘ, ਕੰਨ-ਰਸ ਪੈਦਾ ਕਰਨ ਦੀ ਮਨਸ਼ਾ ਨਾਲ 'ਚੁਟਕਲਾ-ਨੁਮਾ ਕਲਪਿਤ ਕਹਾਣੀਆਂ' ਸੁਣਾਉਣ ਲੱਗ ਪੈਂਦੇ ਹਨ। ਕਈ ਕੀਰਤਨੀਏ ਲੰਬੇ ਮਿਥਿਹਾਸਕ ਪ੍ਰਸੰਗ ਛੇੜ ਬਹਿੰਦੇ ਹਨ, ਜੋ ਬੋਰੀਅਤ ਪੈਦਾ ਕਰਦੇ ਹਨ ('ਕੈਸਟ ਕਲਚਰ' ਰਾਹੀਂ ਬਹੁਤ ਕੁਝ 'ਮਨੋ ਕਲਪਿਤ' ਹੀ ਸੁਣਾਇਆ ਜਾ ਰਿਹਾ ਹੈ।) ਕਈ ਥਾਈਂ ਕਥਾ/ਕੀਰਤਨ ਕਰਨ ਵਾਲੇ ਬੁਲਾਰੇ, ਸਮਾਗਮ ਦੇ ਪ੍ਰਬੰਧਕਾਂ ਜਾਂ ਕਿਸੇ ਪ੍ਰਧਾਨ/ਸਕੱਤਰ ਦੀ ਲੋੜੋਂ ਵੱਧ ਖੁਸ਼ਾਮਦ ਕਰਦੇ ਰਹਿੰਦੇ ਹਨ। ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿਚ ਅਜਿਹਾ ਕਰਨਾ ਸ਼ੋਭਾ ਨਹੀਂ ਪਾਉਂਦਾ। ਇਸੇ ਤਰ੍ਹਾਂ ਕਈ ਦਫਾ ਕੋਈ ਪ੍ਰਸਿੱਧ ਰਾਗੀ ਜਾਂ ਬੁਲਾਰਾ, ਸਮਾਗਮ 'ਚ ਪਹੁੰਚਣ ਤੋਂ ਕਿਸੇ ਕਾਰਨ ਅਸਮਰੱਥ ਹੁੰਦਾ ਹੈ ਤਾਂ ਸੰਗਤ ਨੂੰ ਖਿਮਾ ਸਹਿਤ ਇਹ ਜਾਣਕਾਰੀ ਦੇਣੀ ਚਾਹੀਦੀ ਹੈ। ਪਰ ਬਹੁਤੇ ਥਾਈਂ ਦੇਖਿਆ ਗਿਆ ਹੈ ਕਿ ਸਟੇਜ ਸੰਚਾਲਕ ਵਾਰ ਵਾਰ ਸੂਚਿਤ ਕਰੇਗਾ "ਸ੍ਰੀ ਮਾਨ .... ਸਿੰਘ ਜੀ, ਅੱਧੇ ਘੰਟੇ ਤੱਕ ਪੰਡਾਲ 'ਚ ਪਹੁੰਚਣ ਹੀ ਵਾਲੇ ਹਨ।" ਜਦ ਕਿ ਇਹ 'ਝੂਠੀ ਸੂਚਨਾ' ਮਹਿਜ਼ ਸੰਗਤ ਨੂੰ ਬਿਠਾਈ ਰੱਖਣ ਲਈ ਹੁੰਦੀ ਹੈ। ਜਦੋਂ ਸਮਾਗਮ ਦੀ ਸਮਾਪਤੀ ਤੱਕ 'ਉਡੀਕਿਆ ਜਾਣ ਵਾਲਾ' ਪਹੁੰਚਦਾ ਹੀ ਨਹੀਂ, ਤਾਂ ਫਿਰ 'ਹੋਰ ਝੂਠ' ਬੋਲਿਆ ਜਾਂਦਾ ਹੈ। ਗੁਰੂ ਮਹਾਰਾਜ ਦੇ ਹਜ਼ੂਰ, ਸੰਗਤ ਸਾਹਮਣੇ ਬੋਲੇ ਹੋਏ ਝੂਠ ਦਾ ਬਹੁਤ ਹੀ ਬੁਰਾ ਪ੍ਰਭਾਵ ਪੈਂਦਾ ਹੈ। ਇਕ ਹੋਰ ਮੰਦਭਾਗੀ ਪ੍ਰਪਾਟੀ ਚੱਲ ਪਈ ਹੈ ਕਿ ਕਥਾ-ਕੀਰਤਨ ਚੱਲ ਰਿਹਾ ਹੁੰਦਾ ਹੈ। ਉੱਧਰੋਂ ਕਿਸੇ ਸਿਆਸੀ ਨੇਤਾ ਜਾਂ ਕਿਸੇ ਧਾਰਮਿਕ ਸ਼ਖਸੀਅਤ ਦੇ ਪੰਡਾਲ ਵਿਚ ਆਉਣ ਦਾ ਪਤਾ ਲੱਗਦਾ ਹੈ ਸਟੇਜ ਉੱਪਰ ਬੈਠੇ ਸਾਰੇ ਸੱਜਣ, ਜਿਨ੍ਹਾਂ ਵਿਚ ਅਕਸਰ ਪ੍ਰਧਾਨ, ਸਕੱਤਰ

ਆਦਿ ਹੁੰਦੇ ਹਨ, ਇਕ ਦਮ ਮੇਨ ਗੇਟ ਵੱਲ ਦੌੜਦੇ ਹਨ ਤਾਂ ਕਿ 'ਵਿਅਕਤੀ ਵਿਸ਼ੇਸ਼' ਦੀ ਖੁਸ਼ਨੂਦੀ ਹਾਸਲ ਕੀਤੀ ਜਾਵੇ। ਯਾਦ ਰੱਖਣ ਯੋਗ ਗੱਲ ਹੈ ਕਿ ਸੰਗਤ ਵਿਚ ਸਭ ਨਾਲ ਇੱਕੋ ਜਿਹਾ ਵਰਤਾਉ ਹੋਣਾ ਚਾਹੀਦਾ ਹੈ। ਇਸ ਮਨਮਤਿ ਨੂੰ ਸਖ਼ਤੀ ਨਾਲ ਰੋਕਣਾ ਚਾਹੀਦਾ ਹੈ। ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਆਦੇਸ਼ ਜਾਰੀ ਹੋ ਚੁੱਕਾ ਹੈ ਕਿ ਸੰਗਤ ਵਿਚ ਬੈਠਣ ਲੱਗਿਆਂ ਮੋਬਾਈਲ ਫ਼ੋਨ ਬੰਦ ਕਰਕੇ ਬੈਠਿਆ ਜਾਵੇ, ਪਰ ਫਿਰ ਵੀ ਕਈ ਥਾਈਂ ਇਸ ਦੀ ਉਲੰਘਣਾ ਕੀਤੀ ਜਾਂਦੀ ਹੈ। ਕਿੰਨਾ ਚੰਗਾ ਹੋਵੇ ਜੇ ਜੋੜੇ-ਉਤਾਰਨ ਵਾਲੀ ਥਾਂ ਮੋਬਾਈਲ ਫੋਨ ਬੰਦ ਰੱਖਣ ਦੀ ਸੂਚਨਾ ਵਾਲਾ ਬੋਰਡ ਜਾਂ ਬੈਨਰ ਟੰਗਿਆ ਜਾਵੇ। ਜਾਂ ਫਿਰ ਸਟੇਜ ਸਕੱਤਰ, ਸੰਗਤ ਨੂੰ ਇਸ ਗੱਲ ਦੀ ਸੂਚਨਾ ਦੇਵੇ। ਕਈ ਵਾਰ ਪਾਠੀ ਜਾਂ ਰਾਗੀ ਸਿੰਘ ਖੁਦ ਆਪ ਹੀ ਮਾਈਕ-ਸਟੈਂਡ ਵਗੈਰਾ ਠੀਕ ਕਰਨ ਲੱਗ ਪੈਂਦੇ ਹਨ। ਇਹ ਵੀ ਚੰਗਾ ਨਹੀਂ ਲਗਦਾ। ਸਾਊਂਡ ਸਰਵਿਸ ਵਾਲੇ ਸੱਜਣ ਅਜਿਹਾ ਕਰਨ।

ਪੰਥ ਪ੍ਰਵਾਣਤ 'ਸਿੱਖ ਰਹਿਤ ਮਰਯਾਦਾ' ਅਨੁਸਾਰ ਸੰਗਤ ਵਿਚ ਕੇਵਲ ਕੜਾਹ ਪ੍ਰਸ਼ਾਦ ਵਰਤਾਉਣਾ ਹੀ ਯੋਗ ਹੈ। ਪਰ ਅੱਜਕਲ੍ਹ ਮੌਸਮ ਅਨੁਸਾਰ ਗਰਮ/ਠੰਢਾ ਵਰਤਾਉਣ ਦੀ ਰਵਾਇਤ ਵੀ ਚੱਲ ਪਈ ਹੈ। ਚਾਹੀਦਾ ਇਹ ਹੈ ਕਿ ਸੰਗਤ ਵਿਚ ਆਪਣਾ ਆਸਣ ਗ੍ਰਹਿਣ ਕਰਨ ਤੋਂ ਪਹਿਲਾਂ ਹੀ ਲੋੜ ਅਨੁਸਾਰ ਕੁਝ ਨਾ ਕੁਝ ਛਕ ਲਿਆ ਜਾਵੇ। ਕਥਾ-ਕੀਰਤਨ ਚਲਦੇ-ਚਲਦੇ ਸੰਗਤ ਨੂੰ, 'ਲੰਗਰ ਚੱਲ ਰਿਹਾ ਹੈ ਜੀ' ਕਹਿਣਾ, ਬੇ-ਰਸੀ ਪੈਦਾ ਕਰਦਾ ਹੈ। ਰਾਤ ਵੇਲੇ ਹੋਣ ਵਾਲੇ ਧਾਰਮਿਕ ਸਮਾਗਮਾਂ ਨੂੰ ਮੌਸਮ ਅਨੁਸਾਰ ਗਿਆਰਾਂ ਵਜੇ ਜਾਂ ਵੱਧ ਤੋਂ ਵੱਧ ਬਾਰਾਂ-ਸਾਢੇ ਬਾਰਾਂ ਤੱਕ ਸਮਾਪਤ ਕਰ ਦੇਣਾ ਚਾਹੀਦਾ ਹੈ। ਦੋ-ਢਾਈ ਵਜੇ ਤੱਕ ਸਟੇਜ ਜਾਰੀ ਰੱਖਣਾ 'ਹੱਠ-ਯੋਗ' ਹੀ ਕਿਹਾ ਜਾਵੇਗਾ। ਤਿੰਨ ਵਜੇ ਸੌਣ ਲਈ ਬਿਸਤਰ 'ਤੇ ਜਾਣ ਵਾਲੇ ਸੱਜਣ, ਅੰਮ੍ਰਿਤ ਵੇਲੇ ਦਾ ਨਿੱਤਨੇਮ ਕਦੋਂ ਕਰਨਗੇ? ਇਹ ਆਮ ਹੀ ਦੇਖਣ ਵਿਚ ਆਉਂਦਾ ਹੈ ਕਿ ਟਿਕਾਉ ਅਤੇ ਸਹਿਜ ਨਾਲ ਕੀਰਤਨ ਕਰਨ ਵਾਲੇ ਰਾਗੀ ਸਿੰਘ ਵੀ, ਸਮਾਪਤੀ ਵੇਲੇ ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਦਾ ਕੀਰਤਨ ਕਰਦਿਆਂ, 'ਸ਼ਤਾਬਦੀ ਐਕਸਪ੍ਰੈਸ' ਵਾਂਗ ਸਪੀਡ ਤੇਜ਼ ਕਰ ਦਿੰਦੇ ਹਨ। 'ਅਨੰਦੁ' ਨੂੰ ਅਨੰਦ ਨਾਲ ਹੀ ਗਾਇਨ ਕਰਨਾ ਚਾਹੀਦਾ ਹੈ।

ਸਮਾਪਤੀ ਦੀ ਅਰਦਾਸ ਉਪਰੰਤ, ਤਾਬਿਆ ਬੈਠੇ ਭਾਈ ਸਾਹਿਬ, ਹੁਕਮਨਾਮਾ ਲੈਣ ਲੱਗਿਆਂ ਕਈ ਵਾਰ ਤਿੰਨ-ਤਿੰਨ, ਚਾਰ-ਚਾਰ ਸਲੋਕ ਅਤੇ ਭੱਟਾਂ ਦੇ ਸਵੱਈਏ, ਮੰਗਲਾ ਚਰਨ ਵਜੋਂ ਲੰਮੀਆਂ ਲੰਮੀਆਂ ਹੇਕਾਂ ਲਾ ਕੇ ਪੜ੍ਹਨ ਲੱਗ ਪੈਂਦੇ ਹਨ। ਭਾਵੇਂ ਵੱਧ ਤੋਂ ਵੱਧ ਗੁਰਬਾਣੀ ਪੜ੍ਹਨੀ ਸੁਣਨੀ ਲਾਭਦਾਇਕ ਹੈ, ਪਰੰਤੂ ਸਮੇਂ ਦਾ ਖਿਆਲ ਰੱਖਣਾ ਵੀ ਬੜਾ ਜ਼ਰੂਰੀ ਹੈ। ਚੰਗਾ ਹੋਵੇ ਜੇ ਕੋਈ ਇਕ ਸਲੋਕ ਪ੍ਰੇਮ ਸਹਿਤ ਬੋਲ ਕੇ, ਸੰਗਤਾਂ ਨੂੰ ਸ੍ਰੀ ਮੁਖ ਵਾਕ ਸਰਵਣ ਕਰਵਾਇਆ ਜਾਵੇ। ਬਹੁਤੀ ਥਾਈਂ ਦੇਖਿਆ ਹੈ ਕਿ ਸੱਤ-ਅੱਠ ਘੰਟੇ ਚੱਲੇ ਸਮਾਗਮ ਦੀ ਸਮਾਪਤੀ ਮੌਕੇ ਪ੍ਰਸ਼ਾਦ ਵਰਤਾਉਣ ਲਈ ਥਾਲ, ਬਾਟੇ ਆਦਿਕ ਲਿਆਉਣ ਲਈ ਸੇਵਾਦਾਰ ਐਨ ਮੌਕੇ 'ਤੇ ਭੱਜ-ਦੌੜ ਕਰਦੇ ਹਨ। ਇਨ੍ਹਾਂ ਬਰਤਨਾਂ ਦਾ ਪ੍ਰਬੰਧ ਵੀ, ਪੰਡਾਲ ਵਿਚ ਦੇਗ ਲਿਆਉਣ ਵੇਲੇ ਹੀ ਕਰ ਲੈਣਾ ਚਾਹੀਦਾ ਹੈ। ਦੇਖਾ ਦੇਖੀ ਇਕ ਰੀਤ ਇਹ ਚੱਲ ਪਈ ਹੈ ਕਿ ਪੰਜਾਂ ਪਿਆਰਿਆਂ ਦਾ ਗੱਫਾ ਥਾਲ ਵਿਚ ਪਾ ਕੇ ਗ੍ਰੰਥੀ ਸਿੰਘ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਆ ਖੜ੍ਹਾ ਹੁੰਦਾ ਹੈ!! ਜਦੋਂ ਅਰਦਾਸ ਕਰਦਿਆਂ 'ਦੇਗ ਪ੍ਰਵਾਨ ਹੋਵੇ' ਕਹਿ ਲਿਆ ਜਾਂਦਾ ਹੈ ਤਾਂ ਫਿਰ ਉਪਰੋਕਤ 'ਰੀਤ' ਦੀ ਕੋਈ ਤੁਕ ਨਹੀਂ ਬਣਦੀ। ਮਰਯਾਦਾ ਅਨੁਸਾਰ ਦੇਗ ਵਰਤਾਉਣ ਲੱਗਿਆਂ, ਪੰਜਾਂ ਪਿਆਰਿਆਂ ਦਾ ਗੱਫਾ, ਸੰਗਤ ਵਿਚ ਬੈਠੇ ਪੰਜ ਅੰਮ੍ਰਿਤਧਾਰੀ ਸਿੰਘਾਂ ਨੂੰ ਵਰਤਾਉਣ ਬਾਅਦ ਹੀ ਕੌਲੇ ਵਿਚ ਗੱਫਾ, ਤਾਬਿਆ ਬੈਠੇ ਸਿੰਘ ਨੂੰ ਦੇਣਾ ਚਾਹੀਦਾ ਹੈ। ਬਹੁਤੀ ਥਾਈਂ ਅਣਜਾਣਤਾ ਵਿਚ ਪੰਜਾਂ ਪਿਆਰਿਆਂ ਦੇ ਗੱਫੇ ਨਾਲ ਹੀ ਕੌਲੇ ਵਿਚ 'ਛੇਵਾਂ ਗੱਫਾ' ਵੀ ਰੱਖਿਆ ਜਾਂਦਾ ਹੈ ਜੋ ਮਨਮਤਿ ਹੈ। ਯਾਦ ਰੱਖਣਯੋਗ ਗੱਲ ਇਹ ਹੈ ਕਿ ਕੌਲੇ 'ਚ ਰੱਖਿਆ ਜਾਣ ਵਾਲਾ ਪ੍ਰਸ਼ਾਦ 'ਮਹਾਰਾਜ' ਵਾਸਤੇ ਬਿਲਕੁਲ ਨਹੀਂ, ਸਗੋਂ ਚੌਰ ਦੀ ਸੇਵਾ ਕਰਨ ਵਾਲੇ ਤਾਬਿਆ ਸਜੇ ਹੋਏ ਸਿੰਘ ਲਈ ਹੁੰਦਾ ਹੈ। ਪ੍ਰਸ਼ਾਦ ਵਰਤਾਉਣ ਵਾਲੇ ਪ੍ਰੇਮੀਆਂ ਦੇ ਹੱਥਾਂ ਦੇ ਨਹੁੰ ਆਦਿਕ ਸਾਫ਼ ਹੋਣੇ ਜ਼ਰੂਰੀ ਹਨ। ਉਂਗਲੀ ਜਾਂ ਹੱਥ ਉੱਪਰ ਪੱਟੀ ਬੰਨ੍ਹ ਕੇ ਪ੍ਰਸ਼ਾਦ ਵਰਤਾਉਣ ਦੀ ਸੇਵਾ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਆਮ ਤੌਰ 'ਤੇ ਹਰ ਛੋਟੇ ਵੱਡੇ ਸਮਾਗਮ ਦੀ ਵੀਡੀਓ-ਗ੍ਰਾਫੀ ਰਾਹੀਂ ਫਿਲਮ ਜ਼ਰੂਰ ਬਣਾਈ ਜਾਂਦੀ ਹੈ। ਇਹ ਕੰਮ ਵੀ ਯੋਗ ਢੰਗ ਨਾਲ ਕਰਨਾ ਚਾਹੀਦਾ ਹੈ। ਬਹੁਤੀ ਥਾਈਂ ਫੋਟੋਗ੍ਰਾਫਰਾਂ ਦੀ 'ਹੋੜ' ਇੱਧਰ-ਉੱਧਰ ਦੌੜ ਕੇ ਸਮਾਗਮ ਵਿਚ ਬੇ-ਰਸੀ ਪੈਦਾ ਕਰਦੀ ਹੈ। ਕਿਸੇ ਕਾਰੀਗਰ ਫੋਟੋਗ੍ਰਾਫਰ ਤੋਂ ਇਹ ਕੰਮ ਕਰਵਾਇਆ ਜਾਵੇ, ਜੋ ਇਕ ਜਗ੍ਹਾ ਸਟੈਂਡ 'ਤੇ ਕੈਮਰਾ ਰੱਖ ਕੇ ਸਹਿਜ ਨਾਲ ਫਿਲਮ ਬਣਾਵੇ। ਸਿਰੋਂ ਮੋਨੇ ਵਿਅਕਤੀਆਂ ਲਈ ਪੂਰਾ ਸਿਰ ਕੱਜਣ ਲਈ ਪੂਰਾ ਬੰਦੋਬਸਤ ਕਰਨਾ ਚਾਹੀਦਾ ਹੈ। ਕਈ ਵਾਰ ਇਹ ਸੱਜਣ 'ਲੀਰ ਜਿਹੀ' ਮੱਥੇ ਤੇ ਬੰਨ੍ਹ ਕੇ ਸੰਗਤ ਵਿਚ ਬੈਠ ਜਾਂਦੇ ਹਨ, ਜੋ ਦੇਖਣ ਨੂੰ ਬੁਰੇ

ਲੱਗਦੇ ਹਨ। ਯਾਦ ਰਹੇ ਸੰਗਤ ਵਿਚ 'ਸਿਰ ਢੱਕ' ਕੇ ਬੈਠਣ ਦਾ ਵਿਧਾਨ ਹੈ ਨਾ ਕਿ ਮੱਥੇ 'ਤੇ ਪੱਟੀ ਜਿਹੀ ਬੰਨ੍ਹਣ ਦਾ। ਕਈ ਸੱਜਣ ਗੁਰੂ ਮਹਾਰਾਜ ਦੇ ਦਰਬਾਰ ਵਿਚ ਛੋਟੀ ਕੇਸਕੀ ਸਜਾ ਕੇ ਹੀ ਆ ਜਾਂਦੇ ਹਨ। ਇਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪੂਰੀ ਦਸਤਾਰ ਸਜਾ ਕੇ ਹੀ ਸਾਨੂੰ ਸਮਾਗਮਾਂ ਵਿਚ ਹਾਜ਼ਰੀ ਭਰਨੀ ਚਾਹੀਦੀ ਹੈ।

ਹਰ ਸਮਾਗਮ ਵਿਚ ਸਭ ਤੋਂ ਵੱਡੀ ਗੱਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਕਾਇਮ ਰੱਖਣ ਦੀ ਹੋਣੀ ਚਾਹੀਦੀ ਹੈ। ਸਮਾਗਮ ਦੀ ਸਮਾਪਤੀ ਬਾਅਦ, ਫੌਰਨ ਇਹ ਸੂਚਨਾ ਦੇਣੀ ਚਾਹੀਦੀ ਹੈ ਕਿ ਜਦੋਂ ਤੱਕ ਮਹਾਰਾਜ ਦਾ ਸਰੂਪ ਆਪਣੇ 'ਨਿੱਜ ਅਸਥਾਨ' ਉੱਪਰ ਨਹੀਂ ਲੈ ਜਾਇਆ ਜਾਂਦਾ, ਉਦੋਂ ਤੱਕ ਸੰਗਤ ਵਿਚੋਂ ਕੋਈ ਮਾਈ ਭਾਈ, ਉੱਠ ਕੇ ਜਾਣ ਦੀ ਕਾਹਲ ਨਾ ਕਰੇ। ਅਜਿਹਾ ਕਰਨਾ ਸਤਿਗੁਰੂ ਜੀ ਦੀ ਬੇਅਦਬੀ ਦੇ ਤੁਲ ਹੈ।

ਕੁਦਰਤ ਦੇ ਨਿਯਮ ਅਨੁਸਾਰ ਬ੍ਰਹਿਮੰਡ ਵਿਚ ਹਰ ਚੀਜ਼ 'ਨਿਸਚਿਤ ਮਰਯਾਦਾ' ਵਿਚ ਚੱਲ ਰਹੀ ਹੈ। ਸੂਰਜ, ਤਾਰੇ ਅਤੇ ਅਨੇਕਾਂ ਗ੍ਰਹਿ ਸਦੀਵੀ ਨਿਯਮ ਵਿਚ ਚੱਲ ਰਹੇ ਹਨ। ਕਿਨਾਰਿਆਂ ਵਿਚਕਾਰ ਵਗਦੇ ਜਾਣਾ, ਦਰਿਆ ਦੀ ਮਰਯਾਦਾ ਹੈ। ਪਰੰਤੂ ਜਦੋਂ ਦਰਿਆ ਆਪਣੀ ਮਰਯਾਦਾ ਨੂੰ ਤੋੜ ਕੇ ਵਗਦਾ ਹੈ ਤਾਂ ਭਿਆਨਕ ਹੜ੍ਹ ਆਉਂਦੇ ਹਨ, ਤਬਾਹੀ ਮੱਚਦੀ ਹੈ, ਜਾਨੀ ਨੁਕਸਾਨ ਹੁੰਦਾ ਹੈ। ਇਸੇ ਤਰ੍ਹਾਂ ਹਰ ਧਰਮ ਦੇ ਅਨੁਯਾਈ ਲਈ, ਆਪਣੇ ਧਰਮ ਅਸੂਲਾਂ ਦਾ ਅਨੁਸਰਣ ਕਰਨਾ ਜ਼ਰੂਰੀ ਹੈ। ਇਥੋਂ ਤੱਕ ਕਿ ਨਾਸਤਕ ਵਿਚਾਰਧਾਰਾ ਦੇ ਵੀ ਕੁਝ ਅਸੂਲ ਹਨ, ਨਿਯਮ ਹਨ। ਗੁਰੂ ਨਾਨਕ ਦੇ ਸਾਜੇ ਨਿਰਮਲ ਪੰਥ, ਜਿਸ ਨੂੰ ਦਸਮ-ਗੁਰੂ ਨੇ ਖੰਡੇ ਦੀ ਪਾਹੁਲ ਛਕਾ ਕੇ 'ਖ਼ਾਲਸਾ ਪੰਥ' ਦਾ ਨਾਂ ਦਿੱਤਾ, ਨੂੰ ਵੀ ਵਰਤਮਾਨ ਸਮੇਂ ਕਈ ਸੰਕਟਮਈ ਪ੍ਰਸਥਿਤੀਆਂ ਵਿਚੀਂ ਲੰਘਣਾ ਪੈ ਰਿਹਾ ਹੈ, ਜਿਨ੍ਹਾਂ ਦਾ ਮੂਲ ਕਾਰਨ ਹੈ ਕਿ ਅਸੀਂ ਆਪਣੇ ਧਾਰਮਿਕ ਸਿਧਾਂਤਾਂ ਤੋਂ ਪਿੱਠ ਮੋੜੀ ਜਾ ਰਹੇ ਹਾਂ ਅਤੇ ਮਨਮਤਿ ਵਿਚ ਫਸਦੇ ਜਾ ਰਹੇ ਹਾਂ। ਧਾਰਮਿਕ ਸਮਾਗਮਾਂ, ਜੋੜ-ਮੇਲਿਆਂ ਵਿਚੋਂ ਹੀ ਸਾਨੂੰ ਗੁਰ-ਉਪਦੇਸ਼ ਮਿਲਣਾ ਸੀ, ਪਰ ਉੱਥੇ ਉੱਪਰ-ਵਰਣਿਤ ਕੁਰੀਤੀਆਂ, ਕਾਲੇ ਬੱਦਲ ਦੇ ਰੂਪ ਵਿਚ ਸੱਚ ਚੰਦਰਮਾ ਨੂੰ ਕੱਜਣ ਦਾ ਯਤਨ ਕਰ ਰਹੀਆਂ ਹਨ। ਹਾਲਾਤ ਮੰਗ ਕਰਦੇ ਹਨ ਕਿ ਇਕ ਹੋਰ 'ਸਿੰਘ ਸਭਾ ਲਹਿਰ' ਚਲਾਈ ਜਾਵੇ। ਕੌਮ ਉਡੀਕ ਰਹੀ ਹੈ ਕਿਸੇ ਦਿੱਤ ਸਿੰਘ ਵਰਗੇ ਫੱਕਰ ਪ੍ਰਚਾਰਕ ਨੂੰ, ਕਿਸੇ ਸਿਦਕੀ ਪ੍ਰੋਫੈਸਰ ਗੁਰਮੁਖ ਸਿੰਘ ਵਰਗੇ ਨੂੰ ...। ਧਰਮ ਅਸੂਲਾਂ ਤੋਂ ਬੇਮੁਖ ਹੋਣ ਨਾਲ, ਕੌਮੀ-ਭਾਵਨਾ ਵੀ ਅਲੋਪ ਹੋ ਜਾਂਦੀ ਹੈ, ਪੰਥਕ-ਪਿਆਰ ਦਾ ਮੋਹ ਭਰਿਆ ਜਜ਼ਬਾ ਵੀ ਨਹੀਂ ਪਨਪਦਾ। ਇਸੇ ਘਾਟ ਪ੍ਰਤੀ ਡਾਕਟਰ ਅਲਾਮਾ ਇਕਬਾਲ ਦੀਆਂ ਇਨ੍ਹਾਂ ਸਤਰਾਂ ਨਾਲ ਲੇਖ ਸਮਾਪਤ ਕਰਦਾ ਹਾਂ :

ਦਾਮਨੇ-ਦੀਂ ਹਾਥ ਸੇ ਛੂਟਾ,
ਤੋ ਜ਼ਮੱਈਅਤ ਕਹਾਂ?
ਜ਼ਮਈਅੱਤ ਹੂਈ ਰੁਖ਼ਸਤ,
ਤੋ ਮਿੱਲਤ ਭੀ ਗਈ!!

◆◆◆

ਲਘੂ-ਕਥਾ

ਪਖੰਡ ਦੀ ਪੱਗ

ਅਖੌਤੀ ਸੰਤ ਮਹਾਰਾਜ ਨੇ ਸ਼ਹਿਰ ਦੇ ਨਾਮਵਰ ਗੁਰਦੁਆਰੇ ਵਿਚ ਰੋਜ਼ਾਨਾ ਕਥਾ ਦਾ ਪ੍ਰਵਾਹ ਸ਼ੁਰੂ ਕੀਤਾ ਸੀ। ਸ਼ਾਮ ਨੂੰ ਉਹਨਾਂ ਨੇ ਸ਼ਬਦ-ਵਿਚਾਰ ਕੀਤੀ। ਗੁਰਸਿੱਖਾਂ ਨੂੰ ਸ੍ਰੇਸ਼ਟ ਦਸਦਿਆਂ ਆਖਿਆ, 'ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥' 'ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥' ਅਤੇ 'ਸੰਤ ਕਾ ਨਿੰਦਕੁ ਮਹਾ ਹਤਿਆਰਾ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥'

ਸ਼ਬਦ-ਵਿਚਾਰ ਤੋਂ ਉਪਰੰਤ ਅਖੌਤੀ ਸੰਤ ਜੀ ਆਪਣੇ ਕਮਰੇ ਵਿਚ ਲੱਗੇ ਸੁੰਦਰ ਗਦੇਲੇ ਵਾਲੇ ਆਸਣ 'ਤੇ ਬਿਰਾਜਮਾਨ ਹੋ ਗਏ। ਕੁਝ ਚੇਲੇ ਉਨ੍ਹਾਂ ਕੋਲ ਹੱਥ ਬੱਧੀ ਖੜ੍ਹੇ ਸਨ। ਛੱਤ ਵਾਲਾ ਪੱਖਾ ਚੱਲਣ ਦੇ ਬਾਵਜੂਦ ਵੀ ਇਕ ਸੇਵਾਦਾਰ ਉਹਨਾਂ ਨੂੰ ਵਧੀਆ ਸ਼ਨੀਲ ਦੀ ਬਣੀ ਹੋਈ ਪੱਖੀ ਝੱਲ ਰਿਹਾ ਸੀ। ਸੰਗਤਾਂ ਉਹਨਾਂ ਦੇ ਪੈਰੀਂ ਹੱਥ ਲਾਉਣ ਲੱਗ ਪਈਆਂ ਅਤੇ ਉਹ ਅਸ਼ੀਰਵਾਦ ਦੇਣ ਲੱਗ ਪਏ।

ਕੋਲ ਖਲੋਤੇ ਗੁਰਸਿੱਖ ਨੇ ਕਿਹਾ – "ਸੰਤ ਜੀ! ਹੁਣੇ ਤੁਸੀਂ ਸ਼ਬਦ-ਵਿਚਾਰ ਕਰਦੇ ਹੋਏ ਸਿੱਖਾਂ ਨੂੰ ਸਭ ਤੋਂ ਉੱਚਾ ਦਰਜਾ ਦੇ ਰਹੇ ਸੀ ਤੇ ਹੁਣੇ ਹੀ ਉਹਨਾਂ ਕੋਲੋਂ ਪੈਰਾਂ ਨੂੰ ਹੱਥ ਲਗਵਾ ਰਹੇ ਹੋ?" ਸੰਤ ਜੀ ਨੇ ਉੱਤਰ ਦਿੱਤਾ, "ਮੈਂ ਤਾਂ ਇਹਨਾਂ ਨੂੰ ਪੈਰੀਂ ਹੱਥ ਲਾਉਣ ਲਈ ਨਹੀਂ ਕਹਿ ਰਿਹਾ ਹਾਂ! ਇਹ ਬਦੋ-ਬਦੀ ਮੇਰੇ ਪੈਰਾਂ ਨੂੰ ਹੱਥ ਪਏ ਲਗਾਉਂਦੇ ਹਨ ਤਾਂ ਦੱਸੋ ਮੈਂ ਕੀ ਕਰ ਸਕਦਾ ਹਾਂ?"

ਗੁਰਸਿੱਖ ਨੇ ਅਖੌਤੀ ਸੰਤ ਨੂੰ ਕਿਹਾ, "ਹੁਣ ਜੇਕਰ ਕੋਈ ਬਦੋ-ਬਦੀ ਤੁਹਾਡੀ ਪੱਗ ਉਤਾਰਨ ਲੱਗੇ ਤਾਂ ਕੀ ਤੁਸੀਂ ਉਤਾਰਨ ਦੇਵੋਗੇ?" ਹੁਣ ਅਖੌਤੀ ਸੰਤ ਦੇ ਦੋਨੋਂ ਹੱਥ ਸਿਰ 'ਤੇ ਬੰਨ੍ਹੀ ਗੋਲ ਦਸਤਾਰ 'ਤੇ ਖਲੋ ਗਏ। ਉਸ ਨੂੰ ਇੰਜ ਮਹਿਸੂਸ ਹੋਇਆ, ਜਿਵੇਂ ਸੱਚਮੁੱਚ ਕਿਸੇ ਨੇ ਪਖੰਡ ਦੀ ਪੱਗ ਉਤਾਰ ਦਿੱਤੀ ਹੋਵੇ।

ਭਾਈ ਨਿਰਮਲ ਸਿੰਘ ਕੇਸਗੜ੍ਹੀਆ, ਰਣਜੀਤ ਨਗਰ, ਨਵੀਂ ਦਿੱਲੀ

ਵਿਚਾਰਧਾਰਾ

ਸਵੱਯੇ॥ਪਾ: ੧੦॥ — ਵਿਚਾਰ ਦਰਸ਼ਨ

ਡਾ. ਗੁਰਚਰਨ ਸਿੰਘ, ਸਹਾਰਨਪੁਰ

ਅੰਮ੍ਰਿਤ ਤੇ ਨਿਤਨੇਮ ਦੀ ਬਾਣੀ 'ਸਵੱਯੇ॥ ਪਾ:੧੦॥' ਦਾ ਪਾਠ ਸਿੱਖੀ ਦੀ ਮਰਯਾਦਾ ਵਿੱਚ ਅੰਮ੍ਰਿਤ ਦੀ ਤਿਆਰੀ ਸਮੇਂ ਦੀਆਂ ਪੰਜ ਬਾਣੀਆਂ : ਜਪੁ ਜੀ ਸਾਹਿਬ, ਜਾਪੁ ਸਾਹਿਬ, ਸਵੱਯੇ, ਚੌਪਈ ਤੇ ਅਨੰਦੁ ਸਾਹਿਬ ਨਾਲ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਹਰ ਗੁਰਸਿੱਖ ਲਈ ਰੋਜ਼ਾਨਾ ਨਿਤਨੇਮ ਦੀਆਂ ਜਿਨ੍ਹਾਂ ਪੰਜ ਬਾਣੀਆਂ ਦਾ ਪਾਠ ਕਰਨ ਦੀ ਹਦਾਇਤ ਹੈ, ਉਹ ਹਨ : ਜਪੁ ਜੀ, ਜਾਪੁ ਸਾਹਿਬ ਅਤੇ ਸਵੱਯੇ (ਅੰਮ੍ਰਿਤ ਵੇਲੇ ਦਾ ਪਾਠ), ਰਹਰਾਸਿ (ਸੰਧਿਆ ਵੇਲੇ ਦਾ ਪਾਠ) ਅਤੇ ਸੋਹਿਲਾ (ਸੌਣ ਵੇਲੇ ਦਾ ਪਾਠ)। ਇਵੇਂ ਗੁਰਸਿੱਖ ਦੇ ਨਿਤਨੇਮ ਦੀਆਂ ਬਾਣੀਆਂ ਵਿੱਚ 'ਸਵੱਯੇ॥ ਪਾ:੧੦॥' ਸ਼ਾਮਲ ਹਨ। ਇਹ ਬਾਣੀ 'ਅਕਾਲ ਉਸਤਤ' ਦੇ ਛੰਦ 21 ਤੋਂ 30 ਹੇਠ ਅੰਕਿਤ ਹੈ। ਇਹ ਬਾਣੀ ਅੰਮ੍ਰਿਤ ਦੀਆਂ ਬਾਣੀਆਂ ਵਿਚ ਸ਼ਾਮਲ ਹੈ, ਇਸ ਲਈ ਸੁਭਾਵਿਕ ਨਿਰਣੈ ਨਿਕਲਦਾ ਹੈ ਕਿ ਇਸ ਬਾਣੀ ਦੀ ਰਚਨਾ ਸੰਨ 1699 ਦੇ ਖ਼ਾਲਸਾ ਸਿਰਜਣ ਦੇ ਪਾਵਨ ਅਵਸਰ ਤੋਂ ਕਾਫੀ ਪਹਿਲੇ ਹੋਈ ਹੈ ਅਤੇ ਉਦੋਂ ਤਕ ਇਸ ਬਾਣੀ ਦੇ ਪਾਠ ਦੇ ਪ੍ਰਚਲਿਤ ਹੋਣ ਬਾਰੇ ਕੋਈ ਸੰਦੇਹ ਨਹੀਂ ਰਹਿ ਜਾਂਦਾ।

(ੳ) ਸਿਰਜਣ ਮਨੋਰਥ :

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਨਾਨਕ ਦੇਵ ਜੀ ਨਾਲ ਤੁਰੀ ਗੁਰਸਿੱਖੀ ਦੇ ਵਿਕਾਸ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ ਆਪਣੇ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਡੂੰਘੀ ਤਰ੍ਹਾਂ ਘੋਖਿਆ। ਉਨ੍ਹਾਂ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਮਹਾਂ ਬਲੀਦਾਨ, ਜੋ ਮੁਗਲ ਸਾਮਰਾਜ ਵੱਲੋਂ ਢਾਹੇ ਜਾ ਰਹੇ ਧਾਰਮਿਕ, ਸਭਿਆਚਾਰਕ ਤੇ ਸਿਆਸੀ ਆਤੰਕ ਤੇ ਜਬਰ ਵਿਰੁੱਧ ਧਰਮ ਤੇ ਮਾਨਵੀ ਸੁਤੰਤਰਤਾ ਦੀ ਰਾਖੀ ਲਈ ਦਿੱਤੇ ਗਏ ਸਨ, ਤੋਂ ਭੈ-ਭੀਤ ਹੋਏ ਲੋਕਾਂ ਦੇ ਮਨਾਂ ਅੰਦਰ ਜਾਬਰ ਤੇ ਜ਼ਾਲਿਮ ਮੁਗ਼ਲ ਸਰਕਾਰ ਦੇ ਟਾਕਰੇ ਲਈ ਬੀਰਤਾ ਦੀ ਭਾਵਨਾ ਜਗਾਉਣ ਅਤੇ **"ਧਰਮ ਯੁੱਧ ਦਾ ਚਾਉ"** ਉਜਾਗਰ ਕਰਨ ਦਾ ਬੀੜਾ ਚੁੱਕ ਲਿਆ। ਉਨ੍ਹਾਂ ਨੇ ਇਸ ਕਾਰਜ ਦੀ ਸਕ੍ਰਿਅਤਾ ਲਈ ਖੰਡਾ ਖੜਕਾਉਣ ਦੀ ਲੋੜ ਨੂੰ ਭਾਂਪ ਲਿਆ। ਉਨ੍ਹਾਂ ਨੇ ਸਿੱਖਾਂ ਨੂੰ 'ਖ਼ਾਲਸਾ' ਰੂਪ ਵਿਚ ਉਭਾਰਣ ਲਈ ਸਭ ਤੋਂ ਪਹਿਲਾਂ ਗੁਰਬਾਣੀ ਦੀ ਪ੍ਰਥਮ ਬਾਣੀ 'ਜਪੁ ਜੀ' ਦੇ ਸਿਧਾਂਤਾਂ ਦੀ 'ਜਾਪੁ' ਸਾਹਿਬ ਦੇ ਰੂਪ ਵਿਚ ਇਕ ਵੱਖਰੀ ਹੀ ਤਰ੍ਹਾਂ ਦੀ ਬੀਰ-ਰਸੀ ਸ਼ੈਲੀ ਵਿਚ ਸਿਰਜਣਾ ਕੀਤੀ। ਫਿਰ ਉਹਨਾਂ ਹੀ ਸਿਧਾਂਤਾਂ ਦੀ ਵਿਆਖਿਆ ਦਾ ਕਾਰਜ 'ਅਕਾਲ ਉਸਤਤ' ਦੀ ਸਿਰਜਣਾ ਦੁਆਰਾ ਸਿਰੇ ਚਾੜ੍ਹਿਆ, ਜਿਸ ਰਚਨਾ ਦਾ ਭਾਗ 'ਸਵੱਯੇ॥ ਪਾ:੧੦॥' ਬਾਣੀ ਹੈ।

ਇਸ ਬਾਣੀ ਦਾ ਮਨੋਰਥ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਅੰਦਰ ਬੀਰ ਰਸੀ ਭਾਵਨਾ ਉਜਾਗਰ ਕਰਕੇ ਸੰਤ-ਸਿਪਾਹੀ ਵਾਲੇ ਜੀਵਨ ਸਿਧਾਂਤਾਂ ਨੂੰ ਦ੍ਰਿੜ੍ਹ ਕਰਵਾਉਣਾ ਹੈ। ਇਹ ਇਕ ਵਿਕਾਸ ਪ੍ਰਕ੍ਰਿਆ ਦਾ ਕਾਰਜ ਸੀ ਕਿ 'ਗੁਰਮੁਖਿ' ਨੂੰ ਕਰਮ-ਭੂਮੀ ਬਖਸ਼ ਕੇ 'ਖ਼ਾਲਸਾ' ਰੂਪ ਵਿਚ ਢਾਲਿਆ ਜਾਵੇ, ਜੋ ਸੱਚਾ, ਸੁੱਚਾ ਤੇ ਆਜ਼ਾਦ ਜੀਵਨ ਜੀਉ ਕੇ ਪਰਉਪਕਾਰ ਅਤੇ ਉਧਾਰ ਦੀ ਖ਼ਾਤਰ ਕੁਰਬਾਨੀ ਦੇ ਮੈਦਾਨ ਵਿਚ ਜੂਝਣ ਲਈ ਸਦਾ ਤਿਆਰ-ਬਰ-ਤਿਆਰ ਰਹੇ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਜਥੇਬੰਦੀ ਦਾ ਉਦੇਸ਼ ਇਹੋ ਸੀ ਕਿ ਅਕਾਲ ਪੁਰਖ ਦਾ ਟੇਕਧਾਰੀ ਹੋ ਕੇ ਮੌਤ ਤੋਂ ਬੇ-ਡਰ ਹੋ ਕੇ, ਸੱਚ ਆਚਾਰੀ ਜੀਵਨ ਬਿਤਾਉਂਦਿਆਂ ਹਰ ਤਰ੍ਹਾਂ ਦੀਆਂ ਮੁਲਕੀ, ਧਾਰਮਿਕ ਤੇ ਸਮਾਜਿਕ ਕਠਿਨਾਈਆਂ ਦੇ ਸਾਹਮਣੇ ਕੁਰਬਾਨੀ ਦੇ ਪੱਖ ਨੂੰ ਗ੍ਰਹਿਣ ਕਰ ਕੇ ਉਤਸ਼ਾਹ ਭਰਪੂਰ ਕਾਰਜ ਸਾਧਕ ਜੀਵਨ ਸਫ਼ਲਾ ਕਰੇ।

(ਅ) ਵਿਚਾਰ ਦਰਸ਼ਨ :

"ਸਵੱਯੇ॥ ਪਾ: ੧੦॥" ਬਾਣੀ ਦੇ ਵਿਚਾਰ ਦਰਸ਼ਨ ਨੂੰ ਸਮਝਣ ਲਈ ਇਸ ਬਾਣੀ ਦੇ ਭਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਵਿਚਾਰਨਾ ਜ਼ਰੂਰੀ ਬਣਦਾ ਹੈ, ਕਿਉਂਕਿ ਗੁਰਮਤਿ ਦੇ ਪ੍ਰਮਾਣਿਕ ਸਿਧਾਂਤਾਂ ਦਾ ਮੂਲ ਸਰੋਤ ਗੁਰਬਾਣੀ ਹੀ ਹੈ। ਇਸ ਬਾਣੀ ਵਿਚ ਇਸ਼ਟ ਸਰੂਪ ਅਕਾਲ ਪੁਰਖ ਦੀ ਹਸਤੀ ਸ਼ਕਤੀ ਵਿੱਚ ਅਤੁੱਟ ਵਿਸ਼ਵਾਸ ਪ੍ਰਗਟ ਕਰਕੇ, ਇਸ਼ਟ ਸਰੂਪ ਅਕਾਲ ਪੁਰਖ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਵੱਖ-ਵੱਖ ਧਰਮਾਂ-ਕਰਮਾਂ ਦਾ ਵਿਸ਼ਲੇਸ਼ਣ ਕਰਦਿਆਂ, ਅਕਾਲ ਪੁਰਖ ਨਾਲ ਅਭੇਦਤਾ ਪ੍ਰਾਪਤ ਕਰਨ ਲਈ ਪ੍ਰਭੂ ਪ੍ਰੇਮ ਦੇ ਮਾਰਗ ਉਤੇ ਜ਼ੋਰ ਦਿੰਦਿਆਂ ਮਾਨਵ ਜੀਵਨ ਦੇ ਲਕਸ਼ ਨੂੰ ਸਪੱਸ਼ਟ ਭਾਂਤ ਦਰਸਾਇਆ ਗਿਆ ਹੈ।

(1) ਇਸ ਬਾਣੀ ਵਿਚ ਸਭ ਤੋਂ ਪਹਿਲਾਂ ਦੱਸਿਆ ਹੈ, ਕਿ ਸ੍ਰਾਵਗ, ਜੋਗੀ, ਜਤੀ, ਸਿੱਧ, ਤਪੀਆਂ, ਸੰਤਾਂ, ਸਾਧਾਂ ਅਤੇ ਹੋਰ ਸਭ ਧਰਮਾਂ ਦੇ ਸਿਧਾਂਤਾਂ ਅਤੇ ਧਰਮ-ਕਰਮਾਂ ਨੂੰ ਵੇਖ ਕੇ ਜਾਂਚ ਲਿਆ ਹੈ ਅਤੇ ਇਨ੍ਹਾਂ ਸਭਨਾਂ ਵਿਚੋਂ ਕੋਈ ਵੀ ਪਰਮਾਤਮਾ ਨਾਲ ਮਿਲਾਪ ਦੀ ਜੁਗਤਿ ਅਤੇ ਇਨਸਾਨੀ ਜੀਵਨ ਲਕਸ਼ ਸਹੀ ਪ੍ਰਕਾਰ ਨਹੀਂ ਦਸਦਾ। ਇਸ ਲਈ ਇਨ੍ਹਾਂ ਸਭ ਦਾ ਪ੍ਰਸੰਗਕ ਮੁੱਲ ਕੁਝ ਨਹੀਂ ਦੇ ਬਰਾਬਰ ਹੈ ਕਿਉਂਕਿ ਇਹ ਧਰਮ ਤੇ ਸਾਧਨਾਵਾਂ ਪਰਮਾਤਮਾ ਵਿਚ ਅਭੇਦ ਕਰਵਾਉਣ ਦੀ ਸਮਰਥਾ ਨਹੀਂ ਰਖਦੇ ਅਤੇ ਜੀਵਨ ਮਾਰਗ ਦੀ ਪੂਰਨ ਸੋਝੀ ਨਹੀਂ ਦਿੰਦੇ :

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ
ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁੱਧ ਸੁਧਾਦਿਕ
ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ
ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ ਏਕ ਰੱਤੀ ਕੇ ॥੧॥

(2) ਸ੍ਰਾਵਗ, ਜੋਗੀ, ਜਤੀ, ਸਿੱਧ ਤੇ ਤਪਸੀ ਆਦਿ ਬਣਨ ਨਾਲ, ਹੋਰ ਤੀਰਥ ਇਸ਼ਨਾਨ, ਦਾਨ-ਪੁੰਨ, ਗਿਆਨ-ਧਿਆਨ, ਸਮਾਧੀਆਂ, ਦੇਵਤਿਆਂ ਦੀਆਂ ਪੱਥਰ ਮੂਰਤੀਆਂ ਤੇ ਲਿੰਗਾਂ ਦਾ ਪੂਜਨ, ਪੂਰਬ ਜਾਂ ਪੱਛਮ ਵੱਲ ਸਿਜਦੇ — ਸਭ 'ਕੂਰ ਕ੍ਰਿਆ' ਅਰਥਾਤ ਕੂੜ ਕਰਮ ਹੈ, ਜਿਨ੍ਹਾਂ ਵਿਚ ਫਸ ਕੇ ਸਾਰਾ ਜਗ ਉਲਝਿਆ ਹੀ ਰਹਿੰਦਾ ਹੈ। ਇਨ੍ਹਾਂ ਨਿਰਾਰਥਕ ਧਰਮ ਕਰਮਾਂ ਤੇ ਕਰਮ-ਕਾਡਾਂ ਨਾਲ ਕਲਿਆਣ ਨਹੀ ਹੁੰਦਾ ਅਤੇ ਜੀਵਨ ਆਦਰਸ਼ ਦੀ ਸੋਝੀ ਵੀ ਨਹੀਂ ਹੋ ਸਕਦੀ:

ਤੀਰਥ ਨ੍ਹਾਨ ਦਇਆ ਦਮ ਦਾਨ
ਸੁ ਸੰਜਮ ਨੇਮ ਅਨੇਕ ਬਿਸੇਖੈ ॥
ਬੇਦ ਪੁਰਾਨ ਕਤੇਬ ਕੁਰਾਨ
ਜਮੀਨ ਜਮਾਨ ਸਬਾਨ ਕੇ ਪੇਖੈ ॥
ਪਉਨ ਅਹਾਰ ਜਤੀ ਜਤ ਧਾਰ
ਸਬੈ ਸੁ ਬਿਚਾਰ ਹਜਾਰ ਕ ਦੇਖੈ ॥
ਸ੍ਰੀ ਭਗਵਾਨ ਭਜੇ ਬਿਨੁ ਭੂਪਤਿ
ਏਕ ਰਤੀ ਬਿਨੁ ਏਕ ਨ ਲੇਖੈ ॥੪॥
ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ
ਬੈਠਿ ਰਹਿਓ ਬਕ ਧਿਆਨ ਲਗਾਇਓ ॥
ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ
ਲੋਕ ਗਯੋ ਪਰਲੋਕ ਗਵਾਇਓ ॥
ਬਾਸ ਕੀਓ ਬਿਖਿਆਨ ਸੋਂ ਬੈਠ ਕੈ
ਐਸੇ ਹੀ ਐਸੇ ਸੁ ਬੈਸ ਬਿਤਾਇਓ ॥੯॥

ਗੁਰਬਾਣੀ ਵਿਚ ਸਮਝਾਇਆ ਹੈ ਕਿ ਕਰਮ-ਕਾਂਡਾਂ, ਕਠਿਨ ਸਾਧਨਾਵਾਂ ਅਤੇ ਭੇਖੀ ਕਰਮਾਂ ਨਾਲ ਮਨ ਵੱਸ ਵਿਚ ਨਹੀਂ ਆਉਂਦਾ ਅਤੇ ਇਨ੍ਹਾਂ ਕਿਰਿਆਵਾਂ ਨਾਲ ਜੀਵਨ ਨਿਸ਼ਾਨੇ ਦੀ ਸੋਝੀ ਵੀ ਜਾਗ੍ਰਿਤ ਨਹੀਂ ਹੁੰਦੀ, ਜਿਸ ਕਰਕੇ ਪ੍ਰਭੂ ਪ੍ਰਾਪਤੀ ਤੋਂ ਕੋਰੇ ਰਹਿ ਜਾਂਦੇ ਹਾਂ, ਵੇਖੋ :

ਤਪਸੀ ਕਰਿ ਕੈ ਦੇਹੀ ਸਾਧੀ
ਮਨੂਆ ਦਹ ਦਿਸ ਧਾਨਾ ॥
ਬ੍ਰਹਮਚਾਰਿ ਬ੍ਰਹਮਚਜੁ ਕੀਨਾ
ਹਿਰਦੈ ਭਇਆ ਗੁਮਾਨਾ ॥
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ
ਉਸੁ ਮਹਿ ਕ੍ਰੋਧੁ ਬਿਗਾਨਾ ॥੨॥
ਘੂੰਘਰ ਬਾਧਿ ਭਏ ਰਾਮਦਾਸਾ
ਰੋਟੀਅਨ ਕੇ ਓਪਾਵਾ ॥

(ਮਾਰੂ, ਮ: ੫, ਪੰਨਾ ੧੦੦੩)

ਅਸੁਮੇਧ ਜਗਨੇ ॥
ਤੁਲਾ ਪੁਰਖ ਦਾਨੇ ॥
ਪ੍ਰਾਗ ਇਸਨਾਨੇ ॥੧॥
ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥
ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥

(ਗੋਂਡ, ਨਾਮਦੇਉ ਜੀ, ਪੰਨਾ ੮੭੩)

(3) ਇਸ ਬਾਣੀ ਵਿਚ 'ਬੇਦ, ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੈ' ਕਹਿ ਕੇ ਸਪੱਸ਼ਟ ਕੀਤਾ ਹੈ ਕਿ ਵੇਦਾਂ, ਪੁਰਾਣਾਂ, ਸਿਮ੍ਰਤੀਆਂ, ਕੁਰਾਨ ਤੇ ਕਤੇਬਾਂ ਦੇ ਪਾਠ-ਪਠਨ ਤੇ ਜਾਪ ਨਾਲ ਅਤੇ ਗਿਆਨ ਧਿਆਨ ਦੀਆਂ ਸਾਧਨਾਵਾਂ ਦੇ ਯਤਨ ਨਾਲ ਵੀ ਪਰਮਾਤਮਾ ਦਾ ਭੇਦ ਨਹੀਂ ਖੁਲ੍ਹਦਾ ਅਤੇ ਗਤੀ ਨਹੀਂ ਹੁੰਦੀ।

ਗੁਰਬਾਣੀ ਵਿਚ ਵੀ ਫੁਰਮਾਨ ਹੈ ਕਿ ਵੇਦਾਂ, ਸ਼ਾਸਤ੍ਰਾਂ ਤੇ ਹੋਰ ਧਾਰਮਿਕ ਪੁਸਤਕਾਂ ਦੇ ਪਾਠ-ਪਠਨ ਤੇ ਰਟਨ ਵੀ 'ਹਰਿ' ਦੇ ਪਿਆਰ ਦੀ ਅਣਹੋਂਦ ਵਿਚ ਬਹੁਤਾ ਹੰਕਾਰ ਪੈਦਾ ਕਰਨ ਵਾਲਾ ਹੀ ਬਣ ਜਾਂਦਾ ਹੈ ਅਤੇ ਮੁਕਤੀ ਤੋਂ ਦੂਰ ਹੀ ਰੱਖਦਾ ਹੈ :

ਬੇਦ ਸਾਸਤ੍ਰ ਜਨ ਧਿਆਵਹਿ
ਤਰਣ ਕਉ ਸੰਸਾਰੁ ॥
ਕਰਮ ਧਰਮ ਅਨੇਕ ਕਿਰਿਆ
ਸਭ ਊਪਰਿ ਨਾਮੁ ਅਚਾਰੁ ॥

(ਆਸਾ, ਮ: ੫, ਪੰਨਾ ੪੦੫)

ਅਖਰ ਪੜਿ ਪੜਿ ਭੁਲੀਐ
ਭੇਖੀ ਬਹੁਤੁ ਅਭਿਮਾਨੁ ॥
ਤੀਰਥ ਨਾਤਾ ਕਿਆ ਕਰੇ
ਮਨ ਮਹਿ ਮੈਲੁ ਗੁਮਾਨੁ ॥

(ਸਿਰੀਰਾਗੁ, ਮ.੧, ਪੰਨਾ ੬੧)

ਕਥਨੈ ਕਹਣਿ ਨ ਛੁਟੀਐ
ਨਾ ਪੜਿ ਪੁਸਤਕ ਭਾਰ ॥
ਕਾਇਆ ਸੋਚ ਨ ਪਾਈਐ
ਬਿਨੁ ਹਰਿ ਭਗਤਿ ਪਿਆਰ ॥

(ਸਿਰੀਰਾਗੁ, ਮ: ੧, ਪੰਨਾ ੫੯)

(4) ਇਸ ਤੋਂ ਇਲਾਵਾ ਇਹ ਸਿੱਖਿਆ ਦਿੱਤੀ ਹੈ ਕਿ ਇਸ਼ਟ ਕੇਵਲ ਅਕਾਲਪੁਰਖ ਹੀ ਹੈ, ਦੇਵੀ ਦੇਵਤਿਆਂ ਨੂੰ ਉਸ ਦੀ ਥਾਂ ਤੇ ਜਾਣ ਕੇ ਇਸ਼ਟ ਸਮਾਨ ਮੰਨਣਾ ਭੁਲੇਖਾ ਹੈ। ਦੇਵੀ ਦੇਵਤਿਆਂ ਦੇ ਕ੍ਰਿਤਮ ਪ੍ਰਸੰਗ ਨੂੰ ਪ੍ਰਸਤੁਤ ਕਰਦਿਆਂ ਦੱਸਿਆ ਹੈ ਕਿ ਬ੍ਰਹਮਾ, ਵਿਸ਼ਨੂੰ, ਸ਼ਿਵ, ਇੰਦਰ ਅਤੇ ਹੋਰ ਦੇਵਤੇ, ਜਿਨ੍ਹਾਂ ਨੂੰ ਇਸ਼ਟ ਜਾਣ ਕੇ ਪੂਜਾ ਕੀਤੀ ਜਾਂਦੀ ਹੈ, ਇਹ ਸਭ ਤਾਂ ਪਰਮਾਤਮਾ ਦੇ ਹੁਕਮ ਵਿਚ ਹੀ ਜੀਵਨ ਧਾਰ ਕੇ ਕਾਲ ਦੇ ਵੱਸ ਪੈ ਕੇ, ਜਮ ਦੀ ਫਾਹੀ ਵਿਚ ਫਸ ਕੇ ਇਸ ਸੰਸਾਰ ਤੋਂ ਉਠੇ ਹਨ। ਦੇਵੀ ਦੇਵਤੇ ਪਰਮਾਤਮਾ ਦਾ ਬਦਲ ਨਹੀਂ ਹੋ ਸਕਦੇ, ਇਹ ਸਭ ਤਾਂ ਪ੍ਰਭੂ ਲੀਲਾ ਦਾ ਹਿੱਸਾ ਰਹੇ ਹਨ। ਦੇਵੀ ਦੇਵਤਿਆਂ ਨੂੰ ਇਸ਼ਟ ਜਾਣ ਕੇ ਪੂਜਣਾ ਭਰਮ ਕਰਮ ਹੈ:

ਮਾਨਵ ਇੰਦ੍ਰ ਗਜਿੰਦ੍ਰ ਨਰਾਧਿਪ
ਜੌਨ ਤ੍ਰਿਲੋਕ ਕੋ ਰਾਜ ਕਰੈਂਗੇ ॥
ਕੋਟਿ ਇਸ਼ਨਾਨ ਗਜਾਦਿਕ ਦਾਨ
ਅਨੇਕ ਸੁਅੰਬਰ ਸਾਜ ਬਰੈਂਗੇ ॥
ਬ੍ਰਹਮ ਮਹੇਸ਼ਰ ਬਿਸ਼ਨ ਸਚੀਪਤਿ
ਅੰਤ ਫਸੇ ਜਮ ਫਾਸ ਪਰੈਂਗੇ ॥
ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ
ਤੇ ਨਰ ਫੇਰ ਨ ਦੇਹ ਧਰੈਂਗੇ ॥੮॥

ਗੁਰਬਾਣੀ ਵਿਚ ਇਹ ਸਪੱਸ਼ਟ ਭਾਂਤ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਬ੍ਰਹਮਾ, ਵਿਸ਼ਨੂੰ ਤੇ ਸ਼ੰਕਰ ਵਰਗੇ

ਦੇਵਤਿਆਂ ਨੂੰ 'ਹਰਿ' ਆਪੇ ਸਾਜਦਾ ਤੇ ਖ਼ਤਮ ਕਰਦਾ ਹੈ। ਸੋ ਇਸ਼ਟ ਕੇਵਲ 'ਹਰਿ' ਹੀ ਹੈ, ਉਸ ਤੋਂ ਇਲਾਵਾ ਹੋਰ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਬਣਾ ਕੇ ਪੂਜਾ ਕਰਨਾ ਭੁਲੇਖੇ ਵਾਲਾ ਕਰਮ ਹੈ :

ਕੋਟਿ ਬਿਸਨ ਕੀਨੇ ਅਵਤਾਰ॥
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥
ਕੋਟਿ ਬ੍ਰਹਮੇ ਜਗੁ ਸਾਜਣ ਲਾਏ॥੧॥
ਐਸੋ ਧਣੀ ਗੁਵਿੰਦੁ ਹਮਾਰਾ॥
ਬਰਨਿ ਨ ਸਾਕਉ ਗੁਣ ਬਿਸਥਾਰਾ॥੧॥

(ਭੈਰਉ, ਮ: ੫, ਪੰਨਾ ੧੧੫੬)

ਸਤਿਗੁਰੁ ਜਾਗਤਾ ਹੈ ਦੇਉ॥੧॥ ਰਹਾਉ॥
ਬ੍ਰਹਮੁ ਪਾਤੀ ਬਿਸਨੁ ਡਾਰੀ
ਫੂਲ ਸੰਕਰ ਦੇਉ॥
ਤੀਨਿ ਦੇਵ ਪ੍ਰਤਖਿ ਤੋਰਹਿ
ਕਰਹਿ ਕਿਸ ਕੀ ਸੇਉ॥੨॥
ਪਾਖਾਨ ਗਢਿ ਕੈ ਮੂਰਤਿ ਕੀਨੀ
ਦੇ ਕੈ ਛਾਤੀ ਪਾਉ॥
ਜੇ ਏਹ ਮੂਰਤਿ ਸਾਚੀ ਹੈ
ਤਉ ਗੜ੍ਹਣਹਾਰੇ ਖਾਉ॥੩॥

(ਆਸਾ, ਕਬੀਰ ਜੀ, ਪੰਨਾ ੪੭੯)

(5) ਇਸ ਦੇ ਨਾਲ ਹੀ ਦੱਸਿਆ ਹੈ ਕਿ ਵੱਡੇ-ਵੱਡੇ ਪ੍ਰਤਾਪੀ ਰਾਜੇ, ਗੁਮਾਨ ਤੇ ਮਾਣ ਨਾਲ ਭਰੇ ਭੂਪਤ, ਬੀਰ-ਸਿਪਾਹੀਆਂ ਦੀਆਂ ਵਹੀਰਾਂ ਨਾਲ ਦੇਸ ਦੇਸਾਂਤਰਾਂ ਨੂੰ ਜਿੱਤਣ ਤੇ ਵੈਰੀਆਂ ਨੂੰ ਦਲਣ ਵਾਲੇ ਸੂਰਬੀਰ, ਜੋ ਸਭ ਨੂੰ ਆਪਣੀ ਤਾਕਤ ਤੇ ਬਾਹੂਬਲ ਦੀ ਸ਼ਕਤੀ ਨਾਲ ਨਿਵਾਉਂਦਿਆਂ ਪਾਪ ਤੇ ਜ਼ੁਲਮ ਢਾਹੁੰਦੇ ਹਨ, ਵੀ *'ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੋ ਨਾਂਗੇ ਹੀ ਪਾਂਇ ਪਧਾਰੇ'* ਭਾਵ ਅੰਤ ਵਿਚ ਇਸ ਸੰਸਾਰ ਤੋਂ ਖਾਲੀ ਹੱਥ ਤੇ ਨੰਗੇ ਪੈਰ ਹੀ ਉਠਦੇ ਹਨ। ਇਤਨੀ ਸ਼ਕਤੀ ਵਾਲੇ ਸੂਰਬੀਰ ਤੇ ਜਾਬਰ ਭੂਪਤ ਅਕਾਲਪੁਰਖ ਦੇ ਗੁਣਾਂ ਨਾਲੋਂ ਟੁੱਟ ਕੇ ਅੰਤ ਵਿਚ *'ਅੰਤ ਕੇ ਧਾਮ'* ਹੀ ਸਿਧਾਰਦੇ ਹਨ :

ਮਾਤੇ ਮਤੰਗ ਜਰੇ ਜਰ ਸੰਗ
ਅਨੂਪ ਉਤੰਗ ਸੁਰੰਗ ਸਵਾਰੇ॥
ਕੋਟਿ ਤੁਰੰਗ ਕੁਰੰਗ ਸੇ ਕੂਦਤ
ਪਉਨ ਕੇ ਗਉਨ ਕੋ ਜਾਤ ਨਿਵਾਰੇ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ
ਨਿਆਵਤ ਸੀਸ ਨ ਜਾਤ ਬਿਚਾਰੇ॥
ਏਤੇ ਭਏ ਤੁ ਕਹਾ ਭਏ ਭੂਪਤਿ
ਅੰਤ ਕੋ ਨਾਂਗੇ ਹੀ ਪਾਂਇ ਪਧਾਰੇ॥੨॥
ਜੀਤ ਫਿਰੈ ਸਭ ਦੇਸ ਦਿਸਾਨ ਕੋ
ਬਾਜਤ ਢੋਲ ਮ੍ਰਿਦੰਗ ਨਗਾਰੇ॥
ਗੁੰਜਤ ਗੂੜ ਗਜਾਨ ਕੇ ਸੁੰਦਰ
ਹਿੰਸਤ ਹੈਂ ਹਯਰਾਜ ਹਜਾਰੇ॥
ਭੂਤ ਭਵਿੱਖ ਭਵਾਨ ਕੇ ਭੂਪਤਿ
ਕਉਨ ਗਨੈ ਨਹੀਂ ਜਾਤ ਬਿਚਾਰੇ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ
ਅੰਤ ਕਉ ਅੰਤ ਕੇ ਧਾਮ ਸਿਧਾਰੇ॥੩॥

ਫਿਰ ਕਿਤਨੇ ਹੀ ਵੱਡੇ ਸੂਰਬੀਰ ਹੋਣ, ਜਿਨ੍ਹਾਂ ਦੀ ਬਹਾਦਰੀ, ਹਠ, ਤਾਕਤ, ਦ੍ਰਿੜ੍ਹਤਾ ਲਾਸਾਨੀ ਹੋਵੇ, ਜੋ ਹਰ ਤਰ੍ਹਾਂ ਦੇ ਸ਼ਸਤ੍ਰਾਂ ਦੀ ਮਾਰ ਨੂੰ ਸਹਿੰਦਿਆਂ ਆਪਣੇ ਆਕੀਆਂ ਤੇ ਵਿਰੋਧੀਆਂ ਦੇ ਮਾਣ ਤੇ ਹੈਂਕੜ ਨੂੰ ਪਲ ਵਿਚ ਹੀ ਖ਼ਤਮ ਕਰ ਦੇਣ ਵਾਲੇ ਹੋਣ, ਉਹਨਾਂ ਦੀ ਤਾਕਤ ਤੇ ਵਡਿਆਈ ਵੀ ਅੰਤਮ ਸਮੇਂ ਨਾਲ ਨਹੀਂ ਜਾਂਦੀ, ਉਹ ਸਭ ਖਾਲੀ ਹੱਥ ਹੀ ਇਸ ਸੰਸਾਰ ਤੋਂ ਕੂਚ ਕਰਦੇ ਹਨ :

ਸੁੱਧ ਸਿਪਾਹ ਦੁਰੰਤ ਦੁਬਾਹ
ਸੁ ਸਾਜਿ ਸਨਾਹ ਦੁਰਜਾਨ ਦਲੈਂਗੇ॥
ਭਾਰੀ ਗੁਮਾਨ ਭਰੇ ਮਨ ਮੈਂ
ਕਰ ਪਰਬਤ ਪੰਖ ਹਲੈਂ ਨ ਹਲੈਂਗੇ॥
ਤੋਰਿ ਅਰੀਨ ਮਰੋਰਿ ਮਵਾਸਨ
ਮਾਤੇ ਮਤੰਗਨਿ ਮਾਨ ਮਲੈਂਗੇ॥
ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ
ਤਿਆਗਿ ਜਹਾਨ ਨਿਦਾਨ ਚਲੈਂਗੇ॥੫॥
ਬੀਰ ਅਪਾਰ ਬਡੇ ਬਰਿਆਰ
ਅਬਿਚਾਰਹਿ ਸਾਰ ਕੀ ਧਾਰ ਭਛੱਯਾ॥
ਤੋਰਤ ਦੇਸ ਮਲਿੰਦ ਮਵਾਸਨ
ਮਾਤੇ ਗਜਾਨ ਕੇ ਮਾਨ ਮਲੱਯਾ॥
ਗਾੜ੍ਹੇ ਗੜ੍ਹਾਨ ਕੇ ਤੋੜਨਹਾਰ
ਸੁ ਬਾਤਨ ਹੀਂ ਚਕ ਚਾਰ ਲਵੱਯਾ॥
ਸਾਹਿਬੁ ਸ੍ਰੀ ਸਭ ਕੋ ਸਿਰਨਾਇਕ
ਜਾਚਕ ਅਨੇਕ ਸੁ ਏਕ ਦਿਵੱਯਾ॥੬॥

ਗੁਰਬਾਣੀ ਵਿਚ ਵੀ ਬਚਨ ਹੈ ਕਿ ਅਕਾਲਪੁਰਖ ਹੀ ਰਾਜਿਆਂ ਦਾ ਮਹਾਰਾਜਾ, ਹੰਕਾਰੀਆਂ ਤੇ ਪਾਪੀਆਂ ਨੂੰ ਗਰਕ ਕਰਨ ਵਾਲਾ, ਸੁਲਤਾਨਾਂ ਤੇ ਖਾਨਾਂ ਨੂੰ **'ਸੁਲਤਾਨ ਖਾਨ ਕਰੇ ਖਿਨ ਖੀਰੇ'** *(ਗੁ.ਗ੍ਰੰ.ਸਾਹਿਬ, ਪੰਨਾ ੧੦੭੧)* ਅਤੇ ਮਾਣ ਮੱਤਿਆਂ ਦੇ ਝੂਠੇ ਮਾਣ ਨੂੰ ਖ਼ਤਮ ਕਰਕੇ ਅਨਾਥਾਂ ਦਾ ਨਾਥ ਤੇ ਦੀਨਾਂ ਦਾ ਬੰਧੂ ਹੋ ਕੇ ਸਦਾ ਸਹਾਈ ਹੁੰਦਾ ਹੈ।

ਭੁਜ ਬਲ ਬੀਰ ਬ੍ਰਹਮ ਸੁਖ ਸਾਗਰ
ਗਰਤ ਪਰਤ ਗਹਿ ਲੇਹੁ ਅੰਗੁਰੀਆ॥੧॥ ਰਹਾਉ
ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ
ਆਰਤ ਦੁਆਰਿ ਰਟਤ ਪਿੰਗੁਰੀਆ॥੧॥
ਦੀਨਾ ਨਾਥ ਅਨਾਥ ਕਰੁਣਾਮੈ
ਸਾਜਨ ਮੀਤ ਪਿਤਾ ਮਹਤਰੀਆ॥
ਚਰਨ ਕਵਲ ਹਿਰਦੈ ਗਹਿ ਨਾਨਕ
ਭੈ ਸਾਗਰ ਸੰਤ ਪਾਰਿ ਉਤਰੀਆ॥

(ਗਉੜੀ, ਮ: ੫, ਪੰਨਾ ੨੦੩)

ਅਨਾਥ ਨਾਥ ਗੋਬਿੰਦਹ
ਬਲਹੀਣ ਬਲ ਕੇਸਵਹ॥
ਸਰਬ ਭੂਤ ਦਯਾਲ ਅਚੁਤ
ਦੀਨ ਬਾਂਧਵ ਦਾਮਦੋਰਹ॥
ਸਰਬਗ੍ਯ ਪੂਰਨ ਪੁਰਖ ਭਗਵਾਨਹ
ਭਗਤਿ ਵਛਲ ਕਰੁਣਾਮਯਹ॥

(ਸਹਸਕ੍ਰਿਤੀ ਸਲੋਕ, ਮ: ੫, ਪੰਨਾ ੧੩੫੫)

(6) ਇਵੇਂ ਅਗਿਆਨ ਕਲਿਪਤ ਬੰਧਨਾਂ, ਕਰਮ-ਕਾਂਡੀ ਭੁਲੇਖਿਆਂ ਅਤੇ ਬਾਹੂਬਲ ਤਾਕਤ ਦੇ ਝੂਠੇ ਮਾਣ ਤੇ ਹੰਕਾਰ ਦੀ ਬਿਰਤੀ ਨੂੰ ਨਕਾਰਦਿਆਂ ਇਨ੍ਹਾਂ ਸਭ ਦੀ ਅਸਲੀਅਤ ਤੋਂ ਸੁਚੇਤ ਕੀਤਾ ਗਿਆ ਹੈ। ਇਹ ਲੋਕਾਂ ਦੀ ਅਗਿਆਨਤਾ ਹੀ ਹੈ ਕਿ ਉਹ ਬਿਨਾਂ ਕਿਸੇ ਚੀਜ਼ ਦੇ ਗਿਆਨ ਦੇ ਰੁੜ੍ਹੀਆਂ ਉਤੇ ਤੁਰਦੇ, ਪਖੰਡ ਜਾਲ ਵਿਚ ਫਸ ਕੇ ਜੀਵਨ ਅਜਾਈਂ ਗੁਆ ਦਿੰਦੇ ਹਨ ਅਤੇ ਸਰਬ ਸਮਰੱਥ ਅਕਾਲ ਪੁਰਖ ਦੀ

ਪ੍ਰਾਪਤੀ ਤੋਂ ਕੋਰੇ ਹੀ ਰਹਿ ਜਾਂਦੇ ਹਨ। ਇਸ ਬਾਣੀ ਵਿਚ ਪੂਰੇ ਜ਼ੋਰ ਨਾਲ ਦ੍ਰਿੜ ਕਰਵਾਇਆ ਹੈ ਕਿ ਅਕਾਲ ਪੁਰਖ ਦੀ ਪ੍ਰਾਪਤੀ ਦੀ ਸਹੀ ਪਹੁੰਚੀ ਵਿਧੀ ਤੇ ਸਮਰੱਥ ਮਾਧਿਅਮ ਕੇਵਲ ਅਕਾਲ ਪੁਰਖ ਦੀ ਪੂਰਨ ਪ੍ਰੀਤ ਹੈ। ਪ੍ਰਭੂ-ਪ੍ਰੇਮ ਦੀ ਭਾਵਨਾ ਵਿੱਚ ਗੜੂੰਦ ਹੋ ਕੇ, ਪ੍ਰਭੂ ਗੁਣਾਂ ਦੇ ਜਾਪ ਤੇ ਸਿਮਰਨ ਨਾਲ ਮਾਨਵ ਹਿਰਦੇ ਅੰਦਰ ਪ੍ਰਭੂ ਗੁਣਾਂ ਦੇ ਪ੍ਰਕਾਸ਼ ਦੀ ਪ੍ਰਤੀਤੀ ਹੁੰਦੀ ਹੈ, ਜਿਸ ਦੇ ਸਹਾਰੇ ਸਾਧਕ ਸਦ ਗੁਣਾਂ ਦਾ ਧਾਰਨੀ ਬਣ ਜਾਂਦਾ ਹੈ। ਇਸ ਲਈ ਸਭ ਤੋਂ ਉੱਤਮ ਕਰਮ ਪ੍ਰਭੂ ਦਾ ਪ੍ਰੇਮ ਹੈ, ਜੋ ਸਾਰੇ ਜੀਵਨ ਆਦਰਸ਼ਾਂ ਦੀ ਪ੍ਰਾਪਤੀ ਦਾ ਸ੍ਰੋਤ ਹੈ :

ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ,
ਤਿਨ ਹੀ ਪ੍ਰਭ ਪਾਇਓ ॥੯॥

ਇਸ ਤਰ੍ਹਾਂ ਸਮਝਾਇਆ ਹੈ ਕਿ ਪ੍ਰਭੂ ਪ੍ਰੀਤ ਮਨ ਸੋਧਣ ਦਾ ਸਾਧਨ ਹੈ। ਇਸ ਦੀ ਸਾਵਧਾਨਤਾ ਨਾਲ ਹਿਰਦੇ ਵਿਚ ਦ੍ਰਿੜਤਾ ਪੈਦਾ ਹੁੰਦੀ ਹੈ ਅਤੇ ਇਹ ਦ੍ਰਿੜਤਾ ਇਕਾਗਰਤਾ ਵਿਚ ਪਲਟਾ ਖਾ ਜਾਂਦੀ ਹੈ। ਜਦ ਨਿਰਗੁਣ ਅਕਾਲਪੁਰਖ ਦੇ ਪ੍ਰੇਮ ਵਿਚ ਲੀਨ ਹੋ ਕੇ ਉਸ ਦੇ ਗੁਣ ਗਾਇਨ ਕਰਦਿਆਂ ਉਹ ਚਿੱਤ ਵਿਚ ਵੱਸ ਜਾਂਦਾ ਹੈ ਤਾਂ ਪ੍ਰੇਮੀ ਸਾਧਕ ਲਈ ਉਹ ਗੁਣ ਸਰੂਪ ਆਪੇ ਹੀ ਸਰਗੁਣ ਹੋ ਜਾਂਦਾ ਹੈ। ਜੋ ਨਿਰਾਕਾਰ ਹੈ, ਉਹ ਇਵੇਂ ਗੁਣਾਕਾਰ ਹੋ ਜਾਂਦਾ ਹੈ। **ਸੋ ਜੋ ਆਪਣੇ ਆਪ ਨੂੰ ਉਸ ਦੀਆਂ ਗੁਣ ਵਡਿਆਈਆਂ ਨਾਲ ਭਰ ਲੈਂਦੇ ਹਨ, ਉਨ੍ਹਾਂ ਨੂੰ ਹੀ ਉਸ ਨਿਰਗੁਣ ਦੇ ਅਦਿਖ ਨੂਰ ਦਾ ਝਲਕਾ ਵੱਜਦਾ ਹੈ।** ਬਗੈਰ ਪ੍ਰਭੂ ਦੀ ਸਿਫ਼ਤ ਸਲਾਹ ਦੇ, ਉਸ ਨਿਰਗੁਣ ਅਕਾਲਪੁਰਖ ਦੀ ਜੋਤਿ ਦਾ ਚਮਤਕਾਰ ਨਹੀਂ ਦਿੱਸਦਾ।

ਗੁਰਬਾਣੀ ਵਿਚ ਵੀ ਸੇਧ ਦਿੱਤੀ ਗਈ ਹੈ ਕਿ ਪ੍ਰਭੂ ਪਿਆਰ ਵਿਚ ਨਾਮ-ਸ਼ਬਦ ਦੇ ਜਾਪ ਤੇ ਸਿਮਰਨ ਨਾਲ ਹੀ ਪ੍ਰਭੂ ਦਾ ਹਿਰਦੇ ਵਿੱਚ ਵਾਸਾ ਹੁੰਦਾ ਹੈ। ਉਸ ਪਰਮਾਤਮਾ ਦੇ ਗੁਣਾਂ ਦੇ ਚੀਨਣ ਨਾਲ ਹਿਰਦਾ ਅੰਦਰਲੇ ਪ੍ਰਕਾਸ਼ ਦੇ ਅਨੁਭਵ ਨਾਲ ਭਰ ਜਾਂਦਾ ਹੈ! ਇਹ ਗੁਣ ਜਦ ਸੁਰਤਿ ਵਿਚ ਸਮਾ ਜਾਂਦੇ ਹਨ ਤਾਂ ਜਗਿਆਸੂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਮਾਇਆ ਦੇ ਪ੍ਰਭਾਵ ਤੋਂ ਉਤੇ ਉਠ ਕੇ ਸਦ-ਗੁਣਾਂ ਦੀ ਚਾਸ਼ਨੀ ਵਿੱਚ ਰੰਗੀਜ ਜਾਂਦਾ ਹੈ :

ਜਾ ਕੋ ਪ੍ਰੇਮ ਸੁਆਉ ਹੈ
ਚਰਨ ਚਿਤਵ ਮਨ ਮਾਹਿ ॥
ਨਾਨਕ ਬਿਰਹੀ ਬ੍ਰਹਮ ਕੇ
ਆਨ ਨ ਕਤਹੂ ਜਾਹਿ ॥

(ਚਉਬੋਲੇ, ਮ: ੫, ਪੰਨਾ ੧੩੬੪)

ਸਾਚ ਸਬਦ ਸਿਉ ਲਾਗੀ ਪ੍ਰੀਤਿ ॥
ਹਰਿ ਪ੍ਰਭੁ ਅਪੁਨਾ ਆਇਆ ਚੀਤਿ ॥੨॥
ਨਾਮੁ ਜਪਤ ਹੋਆ ਪਰਗਾਸੁ ॥
ਗੁਰ ਸਬਦੇ ਕੀਨਾ ਰਿਦੈ ਨਿਵਾਸੁ ॥

(ਪ੍ਰਭਾਤੀ, ਮ: ੫, ਪੰਨਾ ੧੩੪੦)

ਹਰਿ ਕੋ ਨਾਮੁ ਜਪੀਐ ਨੀਤ ॥
ਕਾਮ ਕ੍ਰੋਧ ਅਹੰਕਾਰੁ ਬਿਨਸੈ
ਲਗੈ ਏਕੈ ਪ੍ਰੀਤਿ ॥

(ਪ੍ਰਭਾਤੀ, ਮ: ੫, ਪੰਨਾ ੧੩੪੧)

(7) ਅਕਾਲਪੁਰਖ ਦੇ ਸੱਚੇ ਪ੍ਰੇਮ ਦੀ ਭਾਵਨਾ ਭਰੀ ਬਿਰਤੀ ਵੀ ਅਕਾਲ ਪੁਰਖ ਦੀ ਬਖਸ਼ਿਸ਼ ਤੇ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ, ਜਿਸ ਸਦਕਾ ਹਿਰਦੇ ਅੰਦਰ ਚਾਨਣ ਪ੍ਰਦੀਪਤ ਹੁੰਦਾ ਹੈ ਕਿ ਅਕਾਲਪੁਰਖ ਦੀ ਪ੍ਰੀਤ ਵਿਚ ਲੀਨ ਹੋਣ ਨਾਲ ਹੀ ਉਸ ਦੀ 'ਨਦਰਿ' ਦੇ ਯੋਗ ਹੋਈਦਾ ਹੈ :

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ ਏਕ ਰਤੀ ਕੇ ॥੧॥

ਗੁਰਬਾਣੀ ਵਿਚ ਫੁਰਮਾਇਆ ਹੈ ਕਿ ਜਿਨ੍ਹਾਂ ਉਤੇ ਅਕਾਲਪੁਰਖ ਦੀ ਕਿਰਪਾ ਤੇ ਰਹਿਮਤ ਹੁੰਦੀ ਹੈ, ਉਹੀ ਵਡਭਾਗੀ ਨਾਮ ਸ਼ਬਦ ਦੀ ਪ੍ਰੀਤ ਰਾਹੀਂ ਸੱਚ ਸਰੂਪ ਪਰਮਾਤਮਾ ਨਾਲ ਜੁੜ ਕੇ ਜੀਵਨ ਸਫਲਾ ਕਰ ਲੈਂਦੇ ਹਨ :

ਜਾ ਕ੍ਰਿਪਾ ਕਰੇ ਤਾ ਸੇਵੀਐ
ਸੇਵਿ ਸਚਿ ਸਮਾਇਆ ॥

(ਮਾਰੂ, ਮ: ੧, ਪੰਨਾ ੧੦੧੧)

ਜਾ ਕਉ ਭਏ ਕ੍ਰਿਪਾਲ ਪ੍ਰਭ
ਹਰਿ ਹਰਿ ਸੇਈ ਜਪਾਤ ॥

(ਆਸਾ, ਮ: ੫, ਪੰਨਾ ੪੫੪)

(8) ਇਸ ਤਰ੍ਹਾਂ "ਸਵੱਯੇ॥ ਪਾ:੧੦" ਵਿੱਚ ਦੱਸਿਆ ਹੈ ਕਿ ਦੁਨੀਆਂ ਵਿਚ ਚਾਹੇ ਕਿਤਨਾ ਵੀ ਉੱਚਾ ਪ੍ਰਤਾਪ ਬਣ ਜਾਏ, ਅੰਤ ਵੇਲੇ ਇਹ ਏਥੇ ਹੀ ਰਹਿ ਜਾਂਦਾ ਹੈ। ਸੋ ਦੁਨੀਆਂ ਵਾਲਾ ਵਡੱਪਣ ਜੀਵਨ ਦਾ ਮਨੋਰਥ ਨਹੀਂ। ਤੀਰਥ-ਇਸ਼ਨਾਨ, ਦਾਨ, ਪੁੰਨ ਅਤੇ ਹੋਰ ਸਾਧਨਾਵਾਂ ਦੀਆਂ ਜੁਗਤੀਆਂ ਆਦਿ ਦੇ ਕਰਮ ਵੀ ਰੱਬ ਨਾਲ ਨਹੀਂ ਮਿਲਾ ਸਕਦੇ। ਜੀਵਨ ਦਾ ਸਹੀ ਰਸਤਾ ਕੇਵਲ ਉਹੀ ਮੱਤ ਦੱਸ ਸਕਦਾ ਹੈ, ਜੋ ਸਿਮਰਨ ਦੇ ਰਾਹ ਉਤੇ ਤੋਰ ਕੇ ਪਰਮਾਤਮਾ ਨਾਲ ਪਿਆਰ ਕਰਨ ਦੀ ਜਾਚ ਸਿਖਾਉਂਦਾ ਹੈ, ਜੋ ਸਾਰੀ ਸ੍ਰਿਸ਼ਟੀ ਦਾ ਸਾਜਣਹਾਰ ਹੈ। ਮਨੁੱਖਾ ਜੀਵਨ ਦਾ ਅਸਲ ਮਨੋਰਥ ਹੈ, ਸਰਬ ਵਿਆਪਕ ਅਕਾਲ ਪੁਰਖ ਨਾਲ ਪਿਆਰ ਕਰਨਾ। ਇਹ ਪਿਆਰ ਸਿਮਰਨ ਰਾਹੀਂ ਹੀ ਬਣ ਸਕਦਾ ਹੈ, ਹੋਰ ਕੋਈ ਸਾਧਨ ਸਫ਼ਲ ਨਹੀਂ ਹੋ ਸਕਦਾ।

(9) ਇਹ ਬਾਣੀ ਸੋਝੀ ਦਿੰਦੀ ਹੈ ਕਿ ਅਕਾਲ ਪੁਰਖ ਦਾ ਪ੍ਰੇਮ ਤੇ ਭਗਤੀ ਇਕ ਰਸਤਾ ਹੈ ਆਪਣੇ ਆਪ ਨੂੰ ਆਦਰਸ਼ ਦੇ ਸਰੂਪ ਨਾਲ ਭਰਨ ਦਾ। ਇਹ ਆਦਰਸ਼ ਜਿਸ ਵੇਲੇ ਚਮਤਕਾਰ ਮਾਰਦਾ ਹੈ ਤਾਂ ਕਾਇਰਾਂ ਵਿਚ ਬਹਾਦਰਾਂ ਦੀ ਅਣਖ ਆ ਜਾਂਦੀ ਹੈ। ਇਹ ਆਦਰਸ਼ ਜਿਸ ਵੇਲੇ ਲਿਸ਼ਕਦਾ ਹੈ ਤਾਂ ਹਿਰਦੇ ਬੀਰ-ਰਸ ਦੇ ਉਤਸ਼ਾਹ ਨਾਲ ਭਰ ਜਾਂਦੇ ਹਨ। ਟਿਕਿਆ ਹੋਇਆ ਮਨ ਸ਼ਕਤੀਵਾਨ ਹੁੰਦਾ ਹੈ, ਜਦ ਉੱਚਾ ਆਦਰਸ਼ ਅਨੁਭਵ ਵਿਚ ਜਾਗ੍ਰਤ ਹੋ ਜਾਂਦਾ ਹੈ ਤਾਂ ਆਦਰਸ਼ ਵੱਲ ਖਿੱਚੇ ਜਾਣਾ ਇਹੀ ਸਮੁੱਚੀ

ਸ਼ਕਤੀ ਦੀ ਪ੍ਰਗਟ ਅਵਸਥਾ ਹੈ। ਇਹ ਸ਼ਕਤੀ ਦਾ ਚਮਤਕਾਰ ਆਦਰਸ਼ ਸਰੂਪ ਅਕਾਲ ਪੁਰਖ ਦੇ ਗੁਣਾਂ ਦੀ ਪ੍ਰਤੀਤੀ ਤੋਂ ਪੈਦਾ ਹੁੰਦਾ ਹੈ। ਇਹ ਸ਼ਕਤੀ ਹੀ ਸਿੱਖੀ ਦਾ ਆਸਰਾ ਹੈ।

ਇਸ ਤਰ੍ਹਾਂ ਸਮਝਾਇਆ ਹੈ ਕਿ ਪ੍ਰਭੂ ਪ੍ਰੀਤ ਦਾ ਮਾਰਗ ਇਕ ਬਚਿਤ੍ ਮਾਰਗ ਹੈ। ਇਹ ਇਕ ਉਦਮ ਦਾ ਹੰਭਲਾ ਹੈ। ਇਹ ਤਾਕਤ ਤੇ ਸ਼ਕਤੀ ਗ੍ਰਹਿਣ ਕਰਨ ਦਾ ਵਸੀਲਾ ਹੈ। ਇਹ ਇਕ ਅੰਦਰ ਦਾ ਜੋਸ਼ ਹੈ, ਜਿਸ ਸਦਕਾ ਬਾਹੂ-ਬਲ ਹੱਥਾਂ ਵਿਚ ਇਸ ਤਰ੍ਹਾਂ ਉਭਰਦਾ ਹੈ ਕਿ ਬੰਦਾ ਆਜ਼ਾਦ ਹੋਣ ਲਈ ਸਭ ਬੰਧਨਾਂ ਨੂੰ ਕੱਟ ਸੁੱਟਣਾ ਚਾਹੁੰਦਾ ਹੈ। ਇਸ ਨਾਲ ਇਹ ਜਾਗ੍ਰਤੀ ਵੀ ਪੈਦਾ ਹੁੰਦੀ ਹੈ ਕਿ ਪਰਮਾਤਮਾ ਨੇ ਇਹ ਸੰਸਾਰ ਨੇਕੀ ਤੇ ਸ਼ੁਭ ਕਰਮਾਂ ਦੇ ਵਿਗਾਸ ਲਈ ਬਣਾਇਆ ਹੈ। ਇਸ ਸੰਸਾਰ ਵਿਚ ਦੁਸ਼ਟਾਂ ਤੇ ਹੰਕਾਰੀਆਂ ਦਾ ਨਾਸ਼ ਤੇ ਸੰਤਾਂ ਦੀ ਸੁਰੱਖਿਅਤਾ ਦਾ ਬਿਰਦ ਪਰਮਾਤਮਾ ਪਾਲਦਾ ਹੈ। ਪਰਮਾਤਮਾ ਦਾ ਇਹ ਬਿਰਦ ਪਛਾਣ ਕੇ ਸੱਚਾ ਸਾਧਕ ਧਰਮ ਦੀ ਪਛਾਣ ਕਰਕੇ ਆਪਣੀ ਅੰਦਰਲੀ ਦਿੱਵਤਾ ਦੀ ਸ਼ਕਤੀ ਦੇ ਸਹਾਰੇ ਦੈਵੀ ਸਭਿਆਚਾਰ ਲਈ ਪ੍ਰਯਤਨਸ਼ੀਲ ਹੁੰਦਾ ਹੈ। ਉਸ ਨੂੰ ਚਾਨਣ ਹੋ ਜਾਂਦਾ ਹੈ ਕਿ ਇਸ ਆਦਰਸ਼ ਦੀ ਪ੍ਰਾਪਤੀ ਕੁਰਬਾਨੀ ਦੀ ਮੰਗ ਕਰਦੀ ਹੈ। ਉਹ ਆਪਣੇ ਨਿਸਚੈ ਵਿਚ ਦ੍ਰਿੜ੍ਹ ਹੋ ਕੇ ਪਰਉਪਕਾਰ ਦੀ ਖਾਤਰ ਕੁਰਬਾਨੀ ਲਈ ਤਿਆਰੀ ਕਰ ਲੈਂਦਾ ਹੈ। ਇਹ ਪ੍ਰਭੂ ਪਿਆਰ ਆਧਾਰਿਤ ਗੁਰ-ਸ਼ਬਦ ਦੀ ਗੁਰ-ਸਿੱਖਿਆ ਗੁਰਮੁਖ ਦੀ ਆਤਮਾ ਵਿਚ ਸੁਤੰਤਰਤਾ, ਨਿਰਭੈਤਾ, ਦਿੱਵਤਾ, ਸੁਚੇਤਤਾ ਤੇ ਆਜ਼ਾਦ ਹਸਤੀ ਪ੍ਰਤਿ ਚੇਤਨਤਾ ਨੂੰ ਜਾਗਰੂਕ ਕਰ ਦਿੰਦੀ ਹੈ।

(ੲ) ਪ੍ਰਭੂ ਪ੍ਰੀਤ ਦੇ ਮਾਰਗ ਉਤੇ ਤੁਰਨ ਦਾ ਪਰਯੋਜਨ :

(1) ਇਸ ਬਾਣੀ ਵਿਚ ਪ੍ਰਭੂ ਪ੍ਰੇਮ ਦੇ ਰਸਤੇ ਉਤੇ ਤੁਰਨ ਵਾਲੇ ਲਈ ਜੀਵਨ ਦਾ ਪਰਯੋਜਨ ਇਹ ਦੱਸਿਆ ਹੈ ਕਿ ਉਹ ਪ੍ਰਭੂ ਗੁਣਾਂ ਨਾਲ ਰੰਗੀਜ ਕੇ ਇਹ ਯਕੀਨੀ ਬਣਾਵੇ ਕਿ ਸੰਸਾਰ ਵਿਚ "ਸਾਧ ਸਮੂਹ ਪ੍ਰਸੰਨ ਫਿਰੈ" ਅਤੇ ਨੇਕ ਤੇ ਭਲੇ ਲੋਕ ਪ੍ਰਸੰਨ ਰਹਿਣ ਅਤੇ ਸਭ ਪਾਸੇ ਨੇਕੀ, ਚੰਗਿਆਈ ਤੇ ਮਾਨਵੀ ਕਦਰਾਂ ਕੀਮਤਾਂ ਦਾ ਰਾਜ ਹੋਵੇ। ਇਸ ਉਦੇਸ਼ ਦੀ ਪ੍ਰਾਪਤੀ ਲਈ ਅਤੇ ਦੁਨੀਆਂ ਵਿਚ ਭਲਿਆਈ ਦੇ ਰਾਹ ਵਿਚ ਰੁਕਾਵਟਾਂ ਅਤੇ ਬੰਧਨ ਖੜ੍ਹੇ ਕਰਨ ਵਾਲੇ ਦੁਸ਼ਟਾਂ ਤੇ ਪਾਪੀਆਂ ਨੂੰ ਬਿਦਾਰਨਾ ਵੀ ਲਾਜ਼ਮੀ ਹੋ ਜਾਂਦਾ ਹੈ। ਇਸ ਲਈ ਇਹ ਅਹਿਸਾਸ ਜਗਾਇਆ ਹੈ ਕਿ ਕਿਸੇ ਵੀ ਬਲੀ, ਜੋਧੇ, ਭੂਪਤ ਨੂੰ ਹੱਕ ਨਹੀਂ ਹੈ ਕਿ ਉਹ ਪਾਪੀ ਅਤੇ ਜ਼ਾਬਰ ਬਣ ਕੇ ਦੂਜਿਆਂ ਉਤੇ ਹਕੂਮਤ ਕਰਕੇ ਉਹਨਾਂ ਨੂੰ ਗੁਲਾਮ ਬਣਾਵੇ ਅਤੇ ਧਾਰਮਿਕ ਆਤੰਕ ਢਾਹੇ। ਇਸ ਦੇ ਨਾਲ ਹੀ ਦ੍ਰਿੜ੍ਹ ਕਰਾਇਆ ਹੈ ਕਿ ਸੰਸਾਰ ਵਿਚ ਤਾਕਤਵਰ ਤੋਂ ਤਾਕਤਵਰ ਵੀ ਸਦੀਵ ਲਈ ਨਹੀਂ ਰਹੇ ਅਤੇ ਇਹ ਪ੍ਰਭੂ ਗੁਣਾਂ ਨਾਲੋਂ ਟੁੱਟ ਕੇ, ਸੰਸਾਰ ਤੋਂ ਖਾਲੀ ਹੱਥ ਹੀ ਉਠੇ ਹਨ। ਇਸ ਵਾਸਤੇ ਉਸ ਸਰਬ ਸ਼ਕਤੀਮਾਨ ਅਕਾਲ ਪੁਰਖ ਦੇ ਲੜ ਲੱਗਿਆਂ ਹਰੇਕ ਤਰ੍ਹਾਂ ਦੇ ਭੈਅ ਤੋਂ ਮੁਕਤ ਹੋ ਜਾਈਦਾ ਹੈ। ਇਸ ਵਿਸ਼ਵਾਸ ਦੇ ਜਾਗਣ ਨਾਲ ਜਾਬਰਾਂ ਵਿਰੁੱਧ ਖੜ੍ਹੇ ਹੋਣ ਦੀ ਜੁਅਰਤ ਪੈਦਾ ਹੋ ਜਾਂਦੀ ਹੈ। ਇਸ ਆਦਰਸ਼ ਦੀ ਪ੍ਰਾਪਤੀ ਹੀ ਮਨੁੱਖੀ ਜੀਵਨ ਦੀ ਧਰਮ ਸਿੱਧੀ ਹੈ। ਇਸ ਸੰਘਰਸ਼ ਵਿਚ ਸਰਗਰਮ ਹੋਣ ਤੇ ਜਿਸ ਅਕਾਲ ਪੁਰਖ ਉਤੇ ਪੂਰਨ ਭਰੋਸਾ ਹੁੰਦਾ ਹੈ, ਉਹ ਹਰ ਪ੍ਰਕਾਰ ਅੰਗ-ਸੰਗ ਹੁੰਦਾ ਹੈ। ਇਸ ਸੰਦੇਸ਼ ਦੀ ਇਖਲਾਕੀ ਤਾਕਤ ਇਨਸਾਨ ਨੂੰ ਉਤਸ਼ਾਹ ਦੀ ਕਾਂਗ ਉੱਪਰ ਇਤਨਾ ਉੱਚਾ ਚੁੱਕਣ ਵਾਲੀ ਹੈ ਕਿ ਸਵੈ-ਕੁਰਬਾਨੀ ਦੀ ਭੇਂਟ ਹੀ ਜੀਵਨ ਨੂੰ ਸਫ਼ਲਾਉਣ ਦੇ ਸਾਧਨ ਵਜੋਂ ਦ੍ਰਿੜ੍ਹ ਹੋ ਜਾਂਦੀ ਹੈ। ਇਸ ਆਦਰਸ਼ ਨੂੰ ਦਰਸਾਉਂਦਿਆਂ ਸਪੱਸ਼ਟ ਕੀਤਾ ਹੈ:

ਪੁੰਨ ਪ੍ਰਤਾਪਨ ਬਾਢ ਜੈਤ ਧੁਨ
ਪਾਪਨ ਕੇ ਬਹੁ ਪੁੰਜ ਖਪੈਂਗੇ ॥
ਸਾਧ ਸਮੂਹ ਪ੍ਰਸੰਨ ਫਿਰੈਂ ਜਗ
ਸਤ੍ਰ ਸਭੈ ਅਵਲੋਕ ਚਪੈਂਗੇ ॥੭॥

ਗੁਰਬਾਣੀ ਵਿਚ ਵੀ ਦਰਸਾਇਆ ਗਿਆ ਹੈ ਕਿ ਹਰਿ ਦੇ ਗੁਣ ਗਾਉਣ ਨਾਲ ਬਖਸ਼ਿਸ਼ ਹੁੰਦੀ ਹੈ, ਜੀਵ ਸਾਰੀ ਮਨੁੱਖਤਾ ਦੇ ਕਲਿਆਣ ਅਤੇ ਸੰਸਾਰ ਵਿਚ ਸਭ ਦੇ ਸੁਖ ਤੇ ਭਲੇ ਲਈ ਆਪਾ ਨਿਛਾਵਰ ਕਰਨ ਲਈ ਤਤਪਰ ਹੋ ਜਾਂਦਾ ਹੈ। ਉਹ ਪ੍ਰਭੂ ਦੇ ਦਰ ਤੇ ਕਬੂਲ ਹੋਣ ਲਈ ਸੱਚ ਦਾ ਧਾਰਨੀ ਬਣ ਕੇ ਪਹਿਲਾਂ ਸਭਨਾਂ ਦੇ ਚਰਨਾਂ ਦੀ ਧੂੜ ਬਣ ਕੇ ਸੇਵਾ ਸਮਰਪਿਤ ਹੋ 'ਮਰਣੁ ਕਬੂਲਿ' ਕਰਕੇ ਆਪਾ ਕੁਰਬਾਨ ਕਰਨ ਲਈ ਨਿਤਰ ਪੈਂਦਾ ਹੈ :

ਸਚੁ ਮਿਲੈ ਸਚੁ ਊਪਜੈ
ਸਚ ਮਹਿ ਸਾਚਿ ਸਮਾਇ ॥
ਸੁਰਤਿ ਹੋਵੈ ਪਤਿ ਊਗਵੈ
ਗੁਰਬਚਨੀ ਭਉ ਖਾਇ ॥
ਨਾਨਕ ਸਚਾ ਪਾਤਿਸਾਹੁ
ਆਪੇ ਲਏ ਮਿਲਾਇ ॥

(ਸਿਰੀਰਾਗੁ, ਮ: ੧, ਪੰਨਾ ੧੮)

ਸਰਬ ਕਲਿਆਣ ਸੂਖ ਮਨਿ ਵੂਠੇ ॥
ਹਰਿ ਗੁਣ ਗਾਏ ਗੁਰ ਨਾਨਕ ਤੂਠੇ ॥

(ਪ੍ਰਭਾਤੀ ਮ: ੫, ਪੰਨਾ ੧੩੪੧)

ਪਹਿਲਾ ਮਰਣੁ ਕਬੂਲਿ
ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ
ਤਉ ਆਉ ਹਮਾਰੈ ਪਾਸਿ ॥

(ਸਲੋਕ, ਮ: ੫, ਪੰਨਾ ੧੧੦੨)

(2) ਇਸ ਆਦਰਸ਼ ਦੀ ਪ੍ਰਾਪਤੀ ਲਈ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਮਨੁੱਖੀ ਨਵ-ਨਿਰਮਾਣ ਦੀ ਸਿੱਖ ਲਹਿਰ ਨੂੰ ਖ਼ਾਲਸਾ ਰੂਪ ਵਿਚ ਸੰਤ-ਸਿਪਾਹੀ ਬਣਾ ਕੇ ਉਭਾਰਨ ਦਾ ਸੀ, ਤਾਂ ਜੋ ਲੋਕ ਰੂਹਾਨੀ

ਤੇ ਆਤਮਿਕ ਤੌਰ ਤੇ ਬਲਵਾਨ ਹੋ ਕੇ ਗ਼ੁਲਾਮੀ ਦੀ ਧੁੰਦ ਗੁਬਾਰ ਵਿਚ ਸੁਤੰਤਰਤਾ ਦੀ ਸ਼ਮ੍ਹਾ ਰੋਸ਼ਨ ਕਰ ਕੇ ਦੁਨੀਆਂ ਦੀ ਕਾਲਖ ਤੇ ਅਗਿਆਨਤਾ ਨਾਲ ਜੂਝ ਕੇ ਆਪੇ ਨੂੰ ਜਿੱਤ ਸਕਣ ਤੇ ਮਨੁੱਖਤਾ ਦੇ ਵੈਰੀਆਂ ਵਿਰੁੱਧ ਲਾਮਬੰਦ ਹੋ ਸਕਣ। ਇਹ ਉਸ ਵੇਲੇ ਦੇ ਸੁੱਤੇ ਹੋਏ ਭਾਰਤੀ ਸਮਾਜ ਅੰਦਰ ਇਕ ਹਿਲੋਰਾ ਲਿਆਉਣਾ ਹੈ ਤਾਂ ਜੋ ਰੋਸ ਦੀ ਘੁੰਮਣਘੇਰੀ ਵਿਚ ਜੋਸ਼ ਦੀ ਤਰੰਗ ਉੱਭਰ ਸਕੇ, ਜਿਸ ਨਾਲ ਅਪਮਾਨਤ ਜੀਵਨ ਨੂੰ ਅਣਖ ਤੇ ਗ਼ੈਰਤ ਦੀ ਟਕੋਰ ਵੱਜੇ ਅਤੇ ਜਿਸ ਦਾ ਪ੍ਰਚੰਡ ਵੇਗ ਜੀਵਨ ਦੀਆਂ ਸਾਰੀਆਂ ਉਲਝਣਾਂ ਨੂੰ ਆਪਣੇ ਰੋਹੜ ਵਿਚ ਵਹਾ ਲੈ ਜਾਵੇ। ਪ੍ਰਭੂ ਪ੍ਰੇਮ ਦੁਆਰਾ ਆਤਮ ਤੀਰਥ ਵਿਚ ਜਦ ਸੁਰਤਿ ਨੂੰ ਖ਼ਾਲਸਾ ਰੂਪ ਦੀ ਜਾਗ ਲੱਗ ਜਾਂਦੀ ਹੈ ਤਾਂ ਖੌਫ਼ ਉਮਰਾਂ ਦੇ, ਖੌਫ਼ ਸਵਾਸਾਂ ਦੇ, ਖੌਫ਼ ਗਰੀਬੀ ਦੇ, ਖੌਫ਼ ਬੇਇਜ਼ਤੀ ਦੇ ਚੌੜੇ ਹੋ ਜਾਂਦੇ ਹਨ ਤੇ ਇਹ ਨਵਾਂ ਬੀਜ ਸੋਚ ਦੀਆਂ ਕਦਰਾਂ ਕੀਮਤਾਂ ਬਦਲ ਕੇ ਇਕ ਨਵਾਂ ਸ਼ਗੂਫ਼ਾ ਪੈਦਾ ਕਰ ਦਿੰਦਾ ਹੈ, ਜਿਸ ਨਾਲ ਪਤ ਆਬਰੋ ਦਾ ਨੀਸਾਣ ਪੈ ਜਾਂਦਾ ਹੈ। ਇਹ ਨਿਰਭਉ ਪਉੜੀ ਹੀ ਸਿੱਖੀ ਦਾ ਪਰਮ ਪਦ ਹੈ। ਜਦ ਅਸੀਂ ਆਪਣੀ ਤਾਕਤ, ਵਡਿਆਈ, ਗਿਆਨ ਤੇ ਝੂਠੀ ਮਾਇਆ ਤੇ ਦੌਲਤ ਦੀ ਤਾਕਤ ਤੋਂ ਮੁਕਤ ਹੋ ਕੇ ਨਿਜ ਘਰ ਦੇ ਨਿਰਭਉ ਪਦ ਤੇ ਪਹੁੰਚਦੇ ਹਾਂ ਤਾਂ ਅਸੀਂ ਮਹਿਸੂਸ ਕਰਦੇ ਹਾਂ ਆਪਣੀ ਵਡਿਆਈ, ਆਪਣੀ ਉੱਚਤਾ, ਆਪਣੀ ਨਿਰਆਧਾਰਤਾ, ਆਪਣੀ ਬੇਮੁਥਾਜੀ, ਆਪਣੀ ਬੇਪ੍ਰਵਾਹੀ ਜੋ ਹਰ ਪ੍ਰਕਾਰ ਦੀ ਸੁਤੰਤਰਤਾ ਦੀ ਜ਼ਾਮਨ ਹੋ ਜਾਂਦੀ ਹੈ। ਅਕਾਲ ਪੁਰਖ ਦੀ ਦਾਤ ਬੜੀ ਵੱਡੀ ਹੈ, ਕੇਵਲ ਹੌਸਲਾ ਬੁਲੰਦ ਚਾਹੀਦਾ ਹੈ, ਜਿਸ ਨਾਲ ਇਹ ਲਾਟ ਅੰਦਰ ਭੜਕ ਪੈਂਦੀ ਹੈ।

(ਸ) "ਸਵੱਯੇ॥ ਪਾ:੧੦" ਬਾਣੀ ਦੀ ਕਲਾਤਮਿਕ ਵਚਿੱਤ੍ਰਤਾ :

"ਸਵੱਯੇ॥ ਪਾ:੧੦" ਬਾਣੀ ਦੇ ਵਿਚਾਰ ਦਰਸ਼ਨ ਵਿਚਲੇ ਆਦਰਸ਼ਾਂ ਦੇ ਪ੍ਰਗਟਾਉ ਅਤੇ ਇਨ੍ਹਾਂ ਨੂੰ ਗ੍ਰਹਿਣ ਕਰਾਉਣ ਦੀ ਸ਼ਕਤੀ ਪਿੱਛੇ ਇਸ ਬਾਣੀ ਦੀ ਵਚਿੱਤ੍ਰ ਕਲਾ ਦਾ ਹੀ ਬੜਾ ਹੱਥ ਹੈ। ਇਵੇਂ ਪ੍ਰਤੀਤ ਹੁੰਦਾ ਹੈ ਕਿ ਇਸ ਬਾਣੀ ਦਾ ਅਤੁੱਟ ਪ੍ਰਵਾਹ ਕਿਸੇ ਇਲਾਹੀ ਵੇਗ ਦੇ ਆਤਮਿਕ ਸੋਮੇ ਤੋਂ ਫੁਟ ਕੇ ਵਹਿੰਦਾ ਜਾ ਰਿਹਾ ਹੋਵੇ। ਇਸ ਬਾਣੀ ਦੀ ਕਲਾਤਮਿਕ ਜੁਗਤਿ ਸਦਕਾ ਹੀ ਹੈ ਕਿ ਅਕਾਲ ਪੁਰਖ ਵਿਚ ਦ੍ਰਿੜ੍ਹ ਵਿਸ਼ਵਾਸ ਦੀ ਭਾਵਨਾ, ਕਰਮ-ਕਾਂਡੀ ਤੇ ਧਾਰਮਿਕ ਅਡੰਬਰਾਂ ਦਾ ਖੰਡਨ, ਭੂਪਤਾਂ, ਮਾਣ-ਮੱਤੇ ਹੰਕਾਰੀ ਸੂਰਬੀਰਾਂ ਤੇ ਜਾਬਰਾਂ ਦੀ ਤੁੱਛਤਾ ਅਤੇ ਪ੍ਰਭੂ ਪ੍ਰੇਮ ਦੇ ਦਰਸਾਉਣ ਵਾਲਾ ਦ੍ਵੰਦ ਰਹਿਤ ਤੇ ਸਮਦਰਸੀ ਜੀਵਨ ਸਿਧਾਂਤ ਹੈ: ਦਾ ਪ੍ਰਗਟਾਵਾ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਇਸ ਬਾਣੀ ਦੇ ਨਿਰੂਪਣ ਵਿਚ ਮਿਥਿਹਾਸ ਅਤੇ ਧਾਰਮਿਕ ਸੰਕੇਤਾਂ ਦੀ ਯੁਕਤੀ ਦੀ ਵਰਤੋਂ ਗੂੜ੍ਹ ਭਾਵਾਂ ਨੂੰ ਸਰਲ ਤੇ ਸਮਝਣਯੋਗ ਬਣਾਉਣ ਲਈ ਕੀਤੀ ਹੈ। ਇਸ ਨਾਲ ਬਹੁਤ ਕੁਝ ਦਾ ਗਿਆਨ ਸੰਖੇਪ ਵਿਚ ਪ੍ਰਗਟ ਹੋਇਆ ਹੈ। ਇਸ ਬਾਣੀ ਦਾ ਬਿਰਤੀ ਇਕਾਗਰ ਕਰਕੇ ਕੀਤਾ ਪਾਠ, ਪਾਠਕ ਦੀ ਸ਼ਖ਼ਸੀਅਤ ਦੀਆਂ ਕਈ ਤੈਹਾਂ ਨੂੰ ਸਕ੍ਰਿਆ ਕਰਦਾ ਹੈ ਅਤੇ ਉਹਨਾਂ ਨੂੰ ਅੰਤਰ ਵਿਚ ਇਕ ਦੂਜੇ ਨਾਲ ਜੋੜਦਾ ਹੈ। ਜਿਹੜੇ ਪ੍ਰੇਮੀ ਜੀਉੜੇ ਪ੍ਰੇਮ ਨਾਲ ਇਸ ਬਾਣੀ ਨੂੰ ਪੜ੍ਹ ਕੇ ਝੂਮਾ ਵਿਚ ਆ ਜਾਂਦੇ ਹਨ, ਇਹ ਇਕ ਇਕਾਗਰ ਬਿਰਤੀ ਦਾ ਹੀ ਪ੍ਰਗਟਾ ਹੁੰਦਾ ਹੈ।

ਇਸ ਬਾਣੀ ਨੂੰ "ਸਵੱਯਾ" ਛੰਦ ਵਿੱਚ ਉਚਾਰਿਆ ਗਿਆ ਹੈ। "ਸਵੱਯਾ" ਚਾਰ ਚਰਣ ਦਾ ਸਰਵਪ੍ਰਿਯ ਛੰਦ ਹੈ, ਜਿਸ ਦੇ ਚਾਰ ਚਰਣਾਂ ਦਾ ਪਦਾਂਤ ਅਨੁਪ੍ਰਾਸ ਮਿਲਣਾ ਉੱਤਮ ਗਿਣਿਆ ਜਾਂਦਾ ਹੈ। ਇਸ ਛੰਦ ਦੀ ਵਰਤੋਂ ਗੁਰਬਾਣੀ ਦੇ ਅਨੇਕਾਂ ਸ਼ਬਦਾਂ ਵਿਚ ਅਤੇ ਸਵੈਯੇ ਮ:੫ ਕੇ, ਸਵੈਯੇ ਸ੍ਰੀ ਮੁਖਵਾਕ ਮ:੫ ਅਤੇ ਭੱਟਾਂ ਦੀ ਬਾਣੀ ਵਿਚ ਕੀਤੀ ਮਿਲਦੀ ਹੈ। ਇਸ ਬਾਣੀ ਦੇ ਦਸਾਂ ਸਵੱਯਾਂ ਵਿਚ ਚਾਰੋ ਵਰਣਾਂ ਦਾ ਪਦਾਂਤ ਮਿਲਦਾ ਹੈ। ਇਸ ਸਾਰੀ ਬਾਣੀ ਵਿਚ ਛੰਦ ਇਸ ਕੁਸ਼ਲਤਾ ਨਾਲ ਬੀੜੇ ਗਏ ਹਨ ਕਿ ਇਨ੍ਹਾਂ ਵਿੱਚ ਅਰੁੱਕ ਚਾਲ ਹੈ, ਲਯ ਵਿਚ ਇਕ ਸਰਲ ਗਤੀ ਹੈ ਤੇ ਲਹਿਜੇ ਵਿਚ ਤੀਬਰ ਵੇਗ ਹੈ। ਇਸ ਬਾਣੀ ਦਾ ਰਸ-ਭਿੰਨਵਾਂ ਵਹਾ ਅਤੇ ਬੀਰਤਾ ਦੀ ਭਾਵਨਾ ਜਗਾਉਣ ਵਾਲਾ ਨਾਦ ਅਨੁਪ੍ਰਾਸਾਂ ਅਤੇ ਨਾਦ ਚਿੱਤਰਾਂ ਦੀ ਸਹਾਇਤਾ ਨਾਲ ਕਮਾਲ ਰੂਪ ਵਿਚ ਸਿਰਜਤ ਹੋਇਆ ਹੈ। ਇਸ ਬਾਣੀ ਵਿਚ ਸਭ ਪ੍ਰਕਾਰ ਦੇ ਲੋੜੀਂਦੇ ਸ਼ਬਦਾਂ ਦੀ ਵਰਤੋਂ ਕਰਨਾ ਮਨੁੱਖੀ ਤ੍ਰਾਣ ਦੁਆਰਾ ਸੰਭਵ ਨਹੀਂ, ਇਹ ਇਸ ਬਾਣੀ ਦੇ ਰਚਨਹਾਰੇ ਦੇ ਅਕਾਲਪੁਰਖ ਨਾਲ ਏਕ ਰੂਪ ਹੋਏ ਅਨੁਭਵ ਦੇ ਪ੍ਰਕਾਸ਼ ਦਾ ਪਰਿਣਾਮ ਹੈ।

(ਹ) **ਅੰਤਿਕਾ** : ਅੰਤ ਵਿਚ ਕਹਿ ਸਕਦੇ ਹਾਂ ਕਿ ਇਸ ਬਾਣੀ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਨੇ ਅਗਿਆਨ-ਮੂਲਕ ਧਾਰਮਿਕ ਜੁਗਤਿ ਵਿਰੁੱਧ ਇਕ ਐਸਾ ਧਰਮ-ਯੁੱਧ ਛੇੜਿਆ ਹੈ, ਜੋ ਮਾਨਵ ਵਿਸ਼ਵਾਸ਼ ਨੂੰ ਜੀਵੰਤ ਚਾਅ ਵਿਚ ਪਰਿਵਰਤਤ ਕਰਨ ਲਈ ਸਮਰਪਣ-ਮੁਖੀ ਸਕ੍ਰਿਅਤਾ ਦੀ ਗੁਰਮਤਿ ਜੁਗਤਿ ਦਾ ਧਾਰਨੀ ਬਣਾਉਂਦਾ ਹੈ। ਇਸ ਬਾਣੀ ਅੰਦਰ ਆਦਰਸ਼ਕ ਮਨੁਖਾਂ ਦੇ ਖ਼ਾਲਸ ਰੂਪ ਦੇ ਕਿਰਦਾਰ ਨੂੰ ਪ੍ਰਦਰਸ਼ਿਤ ਕੀਤਾ ਹੈ, ਜੋ ਹਰ ਤਰ੍ਹਾਂ ਦੇ ਭਰਮ ਭੁਲੇਖਿਆਂ ਤੋਂ ਮੁਕਤ ਕਰ ਕੇ, ਹਰ ਤਰ੍ਹਾਂ ਦੇ ਮਾਨਵੀ ਆਦਰਸ਼ਾਂ ਨਾਲ ਓਤ-ਪੋਤ ਕਰਨ ਦੇ ਸਮੱਰਥ ਹੈ। ਇਹ ਬਾਣੀ ਇਕ ਐਸੀ ਕਿਰਤ ਹੈ, ਜਿਸ ਵਿਚ ਗੁਰਮਤਿ ਚਿੰਤਨ ਦੇ ਆਦਰਸ਼ਾਂ ਦੀ ਕ੍ਰਿਆਤਮਕ ਵਿਸ਼ੇਸ਼ਤਾ ਜੋ ਪਹਿਲੇ "ਜਾਪੁ" ਸਾਹਿਬ

ਵਿੱਚ ਪ੍ਰਗਟ ਕੀਤੀ ਗਈ ਹੈ, ਦਾ ਹੀ ਇਕ ਅਨੰਖ ਪ੍ਰਭਾਵੀ ਲਹਿਜੇ ਵਿੱਚ ਨਿਰੂਪਣ ਹੋਇਆ ਹੈ। ਇਹ ਬਾਣੀ ਆਪਣੀ ਸਪੱਸ਼ਟ ਤੇ ਬਲਵਾਨ ਵਿਚਾਰਧਾਰਾ ਦੇ ਸਹਾਰੇ ਮਨੁੱਖੀ ਸ਼ਕਤੀਆਂ ਨੂੰ ਜਗਾਉਣ ਤੇ ਸਿਧਾਉਣ ਦੇ ਸਮਰੱਥ ਹੈ। ਇਹ ਬਾਣੀ ਮਨੋਰਥਵਤੀ ਹੈ ਅਤੇ ਮਨੁੱਖ ਦੇ ਅੰਤਰ ਜਗਤ ਨੂੰ ਉਤੇਜਿਤ ਕਰਦੀ ਹੈ ਤੇ ਜਿਸ ਨਾਲ ਕਰਮ-ਕਾਂਡੀ ਭਰਮਾਂ ਤੇ ਅਹੰ ਭਾਵ ਦਾ ਪਰਦਾ ਉਠ ਜਾਏ ਅਤੇ ਅੰਦਰ ਬਾਹਰ ਅਕਾਲ ਪੁਰਖ ਦੀ ਸ਼ਕਤੀ ਦਾ ਪ੍ਰਕਾਸ਼, ਉਸ ਦੀ ਵਿਸ਼ਵ-ਰੂਪਤਾ, ਉਸ ਦੀ ਵਿਰਾਟ ਅਭੇਦਤਾ ਤੇ ਸਮਾਵੇਸਤਾ ਪ੍ਰਗਟ ਹੋ ਜਾਏ, ਜਿਸ ਦੀ ਮਸਤੀ ਐਸੀ ਉਮੰਗ ਨਾਲ ਭਰ ਦੇਵੇ ਜੋ ਯੁੱਧ ਦੇ ਧਰਮ ਖੇਤਰ ਵਿਚ ਕੁਰਬਾਨੀ ਦੀ ਆਹੂਤੀ ਦੇਣ ਦੀ ਸ਼ਕਤੀ ਬਖਸ਼ੇ। ਇਸ ਬਾਣੀ ਵਿਚ ਸ਼ਕਤੀ ਹੈ, ਜੜ੍ਹ ਨੂੰ ਚੇਤਨ ਕਰਨ ਦੀ, ਚੇਤਨ ਨੂੰ ਨਿਰਭਯ ਬਣਾ ਦੇਣ ਦੀ, ਨਿਰਭਉ ਨੂੰ ਧਰਮ ਯੁੱਧ ਦੇ ਚਾਉ ਨਾਲ ਖੀਵਾ ਕਰ ਦੇਣ ਦੀ, ਜਿਸ ਦੁਆਰਾ ਸੱਚ ਆਚਾਰ ਤੇ ਸ਼ੁਭ ਕਰਮਾਂ ਦੀ ਆਖਰੀ ਪਰਖ ਕੁਰਬਾਨੀ ਦੀ ਕਸਵਟੀ ਹੋ ਜਾਂਦੀ ਹੈ। ਇਹ ਬਾਣੀ ਭਗਤੀ ਦੁਆਰਾ ਸ਼ਕਤੀ ਦੇ ਉਭਾਰਨ ਦੇ ਸੰਕਲਪ ਨਾਲ ਜੁੜ ਕੇ 'ਖ਼ਾਲਸਾ' ਦੇ ਜੀਵਨ ਆਦਰਸ਼ਾਂ ਨੂੰ ਰੁਸ਼ਨਾਉਣ ਵਾਲੀ ਹੈ। ਇਸ ਬਾਣੀ ਵਿਚ ਦਰਸਾਏ ਜੀਵਨ ਆਦਰਸ਼ ਐਸੇ ਹਨ, ਜੋ ਸਦੀਵ ਲਈ ਮਾਨਵ, ਸਮਾਜ ਤੇ ਵਿਸ਼ਵ ਲਈ ਪ੍ਰਾਸੰਗਕਤਾ ਰੱਖਦੇ ਹਨ। ♦♦♦

ਸੰਦੇਸ਼

ਜੁਗੋ ਜੁਗ ਅਟੱਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਥੇ ਹੀ ਹੋ ਸਕਦਾ ਹੈ, ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦੇ ਅਨੁਕੂਲ ਮਰਯਾਦਾ ਅਰਥਾਤ ਸਰਗਰਮੀਆਂ ਹੋਣ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੋ ਕੇ ਉਸ ਨੂੰ ਮੰਨਣ ਵਾਲੇ ਹੋਣ। ਮੂਰਤੀਆਂ ਦੀ ਸਥਾਪਨਾ ਅਤੇ ਪੂਜਾ ਕਰਨਾ, ਕੰਧਾਂ ਜਾਂ ਥੜ੍ਹਿਆਂ 'ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਖਾਨਗਾਹਾਂ, ਮਜਾਰਾਂ, ਕਬਰਾਂ 'ਤੇ ਸਿਜਦੇ ਕਰਨੇ ਅਤੇ ਮੰਨਤਾਂ ਮੰਨਣੀਆਂ ਸਿੱਖੀ ਸਿਧਾਂਤਾਂ ਦੇ ਉਲਟ ਹੈ। ਜਿਸ ਫਲਸਫ਼ੇ ਨੇ ਸਿੱਖੀ ਸਿਧਾਂਤਾਂ ਨੂੰ ਖੰਡਿਤ ਕੀਤਾ ਹੋਵੇ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਅਤੇ ਉਸ ਦੇ ਉੱਚੇ-ਸੁੱਚੇ ਸਿਧਾਂਤਾਂ ਨੂੰ ਪਿੱਠ ਦੇਣੀ ਹੈ। ਅਜਿਹੀਆਂ ਧਿੰਗੋਜ਼ੋਰੀ ਕਾਰਵਾਈਆਂ ਜਿਹੜੀਆਂ ਗੁਰੂ ਗ੍ਰੰਥ ਸਾਹਿਬ, ਗੁਰੂ ਸਿਧਾਂਤ ਤੇ ਸਿੱਖੀ ਸਿਧਾਂਤਾਂ ਨੂੰ ਠੇਸ ਪਹੁੰਚਾਉਣ, ਉਹ ਬਰਦਾਸ਼ਤ ਨਹੀਂ ਹੋ ਸਕਦੀਆਂ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੱਖ ਸੰਗਤਾਂ ਵੱਲੋਂ ਨਿਰੰਤਰ ਸ਼ਿਕਾਇਤਾਂ ਪੁੱਜ ਰਹੀਆਂ ਹਨ ਕਿ ਪਾਵਨ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਕਬਰਾਂ, ਮਜਾਰਾਂ, ਖਾਨਗਾਹਾਂ ਜਾਂ ਸ਼ਮਸ਼ਾਨ ਘਾਟ 'ਤੇ ਲਿਜਾ ਕੇ ਅਖੰਡ ਪਾਠ ਰੱਖੇ ਜਾਂਦੇ ਹਨ। ਸਿੰਘ ਸਾਹਿਬਾਨ ਵੱਲੋਂ ਅਜਿਹੀਆਂ ਮਨਮੱਤੀ ਕਾਰਵਾਈਆਂ ਦਾ ਗੰਭੀਰ ਨੋਟਿਸ ਲੈਂਦਿਆਂ ਸਮੂਹ ਸਿੱਖ ਸੰਗਤਾਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਉਹ ਗੁਰੂ ਨਾਨਕ ਪਾਤਸ਼ਾਹ ਦੇ ਚਲਾਏ ਨਿਰਮਲ ਤੇ ਨਿਆਰੇ ਪੰਥ ਦੀ ਗੁਰਮਤਿ ਜੁਗਤ ਨੂੰ ਠੇਸ ਪਹੁੰਚਾਉਣ ਵਾਲੀਆਂ ਕਾਰਵਾਈਆਂ ਇਕਮੁੱਠ ਹੋ ਕੇ ਰੋਕਣ ਅਤੇ ਪਾਵਨ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਉਥੇ ਨਾ ਲੈ ਕੇ ਜਾਣ ਦੇਣ। ਨਾਲ ਹੀ ਗੁਰੂ-ਘਰ ਦੇ ਪ੍ਰਬੰਧਕ, ਗ੍ਰੰਥੀਆਂ, ਪ੍ਰਚਾਰਕਾਂ, ਰਾਗੀਆਂ, ਪਾਠੀਆਂ, ਕਵੀਸ਼ਰਾਂ, ਢਾਡੀਆਂ, ਕਵੀਆਂ ਆਦਿ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਐਸੇ ਕਿਸੇ ਵੀ ਪ੍ਰੋਗਰਾਮ ਵਿਚ ਸ਼ਾਮਲ ਨਾ ਹੋਣ ਅਤੇ ਨਾ ਹੀ ਕਿਸੇ ਐਸੇ ਪ੍ਰੋਗਰਾਮ ਨੂੰ ਉਤਸ਼ਾਹਤ ਕਰਨ। ਜੋ ਇਸ ਫੈਸਲੇ ਦੀ ਉਲੰਘਣਾ ਕਰੇਗਾ, ਉਸ ਵਿਰੁੱਧ ਪੰਥਕ ਮਰਯਾਦਾ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕਾਰਵਾਈ ਕੀਤੀ ਜਾਵੇਗੀ।

ਗੁਰੂ ਰਾਖਾ!

ਗੁਰੂ-ਪੰਥ ਦਾ ਦਾਸ

ਜੋਗਿੰਦਰ ਸਿੰਘ
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਜਗਤਾਰ ਸਿੰਘ
ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

ਮਨਜੀਤ ਸਿੰਘ
ਜਥੇਦਾਰ,
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਕੇਵਲ ਸਿੰਘ
ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ,
ਤਲਵੰਡੀ ਸਾਬੋ (ਬਠਿੰਡਾ)

ਭਗਵਾਨ ਸਿੰਘ
ਹੈੱਡ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਮਿਤੀ 7.12.2001

ਕਲਗੀਧਰ ਅਤੇ ਅਸੀਂ

✍ ਰੇਣੁਕਾ ਸਰਬਜੀਤ ਸਿੰਘ, ਲੁਧਿਆਣਾ

ਆਓ ਅੱਜ ਕਲਗੀਧਰ ਪਾਤਸ਼ਾਹ ਦੇ ਜੀਵਨ ਤੋਂ ਮਿਲਦੀਆਂ ਪ੍ਰੇਰਨਾਵਾਂ ਦੀ ਵਿਚਾਰ ਕਰੀਏ ਤੇ ਉਸ ਅਨੁਸਾਰ ਜੀਉਣ ਦਾ ਯਤਨ ਅਰੰਭੀਏ :

(ੳ) ਘਟਨਾ : 9 ਸਾਲ ਦੀ ਉਮਰ ਵਿਚ ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ।

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਸਾਡੇ ਲਈ ਐਸਾ ਪ੍ਰੇਰਨਾਸ੍ਰੋਤ ਹੈ ਕਿ ਕੋਈ ਵੀ ਸਿੱਖ ਕਦੇ ਵੀ ਨਿਰਾਸ਼ਾ ਵਿਚ ਨਹੀਂ ਆਉਣਾ ਚਾਹੀਦਾ। ਆਪ ਦਾ ਸਮੁੱਚਾ ਜੀਵਨ ਸੰਘਰਸ਼ਮਈ ਰਿਹਾ।

ਪ੍ਰੇਰਨਾ : ਏਨੀ ਛੋਟੀ ਉਮਰੇ ਸਿਰ ਤੋਂ ਬਾਪ ਦਾ ਸਾਇਆ ਉਠ ਜਾਣਾ ਪਰ ਫਿਰ ਵੀ ਆਪਣੇ ਮਿਥੇ ਨਿਸ਼ਾਨੇ ਵੱਲ ਕਾਰਜਸ਼ੀਲ ਰਹਿਣਾ। ਪਾਤਸ਼ਾਹ ਦਾ ਜੀਵਨ ਸਾਨੂੰ ਪ੍ਰੇਰਨਾ ਕਰਦਾ ਹੈ ਕਿ ਜੇਕਰ ਸਾਡੇ ਪਰਿਵਾਰ ਵਿਚ ਐਸੀ ਗੱਲ ਬਣ ਆਵੇ ਕਿ ਵਾਹਿਗੁਰੂ ਦੇ ਹੁਕਮ ਵਿਚ ਮਾਤਾ ਪਿਤਾ ਦਾ ਸਾਇਆ ਨਾ ਰਹੇ, ਤਾਂ ਵੀਂ ਅਸੀਂ ਕਿਸੇ ਪਾਸੋਂ ਹਮਦਰਦੀ ਦੀ ਆਸ ਰੱਖਣ ਦੀ ਬਜਾਏ, ਸਗੋਂ ਆਪਣੇ ਪੈਰਾਂ ਤੇ ਖੜ੍ਹੇ ਹੋਈਏ। **ਕੁਟੰਬ ਦੇ ਮੋਹ ਨਾਲੋਂ ਜੀਵਨ ਆਦਰਸ਼ ਤੇ ਸਰਬੱਤ ਦਾ ਭਲਾ ਵਧੇਰੇ ਜ਼ਰੂਰੀ ਹਨ।**

(ਅ) ਮਨੁੱਖਤਾ ਦਾ ਪ੍ਰੇਮ :

ਘਟਨਾ : ਸਿੱਖਾਂ ਨੇ ਭਾਈ ਘਨੱਈਆ ਜੀ ਦੀ ਸ਼ਿਕਾਇਤ ਕੀਤੀ ਕਿ ਉਹ ਦੁਸ਼ਮਣਾਂ ਨੂੰ ਪਾਣੀ ਪਿਲਾਉਂਦਾ ਹੈ। ਉਸ ਨੂੰ ਤਾੜਨਾ ਕਰੋ, ਪਰ ਪਾਤਸ਼ਾਹ ਨੇ ਭਾਈ ਘਨੱਈਆ ਜੀ ਨੂੰ ਮੱਲ੍ਹਮ ਦੀ ਡੱਬੀ ਦਿੱਤੀ ਕਿ ਉਹ ਜ਼ਖ਼ਮੀਆਂ ਦੇ ਫੱਟਾਂ ਦਾ ਵੀ ਇਲਾਜ ਕਰਨ।

ਪ੍ਰੇਰਨਾ : ਗੁਰੂ ਸਾਹਿਬ ਦੇ ਜੀਵਨ ਵਿਚ ਵਾਪਰੀ ਇਹ ਘਟਨਾ ਸਾਡੇ ਲਈ ਸਪੱਸ਼ਟ ਪ੍ਰੇਰਨਾ ਹੈ ਕਿ ਸਿੱਖ ਕਦੇ ਵੀ ਕਿਸੇ ਨਾਲ ਨਫ਼ਰਤ ਜਾਂ ਵੈਰ ਨਾ ਕਰੇ। ਕਿਸੇ ਨੂੰ ਉਸ ਦੇ ਧਰਮ ਕਾਰਨ ਨੀਵਾਂ ਜਾਣਨਾ ਜਾਂ ਉਸ ਪ੍ਰਤੀ ਗੁੱਸਾ ਰੱਖਣਾ, ਉਸ ਨੂੰ ਫਿੱਕੇ ਬੋਲ ਬੋਲਣੇ, ਇਹ ਸਿੱਖੀ ਦਾ ਰਾਹ ਨਹੀਂ। **ਸਿੱਖ ਤਾਂ ਹਰੇਕ ਮਨੁੱਖ ਵਿਚ ਪ੍ਰਮਾਤਮਾ ਦੀ ਜੋਤ ਵੇਖੇ। ਇਹ ਹੈ ਬਹੁਤ ਔਖਾ।**

ਅੱਜ ਪੰਜਾਬ ਵਿਚ ਬਹੁਤ ਸਾਰੇ ਪ੍ਰਵਾਸੀ ਮਜ਼ਦੂਰ ਆ ਵਸੇ ਹਨ। ਸਿੱਖ ਉਨ੍ਹਾਂ ਨਾਲ ਇਸ ਕਰਕੇ ਨਫ਼ਰਤ ਨਾ ਕਰੇ ਕਿ ਉਹ ਭਈਏ ਹਨ, ਦੂਜੇ ਰਾਜ ਤੋਂ ਆਏ ਜਾਂ ਗਰੀਬ ਹਨ, ਗੰਦੇ ਕਪੜੇ ਪਾਉਂਦੇ ਹਨ, ਸਗੋਂ ਕਲਗੀਧਰ ਦੇ ਸਿੱਖ ਉਨ੍ਹਾਂ ਨਾਲ ਵੀ ਪ੍ਰੇਮ ਕਰਨ ਤੇ ਉਨ੍ਹਾਂ ਨੂੰ ਸਿੱਖੀ ਢੰਗ ਵਿਚ ਲਿਆਉਣ।

ਹਾਂ, ਭਈਆਂ ਰਾਹੀਂ ਪੰਜਾਬ ਵਿਚ ਵਿਗੜਦਾ ਸਭਿਆਚਾਰ ਰੋਕਣ ਲਈ ਅਸੀਂ ਜ਼ਰੂਰ ਯਤਨਸ਼ੀਲ ਹੋਈਏ। ਤੰਬਾਕੂ, ਗੁਟਖਾ ਅਤੇ ਹੋਰ ਨਸ਼ਿਆਂ ਦੇ ਪ੍ਰਚਲਨ ਨੂੰ ਰੋਕੀਏ। ਆਪ ਕਿਰਤ ਕਰਨ ਦੀ ਆਦਤ ਪਾਈਏ ਨਾ ਕਿ ਵਿਹਲੇ ਰਹੀਏ ਅਤੇ ਸਾਰੇ ਕੰਮਾਂ ਲਈ ਭਈਆਂ ਤੇ ਨਿਰਭਰ ਰਹੀਏ।

(ੲ) ਘਟਨਾ : ਪਾਤਸ਼ਾਹ ਦੇ ਜੀਵਨ ਵਿਚ ਵਾਪਰੀ ਸਾਖੀ 'ਖੋਤੇ ਉਤੇ ਸ਼ੇਰ ਦੀ ਖੱਲ'।

ਜਦ ਅਨੰਦਪੁਰ ਸਾਹਿਬ ਦੇ ਜੰਗਲਾਂ ਵਿਚ ਇਕ ਸ਼ੇਰ ਨੂੰ ਵਿਚਰਦੇ ਵੇਖ ਕੇ ਲੋਕ ਡਰ ਗਏ ਪਰ ਜਦੋਂ ਪਤਾ ਲੱਗਾ ਕਿ ਇਹ ਤਾਂ ਅਸਲ ਵਿਚ ਖੋਤਾ ਸੀ, ਜਿਸ ਦੇ ਉਪਰ ਕਿਸੇ ਨੇ ਸ਼ੇਰ ਦੀ ਖੱਲ ਪਾ ਦਿੱਤੀ ਸੀ, ਤਾਂ ਲੋਕਾਂ ਵਿਚ ਬਹੁਤ ਹਾਸਾ ਪਿਆ। ਪਾਤਸ਼ਾਹ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਖੇਡ ਸਿੱਖਾਂ ਨੂੰ ਇਹ ਦ੍ਰਿੜ ਕਰਵਾਉਣ ਲਈ ਰਚੀ ਗਈ ਕਿ ਉਹ ਕੇਵਲ ਆਪਣੀ ਸ਼ਕਲ ਕਰਕੇ ਹੀ ਨਾ ਸਿੱਖ ਹੋਣ ਸਗੋਂ ਉਨ੍ਹਾਂ ਵਿਚ ਸਿੱਖੀ ਗੁਣ ਵੀ ਹੋਣ।

ਪ੍ਰੇਰਨਾ : ਇਹ ਸਾਖੀ ਸਾਨੂੰ ਪ੍ਰੇਰਨਾ ਕਰਦੀ ਹੈ ਕਿ ਅੱਜ ਵੀ ਅਸੀਂ ਬਹੁਤੇ ਸਿੱਖ ਕੇਵਲ ਸਿੱਖੀ ਦਾ ਪਹਿਰਾਵਾ ਹੀ ਪਾਈ ਬੈਠੇ ਹਾਂ। ਸਾਡੇ ਅੰਦਰ ਸਿੱਖੀ ਦੇ ਗੁਣ ਨਹੀਂ ਹਨ। ਸਿੱਖ ਕੇਵਲ ਆਪਣੇ ਸਰੂਪ ਕਰਕੇ ਹੀ ਨਿਆਰਾ ਨਹੀਂ ਹੈ ਸਗੋਂ ਉਸ ਦਾ ਬੋਲ ਚਾਲ, ਖਾਣ-ਪੀਣ, ਜੀਵਨ ਸੋਚ, ਆਚਾਰ ਵਿਹਾਰ ਸਭ ਕੁਝ ਹੀ ਸੰਸਾਰ ਤੋਂ ਨਿਆਰਾ ਹੈ।

ਆਮ ਮਨੁੱਖ ਬੱਸ/ਰੇਲ ਵਿਚ ਸਫ਼ਰ ਕਰਦਿਆਂ ਆਪਣੀ ਸਹੂਲਤ ਵੇਖਦਾ ਹੈ ਪਰ ਸਿੱਖ ਦੂਜੇ ਨੂੰ ਨਾਲ ਬਿਠਾਉਣ ਜਾਂ ਦੁਖੀ-ਕਮਜ਼ੋਰ ਲੋੜਵੰਦ ਨੂੰ ਆਪਣੀ ਸੀਟ ਦੇ ਦਿੰਦਾ ਹੈ।

ਆਮ ਮਨੁੱਖ ਕ੍ਰੋਧ ਕਰਦਾ ਹੈ ਅਤੇ ਕ੍ਰੋਧ ਵੱਸ ਫਿੱਕੇ ਬੋਲ ਬੋਲਦਾ ਹੈ। ਕਲਗੀਧਰ ਦਾ ਸਿੱਖ ਆਪਣੇ ਗੁੱਸੇ ਤੇ ਕਾਬੂ ਕਰਦਾ ਹੈ ਅਤੇ ਫਿੱਕੇ ਬੋਲਣ ਤੋਂ ਸੰਕੋਚ ਕਰਦਾ ਹੈ। ਉਹ ਮਿੱਠ-ਬੋਲੜਾ ਹੈ।

ਆਮ ਮਨੁੱਖ ਕਿਸੇ ਨਾਲ ਵਧੀਕੀ ਹੁੰਦੇ ਵੇਖ ਕੇ ਪਾਸਾ ਵੱਟ ਲੈਂਦਾ ਹੈ ਅਤੇ ਸੋਚਦਾ ਹੈ "ਮੈਨੂੰ ਕੀ"। ਪਰ

ਕਲਗੀਧਰ ਦਾ ਸਿੱਖ ਮਜ਼ਲੂਮ ਦੀ ਰੱਖਿਆ ਕਰਦਾ ਹੈ। ਸਮਾਜ ਵਿਚ ਵਿਚਰਦਿਆਂ ਕਿਸੇ ਤੇ ਵੀ ਹੁੰਦੀ ਵਧੀਕੀ ਨੂੰ ਵੇਖ ਕੇ ਉਹ ਅੱਖਾਂ ਨਹੀਂ ਮੀਟਦਾ ਸਗੋਂ ਆਪ ਭੱਜ ਕੇ ਉਸ ਦੀ ਮਦਦ ਕਰਦਾ ਹੈ। ਜਦੋਂ ਵੀ ਕੋਈ ਮਦਦ ਲਈ ਬੁਲਾਉਂਦਾ ਹੈ, ਤਾਂ ਸਿੱਖ ਉਸੇ ਸਮੇਂ ਬਹੁੜਦਾ ਹੈ। ਇਸੇ ਲਈ ਪਾਤਸ਼ਾਹ ਉਸ ਨੂੰ ਸਦਾ ਨਿਹਾਲ ਕਰਦੇ ਹਨ। ਸਿੱਖ ਲੋੜਵੰਦ ਨੂੰ ਖ਼ੂਨ ਦਾਨ ਕਰਦਾ ਹੈ, ਨੇਤਰ ਦਾਨ ਕਰਦਾ ਹੈ, ਅੰਗ ਦਾਨ ਕਰਦਾ ਹੈ, ਧਨ ਵੀ ਦਾਨ ਕਰਦਾ ਹੈ...

ਆਮ ਮਨੁੱਖ ਡਰਦਾ ਹੈ ਤੇ ਡਰਾਉਂਦਾ ਵੀ ਹੈ। ਕਲਗੀਧਰ ਦਾ ਸਿੱਖ ਨਾ ਕਿਸੇ ਤੋਂ ਡਰਦਾ ਹੈ ਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ।

ਇੰਝ ਅੱਜ ਅਸੀਂ ਵੀ ਅਸਲ ਸ਼ੇਰ ਬਣੀਏ, ਨਾ ਕਿ ਕੇਵਲ ਸਰੂਪ ਸਿੱਖਾਂ ਵਾਲਾ ਹੋਵੇ ਤੇ ਆਚਾਰ ਢਿੱਲਾ ਹੋਵੇ।

(ਸ) ਘਟਨਾ : ਦਸਮੇਸ਼ ਪਿਤਾ ਨੇ ਸਿੱਖਾਂ ਨੂੰ ਗਿਆਨਵਾਨ-ਸੂਝਵਾਨ ਬਣਾਉਣ ਲਈ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਵਿੱਦਿਆ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਥੋਂ ਤੱਕ ਕਿ ਉਨ੍ਹਾਂ ਨੇ ਪੰਜ ਸਿੱਖਾਂ ਨੂੰ ਪੰਡਤ ਰਘੂਨਾਥ ਕੋਲ ਸੰਸਕ੍ਰਿਤ ਪੜ੍ਹਨ ਲਈ ਵੀ ਭੇਜਿਆ। ਜਦ ਪੰਡਤ ਨੇ ਸਿੱਖਾਂ ਨੂੰ ਇਸ ਕਰਕੇ ਵਿੱਦਿਆ ਪੜ੍ਹਾਉਣ ਤੋਂ ਨਾਂਹ ਕਰ ਦਿੱਤੀ ਕਿ ਉਹ ਸਿੱਖ ਬ੍ਰਾਹਮਣ ਜਾਤ ਦੇ ਨਹੀਂ ਸਨ, ਤਾਂ ਸਤਿਗੁਰਾਂ ਨੇ ਜਾਤ ਅਭਿਮਾਨੀਆਂ ਦੇ ਗਿਆਨ ਵਾਲੇ ਹਥਿਆਰ ਨੂੰ ਖੁੰਢਾ ਕਰਨ ਦਾ ਨਿਸਚਾ ਕਰ ਲਿਆ। ਉਨ੍ਹਾਂ ਪੰਜ ਸਿੱਖਾਂ ਨੂੰ ਗੇਰੂਏ ਵਸਤਰ ਪਹਿਨਾ ਕੇ ਬਨਾਰਸ ਭੇਜ ਦਿੱਤਾ। ਬਨਾਰਸ ਰਹਿ ਕੇ ਉਹ ਕਈ ਸਾਲ ਸੰਸਕ੍ਰਿਤ ਪੜ੍ਹਦੇ ਰਹੇ ਅਤੇ ਨਿਰਮਲੇ ਸੰਤ ਅਖਵਾਉਂਦੇ ਰਹੇ। ਜਿਥੇ ਉਹਨਾਂ ਸਿੱਖਾਂ ਨੇ ਵਿਦਿਆ ਪੜ੍ਹੀ ਸੀ, ਉਥੇ ਹੁਣ 'ਚੇਤਨਮਨ' ਗੁਰੂ ਕੀ ਸੰਗਤ ਹੈ। ਅੰਮ੍ਰਿਤ ਛਕਣ ਤੋਂ ਪਿਛੋਂ ਉਹਨਾਂ ਪੰਜਾਂ ਸਿੱਖਾਂ ਦੇ ਨਾਮ ਸਿੱਖ ਇਤਿਹਾਸ ਨੇ ਇਹ ਦਿੱਤੇ ਹਨ — ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ।

ਪ੍ਰੇਰਨਾ : ਪਾਤਸ਼ਾਹ ਦੇ ਜੀਵਨ ਦੀ ਇਹ ਖੇਡ ਅੱਜ ਸਾਡੇ ਸਭਨਾਂ ਲਈ ਇਕ ਚੈਲੰਜ ਹੈ ਕਿ ਹਰੇਕ ਸਿੱਖ ਵੱਧ ਤੋਂ ਵੱਧ ਗਿਆਨ ਹਾਸਲ ਕਰੇ। ਵੱਧ ਤੋਂ ਵੱਧ ਭਾਸ਼ਾਵਾਂ ਸਿੱਖੇ। ਗਿਆਨ ਦੀ ਖੜਗ ਦਾ ਉਹ ਧਾਰਨੀ ਹੋਵੇ ਅਤੇ ਵਹਿਮਾਂ-ਭਰਮਾਂ ਦੇ ਸਭ ਟਾਟ ਉਹ ਉਡਾ ਛੱਡੇ। ਦੁਨੀਆਂ ਦੇ ਹਰੇਕ ਖੇਤਰ, ਘਟਨਾਕ੍ਰਮ ਦੀ ਤਹਿ ਤੱਕ ਸਿੱਖ ਦੀ ਪਹੁੰਚ ਹੋਵੇ। ਇਹ ਵੀ ਪਾਤਿਸ਼ਾਹ ਦਾ ਹੁਕਮ ਹੈ ਕਿ ਸਿੱਖ ਗਿਆਨ ਪੱਖੋਂ ਕਿਸੇ ਤੋਂ ਪਿੱਛੇ ਨਾ ਰਹੇ। **ਸਿੱਖ ਜਿਸ ਵੀ ਖੇਤਰ ਵਿਚ ਬੈਠਾ ਹੈ ਉਹ ਉਸ ਖੇਤਰ ਦਾ ਸਰਦਾਰ ਬਣੇ, ਮੋਹਰੀ ਬਣੇ।**

(ਹ) ਹੋਲੀ ਤੋਂ ਹੋਲਾ :

ਘਟਨਾ : ਕਲਗੀਧਰ ਪਾਤਸ਼ਾਹ ਦੇ ਜੀਵਨ ਦੇ ਕੌਤਕ-ਕੁਰਬਾਨੀਆਂ ਤਾਂ ਇਕ ਕਰਾਮਾਤ ਹੀ ਭਾਸਦੇ ਹਨ। ਉਨ੍ਹਾਂ ਸਮਾਜ ਨੂੰ ਹਰੇਕ ਚਿੱਕੜ ਅਤੇ ਗੰਦ ਤੋਂ ਕੱਢਣ ਦਾ ਭਰਪੂਰ ਯਤਨ ਕੀਤਾ। ਅੱਜ ਵਾਂਗ ਉਸ ਵੇਲੇ ਵੀ ਹੋਲੀ ਦਾ ਤਿਉਹਾਰ, ਰੰਗਰਲੀਆਂ ਅਤੇ ਵਿਸ਼ੇ-ਵਿਕਾਰਾਂ ਦੇ ਗੰਭੀਰ ਗੰਦ ਵਿਚ ਡੁੱਬ ਚੁੱਕਾ ਸੀ। ਪਾਤਸ਼ਾਹ ਨੇ ਆਪਣੇ ਸਿੱਖਾਂ ਨੂੰ ਹੋਲੀ ਦੀਆਂ ਰੰਗਰਲੀਆਂ ਤੋਂ ਹਟਾ ਕੇ ਹੋਲੇ ਦਾ ਸੰਕਲਪ ਦਿੱਤਾ, ਜਿਸ ਵਿਚ ਬੀਰ-ਰਸੀ ਕਰਤਬ, ਸ਼ਸਤਰ ਵਿਦਿਆ ਦੇ ਅਭਿਆਸ ਅਤੇ ਮਰਦਾਵੀਆਂ ਖੇਡਾਂ ਸ਼ਾਮਲ ਕੀਤੀਆਂ ਗਈਆਂ। ਇੰਝ ਸਿੱਖ ਸਹਿਜ ਸੁਭਾਅ ਤੇਗ ਦੇ ਧਨੀ ਬਣਨ ਲੱਗੇ।

ਪ੍ਰੇਰਨਾ : 'ਹੋਲੀ' ਨੂੰ 'ਹੋਲਾ' ਬਣਾਉਣ ਦੀ ਦੇਣ ਸਾਡੇ ਲਈ ਪ੍ਰੇਰਨਾ ਸ੍ਰੋਤ ਹੈ ਕਿ ਅੱਜ ਅਸੀਂ ਵੀ ਆਪਣੇ ਜੀਵਨ ਵਿਚ ਆਈਆਂ ਕੁਰੀਤੀਆਂ ਕੱਢਣ ਲਈ ਉਨ੍ਹਾਂ ਦਾ ਬਦਲ ਲੱਭੀਏ। ਪਰ ਅੱਜ ਸਿੱਖ ਅਖਵਾਉਣ ਵਾਲੇ ਵੀਰ ਵੀ ਹੋਲੀ ਦੇ ਰੰਗਾਂ ਵਿਚ ਡੁੱਬਦੇ ਜਾ ਰਹੇ ਹਨ। ਸਾਨੂੰ ਹੋਲੀ ਵਾਲੇ ਦਿਨ ਹੋਲੀ ਨਹੀਂ ਸਗੋਂ ਹੋਲਾ ਮਨਾਉਣਾ ਚਾਹੀਦਾ ਹੈ। ਭਾਵ ਉਸ ਦਿਨ ਇਲਾਕੇ ਦੇ ਬੱਚੇ, ਨੌਜਵਾਨ, ਬਜ਼ੁਰਗ, ਬੀਬੀਆਂ ਸਭ ਖੇਡਾਂ ਖੇਡਣ। ਮਰਦਾਵੀਆਂ ਖੇਡਾਂ, ਬੀਰ-ਰਸੀ ਕਰਤਬ ਅਤੇ ਗਤਕੇ ਦੇ ਅਖਾੜੇ ਲਗਾਉਣ। ਇੰਝ ਹੋਲੇ ਦੀ ਤਿਆਰੀ ਲਈ ਜਿਥੇ ਕਿਤੇ ਕਲਗੀਧਰ ਦੇ ਸਿੱਖ ਵਸਦੇ ਹਨ ਉਹ ਮਹੀਨਾ-ਦੋ ਮਹੀਨੇ ਪਹਿਲਾਂ ਇਨ੍ਹਾਂ ਖੇਡਾਂ ਦਾ ਅਭਿਆਸ ਕਰਨ।

ਏਨਾ ਹੀ ਨਹੀਂ, **ਕਸਰਤਾਂ ਅਤੇ ਖੇਡਾਂ ਸਿੱਖ ਦੇ ਜੀਵਨ ਦਾ ਅਨਿੱਖੜਵਾਂ ਅੰਗ ਬਣਨ।** ਇਹ ਕਲਗੀਧਰ ਦੀ ਸਿੱਖਿਆ ਤੇ ਚੱਲਣ ਦਾ ਇਕ ਨਿਵੇਕਲਾ ਅਤੇ ਜ਼ਰੂਰੀ ਅੰਗ ਹੋਵੇਗਾ। ਸਿੱਖ ਕਦੇ ਵੀ ਢਿੱਲਾ ਅਤੇ ਸਰੀਰਕ ਪੱਖੋਂ ਬੀਮਾਰ ਨਾ ਹੋਵੇ, ਸਗੋਂ ਉਹ ਚੜ੍ਹਦੀ ਕਲਾ ਅਤੇ ਸਰੀਰਕ ਤੰਦਰੁਸਤੀ ਦਾ ਮਾਲਕ ਹੋਵੇ।

(ਕ) ਲੀਡਰਸ਼ਿਪ ਗੁਣ :

ਘਟਨਾ : ਛੇਵੇਂ ਪਾਤਸ਼ਾਹ ਵੇਲੇ ਇਤਿਹਾਸਕ ਜੰਗਾਂ ਦਾ ਵੇਰਵਾ ਇਉਂ ਮਿਲਦਾ ਹੈ ਕਿ ਹਰੇਕ ਜੰਗ ਵਿਚ ਗੁਰੂ ਹਰਿਗੋਬਿੰਦ ਸਾਹਿਬ ਅੱਗੇ ਹੋ ਕੇ ਅਗਵਾਈ ਦਿੰਦੇ ਸਨ ਪਰ ਦਸਵੇਂ ਪਾਤਸ਼ਾਹ ਵੇਲੇ ਸਿੱਖ ਕੌਮ ਦੀ ਤਿਆਰੀ ਏਨੀ ਹੋ ਚੁੱਕੀ ਸੀ ਕਿ ਪਾਤਸ਼ਾਹ ਨੇ ਸਿੱਖਾਂ ਨੂੰ ਜੰਗ ਦਾ ਅਗਵਾਈ ਸੌਂਪੀ ਅਤੇ ਆਪ ਪਿੱਛੇ ਰਹਿ ਕੇ ਉਨ੍ਹਾਂ ਨੂੰ ਵਾਚਦੇ ਰਹੇ। ਕਲਗੀਧਰ ਪਿਤਾ ਨੇ ਆਪਣੇ ਆਪ ਨੂੰ ਆਪਣੇ ਸਿੱਖਾਂ ਦਾ ਸੇਵਕ ਮੰਨਿਆ ਅਤੇ ਆਪਣੇ ਹਰ ਗੁਣ ਨੂੰ ਆਪਣੇ ਸਿੱਖਾਂ ਵਲੋਂ ਮਿਲੀ ਬਖਸ਼ਿਸ਼ ਕਿਹਾ। ਇਥੋਂ ਤੱਕ ਆਪ

ਫੁਰਮਾਉਂਦੇ ਹਨ ਕਿ '**ਇਨਹੀਂ ਕੀ ਕਿਰਪਾ ਕੇ ਸਜੇ ਹਮ ਹੈਂ॥**' ਦਸਵੇਂ ਪਾਤਸ਼ਾਹ ਬਾਰੇ ਭਾਈ ਗੁਰਦਾਸ ਜੀ (ਦੂਜੇ) ਲਿਖਦੇ ਹਨ : **ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥**

ਪ੍ਰੇਰਨਾ : ਕਲਗੀਧਰ ਪਾਤਸ਼ਾਹ ਦੇ ਸਿੱਖਾਂ ਕੋਲ ਲੀਡਰਸ਼ਿਪ ਦੇ ਐਸੇ ਗੁਣ ਹੋਣੇ ਚਾਹੀਦੇ ਹਨ ਕਿ ਉਹ ਨਾ ਕੇਵਲ ਸਿੱਖ ਕੌਮ ਦੀ ਅਗਵਾਈ ਕਰਨ, ਸਗੋਂ ਸਮੁੱਚੇ ਸੰਸਾਰ ਦੀ ਅਗਵਾਈ ਕਰਨ ਦੇ ਸਮਰੱਥ ਹੋਣ। ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਕੇਵਲ ਆਪਣਾ 'ਗੁਰੂ' ਕਿਹਾ ਹੀ ਨਹੀ, ਸਗੋਂ ਹਕੀਕਤ ਵਿਚ ਮੰਨਿਆ ਵੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦਾਦੂ ਦੀ ਕਬਰ ਨੂੰ ਤੀਰ ਨਾਲ ਨਮਸਕਾਰ ਕੀਤਾ ਤਾਂ ਸਿੱਖਾਂ ਨੇ ਸਵਾਲ ਕੀਤਾ ਕਿ ਤੁਸਾਂ ਪੀਰ ਦੀ ਕਬਰ ਨੂੰ ਸਿਜਦਾ ਕਿਉਂ ਕੀਤਾ? ਪਾਤਸ਼ਾਹ ਨੇ ਕਿਹਾ ਮੈਂ ਤੁਹਾਡੀ ਪ੍ਰੀਖਿਆ ਲੈ ਰਿਹਾ ਸੀ। ਸਿੱਖਾਂ ਨੇ ਕਿਹਾ ਪ੍ਰੀਖਿਆ ਵਿਚ ਤਾਂ ਅਸੀਂ ਪਾਸ ਹੋ ਗਏ ਪਰ ਕੀਤੀ ਤਾਂ ਤੁਸਾਂ ਗਲਤੀ ਹੈ। ਇਤਿਹਾਸ ਲਿਖਦਾ ਹੈ ਕਿ ਸਿੱਖਾਂ ਨੇ ਦਸਵੇਂ ਪਾਤਸ਼ਾਹ ਨੂੰ 'ਤਨਖਾਹ' ਲਾਈ ਤੇ ਉਨ੍ਹਾਂ ਇਸ ਤਨਖਾਹ ਨੂੰ ਪ੍ਰਵਾਨ ਕੀਤਾ।

ਕੀ ਅੱਜ ਸਾਡੇ ਸਿੱਖਾਂ ਵਿਚ ਲੀਡਰਸ਼ਿਪ ਦੇ ਐਸੇ ਗੁਣ ਹਨ? ਸ਼ਾਇਦ ਅਸੀਂ ਇਸ ਤੋਂ ਕੋਹਾਂ ਦੂਰ ਹਾਂ। ਸਾਡੇ ਆਗੂਆਂ ਵਿਚ ਸਿੱਖਾਂ ਦੀ ਕਦਰ ਗਵਾਚਦੀ ਜਾ ਰਹੀ ਹੈ। ਅੱਜ ਦੇ ਸਿੱਖ ਆਗੂ ਕਲਗੀਧਰ ਪਾਤਸ਼ਾਹ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਨਿਮਰਤਾ, ਮਿਠਾਸ ਅਤੇ ਤਿਆਗ ਵਰਗੇ ਗੁਣਾਂ ਦੇ ਧਾਰਨੀ ਬਣ ਜਾਣ, ਆਪਣੀਆਂ ਪ੍ਰਾਪਤੀਆਂ ਲਈ ਆਪਣੇ ਸਾਥੀਆਂ ਨੂੰ ਸਿਹਰਾ ਦੇਣ ਤਾਂ ਕੋਈ ਕਾਰਨ ਨਹੀਂ ਕਿ ਸਿੱਖ ਕੌਮ ਕਿਸੇ ਵੀ ਪੱਖੋਂ, ਕਿਸੇ ਵੀ ਪਿੜ ਵਿਚ ਪਿੱਛੇ ਰਹੇ।

(ਖ) ਘਟਨਾ : ਕਲਗੀਧਰ ਜੀ ਨੇ ਅਨੰਦਪੁਰ ਸਾਹਿਬ ਵਿਖੇ ਦੀਵਾਨ ਵਿਚ ਬੈਠਿਆਂ ਇਕ ਵਾਰੀ ਕਿਹਾ ਕਿ ਕੋਈ ਸਿੱਖ ਪੀਣ ਲਈ ਪਾਣੀ ਦਾ ਗਿਲਾਸ ਲਿਆਵੇ। ਇਕ ਨੌਜਵਾਨ ਤੁਰੰਤ ਪਾਣੀ ਦਾ ਗਿਲਾਸ ਲੈ ਕੇ ਹਾਜ਼ਰ ਹੋਇਆ। ਕਲਗੀਧਰ ਪਾਤਸ਼ਾਹ ਨੇ ਉਸ ਦੇ ਨਰਮ ਹੱਥਾਂ ਨੂੰ ਵੇਖ ਕੇ ਪੁੱਛਿਆ ਕਿ ਇਹ ਇਨੇ ਕੂਲੇ ਕਿਉਂ ਹਨ? ਸਿੱਖ ਨੇ ਜੁਆਬ ਦਿੱਤਾ ਕਿ ਮੈਂ ਸੌਖੇ ਘਰ ਦਾ ਜੰਮਪਲ ਹਾਂ ਅਤੇ ਇਹਨਾਂ ਹੱਥਾਂ ਨਾਲ ਕਦੇ ਕੋਈ ਕੰਮ ਨਹੀਂ ਕਰਦਾ। ਅੱਜ ਪਹਿਲੀ ਵਾਰੀ ਆਪ ਲਈ ਪਾਣੀ ਦਾ ਗਿਲਾਸ ਲਿਆਇਆ ਹਾਂ। ਸਤਿਗੁਰੂ ਜੀ ਨੇ ਉਸ ਦੇ ਹੱਥੋਂ ਪਾਣੀ ਦਾ ਗਿਲਾਸ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਜਿਹੜੇ ਹੱਥ ਕਿਰਤ ਨਹੀਂ ਕਰਦੇ ਅਤੇ ਖਲਕਤ ਦੀ ਸੇਵਾ ਨਹੀਂ ਕਰਦੇ ਉਹ ਪਵਿੱਤਰ ਨਹੀਂ ਹਨ, ਸਗੋਂ ਦੁਨੀਆਂ ਤੇ ਭਾਰ ਹੁੰਦੇ ਹਨ। ਕਿਸੇ ਕਵੀ ਨੇ ਇਸ ਘਟਨਾ ਨੂੰ ਲਿਖਿਆ ਹੈ:

> ਜਿਹੜੇ ਹੱਥ ਨਾ ਕਰਦੇ ਕਾਰ,
> ਦੁਨੀਆ ਉਤੇ ਹੁੰਦੇ ਭਾਰ।

ਪ੍ਰੇਰਨਾ : ਕਲਗੀਧਰ ਪਾਤਸ਼ਾਹ ਦੇ ਜੀਵਨ ਵਿਚਲੀ ਇਹ ਸਾਖੀ ਅਸੀਂ ਅਨੇਕਾਂ ਵਾਰੀ ਪੜ੍ਹੀ-ਸੁਣੀ ਹੈ। ਪਰ ਜੇਕਰ ਫਿਰ ਵੀ ਕਿਰਤ ਨਹੀਂ ਕਰਦੇ ਤਾਂ ਪਾਤਸ਼ਾਹ ਦੀ ਖੁਸ਼ੀ ਨਹੀਂ ਹਾਸਲ ਕਰ ਸਕਦੇ। ਅੱਜ ਪੰਜਾਬ ਦੇ ਲੋਕਾਂ ਵਿਚੋਂ ਕਿਰਤ ਦਾ ਸਭਿਆਚਾਰ ਅਲੋਪ ਹੁੰਦਾ ਜਾ ਰਿਹਾ ਹੈ। ਸਾਰਾ ਦਿਨ ਵਿਹਲੜ ਬਣ, ਇਥੇ ਉਥੇ ਬੈਠ ਕੇ ਸਮਾਂ ਬਤੀਤ ਕਰਨਾ ਅਤੇ ਘਰ ਦੇ ਕੰਮ ਜਾਂ ਖੇਤੀ ਦੇ ਕੰਮ ਬਾਹਰੋਂ ਆਏ ਨੌਕਰਾਂ ਤੋਂ ਕਰਵਾਉਣਾ ਆਮ ਪ੍ਰਚਲਿਤ ਹੋ ਚੁੱਕਾ ਹੈ। ਆਪ ਕੰਮ ਨਾ ਕਰਨਾ ਸ਼ਾਨ ਸਮਝਿਆ ਜਾਣ ਲੱਗ ਪਿਆ ਹੈ। ਇੰਝ ਪੰਜਾਬ ਵਿਚ ਵਿਸ਼ੇਸ਼ ਕਰਕੇ ਸਰੀਰਕ ਰੋਗੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਨਾਲ ਹੀ ਵਿਹਲੜ ਬੰਦੇ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ।

ਇਥੇ ਤੱਕ ਕਿ ਗੁਰਪੁਰਬਾਂ ਜਾਂ ਹੋਰ ਸਮਾਗਮਾਂ ਸਮੇਂ ਅਸੀਂ ਲੰਗਰ ਦੀ ਸੇਵਾ ਆਪ ਨਹੀਂ ਕਰਦੇ ਅਤੇ ਸਬਜ਼ੀਆਂ ਬਣਾਉਣ ਲਈ ਹਲਵਾਈ ਅਤੇ ਪਰਸ਼ਾਦਿਆਂ ਲਈ ਠੇਕੇ ਤੇ ਕੰਮ ਕਰਨ ਵਾਲੀਆਂ ਬੀਬੀਆਂ ਬੁਲਾਈਆਂ ਜਾਂਦੀਆਂ ਹਨ। ਕਲਗੀਧਰ ਪਾਤਸ਼ਾਹ ਦਾ ਜੀਵਨ ਸਾਨੂੰ ਉੱਦਮੀ ਬਣਨ ਲਈ ਪ੍ਰੇਰਨਾ ਕਰਦਾ ਹੈ। **ਆਓ ਕਲਗੀਧਰ ਪਾਤਸ਼ਾਹ ਦੀ ਯਾਦ ਮਨਾਉਂਦਿਆਂ ਅਸੀਂ ਸਾਰੇ ਪ੍ਰਣ ਕਰੀਏ ਕਿ ਵੱਧ ਤੋਂ ਵੱਧ ਹੱਥੀਂ ਕੰਮ ਆਪ ਕਰਨਾ ਹੈ ਅਤੇ ਨੌਕਰਾਂ ਤੇ ਨਿਰਭਰ ਨਹੀਂ ਕਰਨਾ।**

(ਗ) ਘਟਨਾ : ਕਲਗੀਧਰ ਪਾਤਸ਼ਾਹ ਸਮੇਂ ਦੇ ਸਿੱਖ ਭਾਈ ਫੇਰੂ ਜੀ ਦੀ ਸਾਖੀ ਬੜੀ ਪ੍ਰਸਿੱਧ ਹੈ। ਜਦ ਪਾਤਸ਼ਾਹ ਨੇ ਵਿਗੜ ਚੁੱਕੇ ਮਸੰਦਾਂ ਨੂੰ ਸੋਧਣ ਲਈ ਹੁਕਮ ਕੀਤਾ ਕਿ ਸਭ ਮਸੰਦਾਂ ਨੂੰ ਦਾੜ੍ਹੀਆਂ ਤੋਂ ਫੜ ਕੇ ਹਾਜ਼ਰ ਕਰੋ, ਤਾਂ ਭਾਈ ਫੇਰੂ ਜੀ, ਜੋ ਕਿ ਆਪ ਇਕ ਸੱਚੇ-ਸੁੱਚੇ ਮਸੰਦ ਸਨ, ਉਹਨਾਂ ਨੂੰ ਦਾੜ੍ਹੀ ਤੋਂ ਫੜ ਕਲਗੀਧਰ ਦੇ ਦਰਬਾਰ ਵਿਚ ਲਿਜਾਣ ਲਈ ਕੋਈ ਨਾ ਆਇਆ ਤਾਂ ਉਹ ਆਪ ਆਪਣੀ ਦਾੜ੍ਹੀ ਫੜ ਕੇ ਦਰਬਾਰ ਵਿਚ ਹਾਜ਼ਰ ਹੋਏ। ਪਾਤਸ਼ਾਹ ਨੇ ਭਾਈ ਫੇਰੂ ਨੂੰ "ਸੱਚੀ ਦਾੜ੍ਹੀ" ਅਤੇ "ਸੰਗਤ ਸਾਹਿਬ" ਦੀ ਪਦਵੀ ਬਖਸ਼ਿਸ਼ ਕੀਤੀ। ਪਰ ਕੋਲ ਬੈਠੇ ਮੁਨੀਮ ਨੇ ਬੇਨਤੀ ਕੀਤੀ ਕਿ ਭਾਈ ਫੇਰੂ ਦੇ ਇਲਾਕੇ ਜ਼ਿਲ੍ਹਾ ਲਾਹੌਰ, ਤਹਿਸੀਲ ਚੂਨੀਆਂ ਤੋਂ ਕਦੇ ਵੀ ਦਸਵੰਧ ਦੀ ਰਕਮ ਨਹੀਂ ਪੁੱਜੀ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਇਹ ਸਾਨੂੰ ਸਿੱਧਾ ਹੀ ਦਸਵੰਧ ਭੇਜ ਦਿੰਦੇ ਸਨ, ਕਿਉਂਕਿ ਭਾਈ ਫੇਰੂ ਜੀ ਸਾਰੀ ਮਾਇਆ ਗਰੀਬਾਂ ਅਤੇ ਲੋੜਵੰਦਾਂ ਦੀ ਮਦਦ ਲਈ ਖਰਚ ਦਿੰਦੇ ਹਨ। ਇੰਝ ਗਰੀਬ ਨੂੰ ਪੁੱਜੀ ਸਹਾਇਤਾ, ਸਮਝੋ ਗੁਰੂ ਦੀ ਗੋਲਕ ਵਿਚ ਪੁੱਜ ਗਈ ਹੈ।

ਪ੍ਰੇਰਨਾ : ਅਜੋਕੇ ਸਮੇਂ ਵਿਚ ਜਦ ਸਮੁੱਚੇ ਸਿੱਖ ਜਗਤ ਵਿਚ ਗੁਰਦੁਆਰਿਆਂ ਦੀ ਗਿਣਤੀ ਵਿਚ ਬੇਹਿਸਾਬ ਵਾਧਾ ਹੋਇਆ ਹੈ ਤੇ ਜਾਇਦਾਦਾਂ ਦੇ ਝਗੜੇ ਵਧੇ ਹਨ। ਕਿਉਂਕਿ ਸਿੱਖ ਜਗਤ ਅੱਜ ਵੀ ਆਪਣੇ ਦਸਵੰਧ ਦਾ ਵੱਡਾ ਹਿੱਸਾ ਗੁਰਦੁਆਰੇ ਦੀ ਗੋਲਕ ਵਿਚ ਹੀ ਪਾਉਂਦੀ ਹੈ, ਜੋ ਕਿ ਪ੍ਰਬੰਧਕਾਂ ਵਿਚ ਲੜਾਈਆਂ ਦਾ ਕਾਰਨ ਬਣਦੀ ਹੈ। ਅੱਜ ਰਾਜਨੀਤੀ ਵਿਚ ਕਦਮ ਰੱਖਣ ਲਈ ਸਥਾਨਕ ਗੁਰਦੁਆਰੇ ਦਾ ਪ੍ਰਧਾਨ ਬਣਨਾ ਇਕ ਜ਼ਰੂਰੀ ਪਾਉੜੀ ਬਣਦੀ ਜਾ ਰਹੀ ਹੈ। ਇਤਿਹਾਸਕ ਗੁਰਦੁਆਰਿਆਂ ਤੋਂ ਛੁੱਟ ਕਿਸੇ ਵੀ ਇਲਾਕੇ ਵਿਚ ਗੁਰਦੁਆਰਿਆਂ ਦੀ ਗਿਣਤੀ ਨੀਯਤ ਕਰਨ ਸੰਬੰਧੀ ਕੋਈ ਫੈਸਲਾ ਲੈਣਾ ਚਾਹੀਦਾ ਹੈ। ਇਕ ਛੋਟੇ ਜਿਹੇ ਪਿੰਡ ਵਿਚ ਚਾਰ ਜਾਂ ਪੰਜ ਗੁਰਦੁਆਰਿਆਂ ਦਾ ਕੀ ਕੰਮ? **ਜੇਕਰ ਸਿੱਖ ਸੰਗਤ ਗਰੀਬ ਦੇ ਮੂੰਹ ਨੂੰ ਗੁਰੂ ਦੀ ਗੋਲਕ ਸਮਝ ਕੇ ਕਾਰਜਸ਼ੀਲ ਹੋ ਜਾਵੇ ਤਾਂ ਜਿੱਥੇ ਸਮਾਜ ਦੀ ਭਲਾਈ ਹੋਣੀ ਸੰਭਵ ਹੋਏਗੀ, ਉਥੇ ਨਾਲ ਹੀ ਚੌਧਰਾਂ ਅਤੇ ਜਾਇਦਾਦਾਂ ਦੇ ਝਗੜੇ ਵੀ ਖਤਮ ਹੋਣਗੇ।**

ਅੱਜ ਵੇਖਣ ਵਿਚ ਆ ਰਿਹਾ ਹੈ ਕਿ ਬਹੁਤ ਸਾਰੇ ਜਾਗਰੂਕ ਸਿੱਖਾਂ ਨੇ ਆਪਣਾ ਦਸਵੰਧ ਗੋਲਕਾਂ ਵਿਚ ਪਾਉਣ ਨਾਲੋਂ ਗਰੀਬ ਵਿਦਿਆਰਥੀਆਂ ਦੀਆਂ ਫ਼ੀਸਾਂ, ਕਿਤਾਬਾਂ, ਦਸਤਾਰਾਂ ਤੋਂ ਇਲਾਵਾ ਮਰੀਜ਼ਾਂ ਲਈ ਦਵਾਈਆਂ ਅਤੇ ਹੋਰ ਸਮਾਜ ਭਲਾਈ ਦੇ ਕਾਰਜਾਂ 'ਤੇ ਲਗਾਉਣਾ ਸ਼ੁਰੂ ਕਰ ਦਿੱਤਾ ਹੈ। ਕਈ ਜਾਗਰੂਕ ਗੁਰਸਿੱਖ ਜੀਅੜੇ ਆਪਣੇ ਦਸਵੰਧ ਨਾਲ ਗੁਰਬਾਣੀ ਦੇ ਗੁਟਕੇ ਅਤੇ ਇਤਿਹਾਸ ਦੀਆਂ ਪੁਸਤਕਾਂ ਘਰ-ਘਰ ਵੰਡ ਰਹੇ ਹਨ। ਭਾਂਤ-ਭਾਂਤ ਦੇ ਲੰਗਰ ਚਲਾਉਣ ਅਤੇ ਕੀਮਤੀ ਮਠਿਆਈਆਂ ਵੰਡ ਕੇ ਰੱਜਿਆਂ ਨੂੰ ਹੋਰ ਰਜਾਉਣ ਦੀ ਥਾਂ, ਗੁਰੂ ਹੁਕਮਾਂ ਅਨੁਸਾਰ ਆਪਣਾ ਦਸਵੰਧ ਕੇਵਲ ਖਲਕਤ ਦੀ ਸੇਵਾ ਲਈ ਲਗਾਉਣਾ ਚਾਹੀਦਾ ਹੈ। ਇੰਝ ਇਹ ਪ੍ਰਬੰਧਕਾਂ ਦੀ ਹਉਮੈ ਵਿਚ ਜਾਂ ਬੈਂਕਾਂ ਦੇ ਅਕਾਊਂਟਾਂ ਵਿਚ ਪਹੁੰਚ ਨਾਲੋਂ, ਦਸਵੰਧ ਸਿੱਧਾ ਗੁਰੂ ਕੋਲ ਪੁੱਜੇਗਾ ਅਤੇ ਸਾਨੂੰ ਬਖਸ਼ਿਸ਼ਾਂ ਮਿਲਣਗੀਆਂ।

(ਘ) ਘਟਨਾ : ਕਲਗੀਧਰ ਪਾਤਸ਼ਾਹ ਨੇ 42 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡੀਆਂ-ਛੋਟੀਆਂ 16 ਜੰਗਾਂ ਲੜੀਆਂ। ਇਸਦੇ ਬਾਵਜੂਦ ਵੀ ਗੁਰੂ ਜੀ ਸਿੱਖਾਂ ਨੂੰ ਗਿਆਨਵਾਨ ਬਣਾਉਣ ਦੇ ਯਤਨ ਕਰਦੇ ਰਹੇ। ਇਹ ਕਿਹਾ ਜਾਂਦਾ ਹੈ ਕਿ ਸੰਨ 1690 ਤੱਕ ਕੋਈ ਸਿੱਖ ਅਨਪੜ੍ਹ ਨਹੀਂ ਸੀ; ਭਾਵ, ਪਾਤਸ਼ਾਹ ਨੇ ਸਿੱਖਾਂ ਵਿਚ ਅਨਪੜ੍ਹਤਾ ਖ਼ਤਮ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਸਨ। ਸੰਨ 1699 ਵਿਸਾਖੀ ਵਾਲੇ ਦਿਨ ਲਗਭਗ 20 ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਭਾਵ, ਪ੍ਰਚਾਰ ਅਤੇ ਪ੍ਰਬੰਧ ਇੰਨਾ ਵਿਸ਼ਾਲ ਅਤੇ ਵਿਆਪਕ ਸੀ। ਇਹ ਵੀ ਪੜ੍ਹਨ ਨੂੰ ਮਿਲਦਾ ਹੈ ਕਿ ਉਸ ਸਮੇਂ ਕੇਵਲ ਬਿਹਾਰ ਦੇ ਇਲਾਕੇ ਵਿਚ 360 ਪ੍ਰਚਾਰ ਸੈਂਟਰ ਸਨ ਜੋ ਕਿ ਵਿਉਂਤਬੱਧ ਤਰੀਕੇ ਨਾਲ ਗੁਰੂ ਪਾਤਸ਼ਾਹ ਦਾ ਸੁਨੇਹਾ ਘਰ-ਘਰ ਪਹੁੰਚਾ ਰਹੇ ਸਨ।

ਪ੍ਰੇਰਨਾ : ਉਪਰੋਕਤ ਸਾਰੇ ਇਤਹਾਸਕ ਤੱਥ ਸਾਨੂੰ ਭਰਪੂਰ ਪ੍ਰੇਰਨਾ ਦਿੰਦੇ ਹਨ ਕਿ ਸਾਨੂੰ ਆਪਣੇ ਅਜੋਕੇ ਪ੍ਰਚਾਰ ਸਿਸਟਮ ਨੂੰ ਵਿਗਿਆਨਕ ਲੀਹਾਂ ਤੇ ਚਲਾਉਣਾ ਚਾਹੀਦਾ ਹੈ। ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਅੱਜ ਕੋਈ ਸਿੱਖ ਅਨਪੜ੍ਹ ਨਹੀਂ? **ਦੇਸ਼-ਵਿਦੇਸ਼ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਆਪੋ ਆਪਣੇ ਇਲਾਕੇ ਵਿਚੋਂ ਅਨਪੜ੍ਹਤਾ ਸਮਾਪਤ ਕਰਨ ਦੇ ਉਪਰਾਲੇ ਜ਼ਰੂਰ ਅਰੰਭਣੇ ਚਾਹੀਦੇ ਹਨ।** ਕੰਮ ਦੀ ਕੇਂਦਰੀ ਸੰਸਥਾ ਦੇ ਅਧੀਨ ਦੇਸ਼-ਵਿਦੇਸ਼ ਦੇ ਸਾਰੇ ਰਾਜਾਂ, ਸ਼ਹਿਰਾਂ, ਤਹਿਸੀਲਾਂ, ਬਲਾਕਾਂ ਅਤੇ ਪਿੰਡਾਂ ਵਿਚ ਪ੍ਰਚਾਰ ਸੈਂਟਰ ਕਿਸੇ ਵਿਉਂਤ ਅਧੀਨ ਲਿਆਉਣੇ ਚਾਹੀਦੇ ਹਨ।

(ਙ) ਘਟਨਾ : ਪਰਿਵਾਰ ਦੇ ਵਿਛੋੜੇ, ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਅਤੇ ਹਰ ਤਰ੍ਹਾਂ ਦੀਆਂ ਔਕੜਾਂ ਝੱਲਣ ਦੇ ਬਾਵਜੂਦ ਪਾਤਸ਼ਾਹ ਨੇ ਔਰੰਗਜ਼ੇਬ ਨੂੰ ਜਿੱਤ ਦੀ ਚਿੱਠੀ, ਭਾਵ 'ਜ਼ਫ਼ਰਨਾਮਾ' ਲਿਖਿਆ। ਕਹਿੰਦੇ ਹਨ ਕਿ ਇਸ ਚਿੱਠੀ ਨੂੰ ਪੜ੍ਹ ਕੇ ਔਰੰਗਜ਼ੇਬ ਨੂੰ ਗਹਿਰਾ ਧੱਕਾ ਲੱਗਾ ਅਤੇ ਜ਼ਫ਼ਰਨਾਮੇ ਨੇ ਉਸ ਦੀ ਆਤਮਾ ਨੂੰ ਹਲੂਣ ਕੇ ਰੱਖ ਦਿੱਤਾ ਸੀ।

ਪ੍ਰੇਰਨਾ : 'ਜ਼ਫ਼ਰਨਾਮਾ' ਸਾਨੂੰ ਕਮਾਲ ਦੀ ਪ੍ਰੇਰਨਾ ਦਿੰਦਾ ਹੈ। ਸਿੱਖ ਕਦੇ ਵੀ ਨਿਰਾਸ਼ ਨਾ ਹੋਵੇ। ਉਸ ਨੂੰ ਡਿਪਰੈਸ਼ਨ ਨਾ ਹੋਵੇ। ਉਸ ਦੇ ਅੰਦਰ ਹੀਨ-ਭਾਵਨਾ ਪੈਦਾ ਨਾ ਹੋਵੇ। ਉਹ ਉਦਾਸ ਨਾ ਹੋਵੇ। **ਸਿੱਖ ਤਾਂ ਸਦਾ ਉਸਾਰੂ ਸੋਚ ਵਾਲਾ ਅਤੇ ਹਰ ਹਾਲਤ ਵਿਚ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲਾ ਜਿਊੜਾ ਹੈ।** ਸੰਸਾਰ ਦੀ ਕੋਈ ਝੱਖੜ ਹਨੇਰੀ ਉਸ ਨੂੰ ਹਿਲਾ ਨਹੀਂ ਸਕਦੀ, ਡੁਲਾ ਨਹੀਂ ਸਕਦੀ।

'ਜ਼ਫ਼ਰਨਾਮਾ', ਇਕ ਹੋਰ ਪ੍ਰੇਰਨਾ ਦਿੰਦਾ ਹੈ, ਉਹ ਹੈ ਚਿੱਠੀ ਲਿਖਣ ਦਾ ਢੰਗ (Way of Writing a letter)। ਪਾਤਸ਼ਾਹ ਨੇ 'ਜ਼ਫ਼ਰਨਾਮਾ' ਵਿਚ ਕਿਸ ਤਰੀਕੇ ਨਾਲ ਔਰੰਗਜ਼ੇਬ ਦੇ ਗੁਣਾਂ ਦੀ ਵਿਚਾਰ ਕੀਤੀ ਫਿਰ ਉਸ ਦੇ ਅਤਿਆਚਾਰਾਂ ਨੂੰ ਬਿਆਨ ਕੀਤਾ। ਉਸ ਦੇ ਧਾਰਮਿਕ ਜਨੂੰਨ 'ਤੇ ਤਰਕ ਕੀਤਾ ਤੇ ਉਸ ਦੀ ਮਨੁੱਖਤਾ ਪ੍ਰਤੀ ਮਾੜੀ ਨੀਅਤ ਤੇ ਹਮਲਾ ਕੀਤਾ।

ਕਮਾਲ ਹੈ ਜ਼ਫਰਨਾਮਾ! ਇਹ ਸਾਨੂੰ ਪੱਤਰ ਲਿਖਣ ਦੀ ਐਸੀ ਵਿਧੀ ਸਿਖਾਉਂਦਾ ਹੈ ਜੋ ਪੜ੍ਹਨ ਵਾਲੇ ਨੂੰ ਸਿੱਧਾ ਸਮਝ ਵੀ ਆਉਂਦੀ ਹੈ ਅਤੇ ਆਪਣਾ ਰੰਗ ਵੀ ਦਿਖਾਉਂਦੀ ਹੈ। ••

ਬੱਚਿਆਂ ਦੇ ਮਨ ਤੇ ਤਸਵੀਰਾਂ ਦਾ ਪ੍ਰਭਾਵ

ਸ: ਅਮਰਜੀਤ ਸਿੰਘ, ਊਧਮ ਸਿੰਘ ਨਗਰ (ਉਤਰਾਂਚਲ)

ਬੱਚਾ ਜਿਸ ਚੀਜ਼ ਨੂੰ ਵੇਖਦਾ ਹੈ, ਉਸਦਾ ਪ੍ਰਭਾਵ ਮਨ ਤੇ ਡੂੰਘਾਈ ਨਾਲ ਕਬੂਲਦਾ ਹੈ। ਅੱਜ ਟੀ.ਵੀ. ਤੇ ਬਹੁਤ ਸਾਰੇ ਅਜਿਹੇ ਸੀਰੀਅਲ ਆਉਂਦੇ ਹਨ, ਜਿਨ੍ਹਾਂ ਵਿਚ ਦੇਵੀ-ਦੇਵਤੀਆਂ ਦੇ ਚਮਕਤਾਰਾਂ ਦੀ ਭਰਮਾਰ ਹੁੰਦੀ ਹੈ, ਅਤੇ ਬੱਚੇ ਇਨ੍ਹਾਂ ਚਮਤਕਾਰਾਂ ਤੋਂ ਬਹੁਤ ਪ੍ਰਭਾਵਤ ਹੁੰਦੇ ਹਨ। ਉਨ੍ਹਾਂ ਚਮਤਕਾਰਾਂ ਕਾਰਨ ਹੀ ਉਹ ਉਨ੍ਹਾਂ ਇਤਿਹਾਸਕ ਜਾਂ ਮਿਥਿਹਾਸਕ ਪਾਤਰਾਂ ਨੂੰ ਭਗਵਾਨ ਮੰਨਣ ਲੱਗ ਜਾਂਦੇ ਹਨ। ਮੇਰਾ ਵੱਡਾ ਪੋਤ੍ਰਾ ਰਛਪਾਲ ਸਿੰਘ ਕਰੀਬ 7 ਸਾਲ ਦਾ ਹੈ। ਅਕਸਰ ਇਹ ਸੀਰੀਅਲ ਦੇਖਦਾ ਰਹਿੰਦਾ ਹੈ। ਇਕ ਦਿਨ ਮੈਨੂੰ ਕਹਿਣ ਲੱਗਾ 'ਦਾਦਾ ਜੀ, ਭਗਵਾਨ ਕਿਤਨੇ ਹਨ?' ਮੈਂ ਕਿਹਾ 'ਇਕ'। ਉਸ ਫਿਰ ਦੁਬਾਰਾ ਪੁੱਛਿਆ : ਨਹੀਂ, ਭਗਵਾਨ ਕਿਤਨੇ ਹਨ? ਮੈਂ ਫਿਰ ਕਿਹਾ ਇਕ। ਤਾਂ ਉਸ ਕਿਹਾ ਕਿ 'ਤੁਹਾਨੂੰ ਸਮਝ ਤਾਂ ਕੁਝ ਆਉਂਦੀ ਨਹੀਂ, ਜਿਵੇਂ ਭਗਵਾਨ ਸ਼ਿਵ ਜੀ, ਭਗਵਾਨ ਕ੍ਰਿਸ਼ਨ, ਭਗਵਾਨ ਵਿਸ਼ਣੂ, ਭਗਵਾਨ ਰਾਮ, ਇਸ ਤਰ੍ਹਾਂ ਭਗਵਾਨ ਕਿਤਨੇ ਹਨ?' ਮੈਂ ਉਸ ਨੂੰ ਸਮਝਾਇਆ ਕਿ ਇਹ ਸਾਰੇ ਭਗਵਾਨ ਨਹੀਂ ਹਨ, ਮੂਲ ਮੰਤ੍ਰ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਭਗਵਾਨ ਇਕ ਹੈ, ਨਾ ਉਹ ਜੰਮਦਾ ਹੈ ਅਤੇ ਨਾ ਹੀ ਉਸ ਦੀ ਮੌਤ ਹੁੰਦੀ ਹੈ। ਉਸ ਕਿਹਾ ਕਿ, ਮਰਦੇ ਤਾਂ ਇਹ ਵੀ ਨਹੀਂ। ਮੈਂ ਉਸ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਸ ਤੇ ਉਨ੍ਹਾਂ ਸੀਰੀਅਲਾਂ ਦਾ ਅਜਿਹਾ ਪ੍ਰਭਾਵ ਸੀ ਕਿ ਉਹ ਕੁਝ ਨਾ ਸਮਝ ਸਕਿਆ। ਉਲਟਾ ਇਹ ਕਹਿੰਦਾ ਉਠ ਗਿਆ, 'ਤੁਹਾਨੂੰ ਕੁਝ ਪਤਾ ਤਾਂ ਹੈ ਨਹੀਂ।'

ਇਕ ਦਿਨ ਉਸ ਫਿਰ ਕਿਹਾ, 'ਦਾਦਾ ਜੀ ਤੁਸੀਂ ਗਣੇਸ਼ ਭਗਵਾਨ ਵੇਖਿਆ ਹੈ?' ਮੈਂ ਕਿਹਾ, 'ਬੇਟਾ ਭਗਵਾਨ ਇਕੋ ਹੈ ਅਤੇ ਮੈਂ ਉਸਨੂੰ ਨਹੀਂ ਵੇਖਿਆ। ਹਾਂ ਹਿੰਦੂਆਂ ਦਾ ਇਕ ਦੇਵਤਾ ਹੈ ਗਣੇਸ਼, ਜਿਸ ਦਾ ਸਿਰ ਹਾਥੀ ਵਰਗਾ ਹੈ।' ਉਹ ਖੁਸ਼ ਹੋ ਗਿਆ 'ਹਾਂ ਉਹੀ'। ਮੈਂ ਕਿਹਾ, 'ਪਰ ਉਹ ਭਗਵਾਨ ਤਾਂ ਨਹੀਂ ਹੈ।' ਉਸ ਫਿਰ ਕਿਹਾ, 'ਮੈਂ ਟੀ.ਵੀ. ਤੇ ਬਹੁਤ ਸਾਰੇ ਭਗਵਾਨ ਵੇਖੇ ਹਨ।' ਮੇਰੀ ਹਾਲਤ ਅਜੀਬ ਹੋ ਰਹੀ ਸੀ, ਉਹ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਸੀ ਕਿ ਭਗਵਾਨ ਇਕ ਹੈ। ਮੈਂ ਉਸਨੂੰ ਪੁੱਛਿਆ, ਤੇਰੇ ਗਣੇਸ਼ ਭਗਵਾਨ ਦੀ ਸਵਾਰੀ ਕੀ ਹੈ? ਤਾਂ ਉਸ ਨੇ ਉੱਤਰ ਦਿੱਤਾ ਕਿ ਚੂਹਾ! ਮੈਂ ਹੱਸ ਪਿਆ ਅਤੇ ਕਿਹਾ ਕਿ ਤੇਰਾ ਹਾਥੀ ਵਰਗਾ ਭਗਵਾਨ ਅਤੇ ਉਸ ਦੀ ਸਵਾਰੀ ਚੂਹਾ! ਉਹ ਸੋਚੀਂ ਪੈ ਗਿਆ, ਪਰ ਫਿਰ ਬੋਲਿਆ, 'ਮੈਂ ਆਪ ਵੇਖਿਆ ਹੈ।' ਮੈਂ ਉਸਨੂੰ ਸਮਝਾਉਂਦੇ ਹੋਏ ਕਿਹਾ, 'ਅੱਛਾ ਦੱਸ ਜੇਕਰ ਇਕ ਚੂਹੇ ਤੇ ਇਕ ਹਾਥੀ ਬੈਠ ਜਾਵੇ ਤਾਂ ਉਸ ਵਿਚਾਰੇ ਦਾ ਕੀ ਹਾਲ ਹੋਵੇਗਾ?' ਉਹ ਸੋਚਦਾ ਰਿਹਾ। ਮੈਂ ਆਖਿਆ, 'ਉਸ ਵਿਚਾਰੇ ਚੂਹੇ ਦਾ ਤਾਂ ਕਚੂਮਰ ਨਿਕਲ ਜਾਵੇਗਾ।' ਉਸ ਫਿਰ ਕਿਹਾ ਕਿ ਟੀ.ਵੀ. ਵਿਚ ਤਾਂ ਇਹ ਸਭ ਵਿਖਾਉਂਦੇ ਹਨ। ਮੈਂ ਉਸਨੂੰ ਸਮਝਾਇਆ ਕਿ ਇਹ ਸਭ ਗਪੌੜੇ ਹਨ, ਤੂੰ ਆਪ ਸੋਚ ਇਕ ਬੰਦੇ ਦੀ ਸਵਾਰੀ ਹਾਥੀ ਜਾਂ ਘੋੜਾ ਤਾਂ ਹੋ ਸਕਦੀ ਹੈ ਪਰ ਚੂਹਾ ਨਹੀਂ। ਸਵਾਰੀ ਵੱਡੀ ਹੁੰਦੀ ਹੈ, ਸਵਾਰ ਛੋਟਾ। ਹੁਣ ਉਹ ਹੈਰਾਨ ਸੀ ... ਮੈਂ ਹੋਰ ਕਿਹਾ ਕਿ ਇਵੇਂ ਹੀ ਉਹ ਸਾਰੇ ਭਗਵਾਨ ਗਪੌੜੇ ਹਨ, ਭਗਵਾਨ ਸਿਰਫ਼ ਇਕ ਹੈ। ਉਹ ਸੋਚਦਾ ਰਿਹਾ... ਉਸ ਦੀ ਸਮਝ ਵਿਚ ਗੱਲ ਆ ਰਹੀ ਸੀ। ਮੈਂ ਹੋਰ ਕਿਹਾ ਕਿ ਜੋ ਤੂੰ ਰੋਜ਼ ਨਵੇਂ-ਨਵੇਂ ਭਗਵਾਨ ਬਣਾਉਂਦਾ ਹੈ, ਅੱਜ ਤੋਂ ਬੰਦ, ਹੁਣ ਤੂੰ ਕੋਈ ਨਵਾਂ ਭਗਵਾਨ ਨਹੀਂ ਬਣਾਏਂਗਾ। ਉਸ ਪਿੱਛੋਂ ਜਦ ਵੀ ਉਹ ਕੋਈ ਅਜਿਹਾ ਸੀਰੀਅਲ ਵੇਖ ਰਿਹਾ ਹੋਵੇ ਤਾਂ ਮੈਂ ਪੁੱਛ ਲੈਂਦਾ ਹਾਂ ਕਿ ਰਛਪਾਲ ਸਿੰਘ ਤੂੰ ਫਿਰ ਕੋਈ ਨਵਾਂ ਭਗਵਾਨ ਬਣਾ ਰਿਹਾ ਹੈਂ? ਤਾਂ ਉਸਦਾ ਜਵਾਬ ਹੁੰਦਾ ਹੈ ਕਿ ਨਹੀਂ ਦਾਦਾ ਜੀ ਭਗਵਾਨ ਇਕੋ ਹੈ। ਸਮੱਸਿਆ ਦਾ ਹੱਲ ਤਾਂ ਹੋ ਗਿਆ। ਪਰ ਸੋਚਦਾ ਹਾਂ ਕਿ ਬਾਕੀ ਸਿੱਖ ਬੱਚਿਆਂ ਤੇ ਜੋ ਅਜਿਹਾ ਪ੍ਰਭਾਵ ਪੈ ਰਿਹਾ ਹੈ ਉਨ੍ਹਾਂ ਬਾਰੇ ਕੀ ਕੀਤਾ ਜਾ ਸਕਦਾ ਹੈ?

ਇਕ ਉਸ ਤੋਂ ਛੋਟਾ ਪੋਤ੍ਰਾ ਹੈ ਨਵਜੋਤ ਸਿੰਘ, ਦੋ ਸਾਲ ਦਾ, ਗਲੇ ਵਿਚ ਕੁਝ ਖਰਾਬੀ ਕਾਰਨ ਸਾਫ਼ ਨਹੀਂ ਬੋਲ ਸਕਦਾ। ਇਕ ਦਿਨ ਸ: ਸਤਨਾਮ ਸਿੰਘ ਜੀ ਐਡਵੋਕੇਟ ਵਲੋਂ ਭੇਜੀ ਕਿਤਾਬ, 'ਕਲਿ ਤਾਰਣ ਗੁਰ ਨਾਨਕ ਆਯਾ' ਵੇਖ ਰਿਹਾ ਸੀ। ਉਸ ਵਿਚ ਗੁਰੂ ਨਾਨਕ ਸਹਿਬ ਦੀ ਮੱਕੇ ਵਿਚਲੀ ਤਸਵੀਰ ਸੀ। ਨਵਜੋਤ ਸਿੰਘ ਕੋਲ ਬੈਠਾ ਬੋਲਿਆ: ਕਹਾਣੀ ਸੁਣਾਉ। ਮੈਂ ਉਸ ਨੂੰ ਸਾਖੀ ਸੁਣਾਈ ਕਿ ਕਿਵੇਂ ਗੁਰੂ ਨਾਨਕ ਜੀ ਕਾਅਬੇ ਵਲ ਪੈਰ ਕਰ ਕੇ ਲੇਟੇ ਹਨ, ਕਾਜ਼ੀਆਂ ਨੇ ਬੁਰਾ ਭਲਾ ਕਿਹਾ ਤਾਂ ਗੁਰੂ ਸਾਹਿਬ ਨੇ ਸਹਿਜ ਵਿਚ ਕਿਹਾ ਕਿ ਜਿੱਧਰ ਰੱਬ ਦਾ ਘਰ ਨਹੀਂ ਹੈ, ਮੇਰੇ ਪੈਰ ਉਸ ਪਾਸੇ ਕਰ ਦਿਉ। ਕਾਜ਼ੀਆਂ, ਲੱਤਾਂ ਫੜ ਕੇ ਪੈਰ ਇਕ ਪਾਸੇ ਕੀਤੇ ਤਾਂ ਮਨ ਵਿਚ ਵਿਚਾਰ ਆਇਆ ਕਿ ਰੱਬ ਤਾਂ ਇਸ ਪਾਸੇ ਵੀ ਹੈ, ਦੂਸਰੇ ਪਾਸੇ ਕੀਤੇ ਤਾਂ ਫਿਰ ਮਨ ਵਿਚ ਵਿਚਾਰ ਆਇਆ ਕਿ ਰੱਬ ਤਾਂ ਇਸ ਪਾਸੇ ਵੀ ਹੈ, ਉਹ ਗੁਰੂ

ਨਾਨਕ ਦੀ ਰਮਜ਼ ਸਮਝ ਗਏ ਕਿ ਰੱਬ ਹਰ ਪਾਸੇ ਹੈ। ਇਹ ਸਾਖੀ ਸੁਣ ਕੇ ਉਸ ਨੇ ਆਪਣੀ ਲੱਤ ਨੂੰ ਹਥ ਲਾ ਕੇ ਇਕ ਬੰਨੇ ਇਸ਼ਾਰਾ ਕਰ ਕੇ ਕਿਹਾ ਰੱਬ ਇਧਰ ਵੀ, ਫਿਰ ਦੂਸਰੇ ਪਾਸੇ ਇਸ਼ਾਰਾ ਕਰ ਕੇ ਰੱਬ ਇਧਰ ਵੀ। ਉਹ ਜਦ ਵੀ ਉਸ ਕਿਤਾਬ ਨੂੰ ਵੇਖਦਾ ਹੈ ਤਾਂ ਉਹੀ ਤਸਵੀਰ ਕੱਢ ਕੇ ਆਪਣੀਆਂ ਲੱਤਾਂ ਨੂੰ ਹੱਥ ਲਗਾ ਕੇ ਚਾਰੇ ਪਾਸੇ ਇਸ਼ਾਰਾ ਕਰ ਕੇ ਦੱਸਦਾ ਹੈ ਕਿ ਰੱਬ ਹਰ ਪਾਸੇ ਹੈ। ਕੀ ਉਸਨੂੰ ਸਾਰੀ ਉਮਰ ਲਈ ਇਹ ਦ੍ਰਿੜ੍ਹ ਨਹੀਂ ਹੋ ਰਿਹਾ ਕਿ ਵਾਹਿਗੁਰੂ ਸਰਬ ਵਿਆਪਕ ਹੈ, ਕਿਸੇ ਧਰਮ ਅਸਥਾਨ ਵਿਚ ਕੈਦ ਨਹੀਂ?

ਉਸੇ ਕਿਤਾਬ ਵਿਚ ਕੌਡੇ ਰਾਕਸ਼ ਦੀ ਸਾਖੀ ਵਾਲੀ ਫੋਟੋ ਵੀ ਹੈ। ਵੱਡਾ ਪੋਤਾ ਰਛਪਾਲ ਸਿੰਘ ਕਹਿਣ ਲੱਗਾ 'ਦਾਦਾ ਜੀ, ਇਸ ਦੀ ਕਹਾਣੀ ਵੀ ਸੁਣਾਉ'। ਮੈਂ ਕਿਤਾਬ ਮੁਤਾਬਕ ਸਾਖੀ ਸੁਣਾ ਦਿੱਤੀ। ਉਸ ਨੇ ਪ੍ਰਸ਼ਨ ਕੀਤਾ ਕਿ ਦਾਦਾ ਜੀ, ਇਸ ਜੰਗਲੀ ਬੰਦੇ ਕੋਲ ਕੜਾਹਾ ਕਿਥੋਂ ਆ ਗਿਆ? ਮੈਂ ਨਿਰੁੱਤਰ ਸਾਂ। ਉਸ ਫਿਰ ਪੁੱਛਿਆ ਕਿ ਤੇਲ ਤਾਂ ਮਸ਼ੀਨ ਨਾਲ ਨਿਕਲਦਾ ਹੈ, ਕੌਡੇ ਕੋਲ ਜੰਗਲ ਵਿਚ ਤੇਲ ਕਿਥੋਂ ਆ ਗਿਆ? ਮੈਂ ਫਿਰ ਨਿਰੁੱਤਰ ਸੋਚ ਰਿਹਾ ਸਾਂ ਕਿ ਕੀ ਮਿਸ਼ਨਰੀ ਕਾਲਜ ਵਾਲੇ ਕੁਝ ਅਜੇਹੇ ਟ੍ਰੈਕਟ ਨਹੀਂ ਛਪਵਾ ਸਕਦੇ ਜਿਨ੍ਹਾਂ ਵਿਚ ਬੱਚਿਆਂ ਨੂੰ ਤਸਵੀਰਾਂ ਰਾਹੀਂ ਸਿੱਖਿਆ ਦਿੱਤੀ ਹੋਵੇ ਅਤੇ ਜਿਨ੍ਹਾਂ ਵਿਚ ਅਜਿਹੀਆਂ ਤਸਵੀਰਾਂ ਨਾ ਹੋਣ ਜਿਨ੍ਹਾਂ ਬਾਰੇ ਬੱਚਿਆਂ ਨੂੰ ਸ਼ੰਕੇ ਉਤਪੰਨ ਹੋਣ? ♦♦♦

ਕਾਲਜ ਨੂੰ ਮਾਇਆ ਭੇਜਣ ਦਾ ਇਕ ਹੋਰ ਸੌਖਾ ਤਰੀਕਾ

ਜਿਸ ਵੀ ਸਰਕਲ, ਪਾਠਕ ਜਾਂ ਵਿਦਿਆਰਥੀ ਨੇ ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਨੂੰ ਕਿਸੇ ਵੀ ਕੰਮ ਲਈ ਮਾਇਆ ਭੇਜਣੀ ਹੋਵੇ ਤਾਂ ਉਹ ਹੇਠ ਲਿਖੇ ਬੈਂਕ ਵਿਚ ਫ਼ਾਰਮ ਭਰ ਕੇ, ਅਕਾਊਂਟ ਨੰਬਰ ਲਿਖ ਕੇ ਜਮ੍ਹਾਂ ਕਰਵਾ ਦੇਵੇ, ਮਾਇਆ ਉਸੇ ਸਮੇਂ ਹੈਡ ਆਫਿਸ ਲੁਧਿਆਣਾ ਪੁੱਜ ਜਾਵੇਗੀ :

ਬੈਂਕ ਦਾ ਨਾਮ : **IDBI BANK**

ਅਕਾਊਂਟ ਦਾ ਨਾਮ : **SIKH MISSIONERY COLLEGE**

ਅਕਾਊਂਟ ਨੰਬਰ : **043104000080972**

ਜੋ ਰਸੀਦ ਬੈਂਕ ਤੋਂ ਮਿਲੇਗੀ ਉਸ ਦੀ ਫੋਟੋ ਕਾਪੀ ਚਿੱਠੀ ਪੱਤਰ ਦੇ ਨਾਲ ਲਾ ਕੇ ਹੈਡ ਆਫਿਸ ਭੇਜ ਦਿਉ ਤਾਂ ਕਿ ਪਤਾ ਲੱਗ ਜਾਵੇ ਕਿ ਤੁਸੀਂ ਕਿਸ ਮਿਤੀ ਨੂੰ ਕਿੰਨੀ ਮਾਇਆ ਜਮ੍ਹਾਂ ਕਰਾਈ ਹੈ। ਕਿਰਪਾ ਕਰਕੇ A/c ਦਾ ਨਾਮ ਤੇ A/c ਨੰਬਰ ਚੰਗੀ ਤਰ੍ਹਾਂ ਚੈਕ ਕਰਕੇ ਠੀਕ ਠੀਕ ਲਿਖੋ।

'ਗੁਰੂ ਗ੍ਰੰਥ ਸਾਹਿਬ ਦਰਪਣ' ਇੰਟਰਨੈਟ ਤੇ

ਅਮਰੀਕਾ ਨਿਵਾਸੀ ਸ: ਅਵਤਾਰ ਸਿੰਘ ਦੇ ਯਤਨਾਂ ਸਦਕਾ ਹੁਣ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਇੰਟਰਨੈਟ ਤੇ ਵੇਖੇ ਜਾ ਸਕਦੇ ਹਨ। ਉਨ੍ਹਾਂ 'ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਸਾਰੇ ਦਸ ਭਾਗ ਇੰਟਰਨੈਟ 'ਤੇ ਪਾ ਦਿੱਤੇ ਹਨ।

Website : www. gurugranthdarpan.com

ਬਠਿੰਡਾ ਵਿਖੇ 'ਸਿੱਖ ਫੁਲਵਾੜੀ' ਮੈਗਜ਼ੀਨ ਅਤੇ ਪੁਸਤਕਾਂ ਪ੍ਰਾਪਤ ਕਰਨ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ:

ਸ: ਹਰੀ ਸਿੰਘ,
C/o ਯੂਨੀਕ ਟ੍ਰੇਡਰਜ਼, 17-18,
ਦੀ ਮਾਲ, ਨੇੜੇ ਰੇਲਵੇ ਸਟੇਸ਼ਨ, ਬਠਿੰਡਾ।
ਫੋਨ : 2237944

25 ਜਾਂ 25 ਤੋਂ ਵੱਧ 'ਸਿੱਖ ਫੁਲਵਾੜੀ' ਮੈਗਜ਼ੀਨ ਬੁੱਕ ਕਰਨ ਵਾਲਿਆਂ ਦੇ ਨਾਮ

ਗਿਆਨੀ ਸੁੱਚਾ ਸਿੰਘ ਗ੍ਰੰਥੀ, ਹਰਗਾਉਂ — 28, ਸ: ਹਰਿਦਆਲ ਸਿੰਘ, ਬਾਂਦਾ (ਸਰਕਲ ਸ਼ਾਹਜਹਾਨਪੁਰ) — 30, ਸ: ਰਘਬੀਰ ਸਿੰਘ/ਅਮਰਜੀਤ ਸਿੰਘ, ਸਿਧੌਲੀ (ਸੀਤਾਪੁਰ) — 31, ਡਾ. ਜਸਪਾਲ ਸਿੰਘ, ਅਬੋਹਰ ਸਰਕਲ — 100, ਡਾ. ਗੁਰਮੀਤ ਸਿੰਘ, ਸੰਧਾਰਸੀ ਸਰਕਲ — 150

ਨਵੀਨ ਖੋਜ

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜੰਮੂ ਕਸ਼ਮੀਰ ਵੱਲ ਸ਼ਫ਼ਰ

ਡਾ. ਜਸਬੀਰ ਸਿੰਘ, ਬਾਰਾਮੂਲਾ, ਕਸ਼ਮੀਰ

ਰਿਆਸਤ ਜੰਮੂ ਕਸ਼ਮੀਰ, ਭਾਰਤ ਦੇ ਪੈਰਾਡਾਇਮ ਤੇ ਕਲਗੀ ਵਾਂਗ ਨਜ਼ਰੀਂ ਪੈਂਦੀ ਹੈ। ਦੱਖਣ ਤੋਂ ਉੱਤਰ ਤਕ 400 ਮੀਲ ਅਤੇ ਪੂਰਬ ਤੋਂ ਪੱਛਮ ਵੱਲ 300 ਮੀਲ ਲੰਮਾ ਸਾਰਾ ਇਲਾਕਾ ਪਹਾੜੀ ਹੈ। ਇਹ ਰਿਆਸਤ ਭੂਗੋਲਿਕ ਤੌਰ ਤੇ ਉੱਤਰ ਵੱਲ ਚੀਨੀ ਅਤੇ ਰੂਸੀ ਤੁਰਕਸਤਾਨ, ਪੂਰਬ ਵਲੋਂ ਚੀਨੀ ਤਿੱਬਤ, ਦੱਖਣ ਵਲੋਂ ਪੰਜਾਬ ਅਤੇ ਪੱਛਮ ਵਲੋਂ ਉੱਤਰ ਸਰਹੱਦੀ ਸੂਬਾ (ਪਾਕਿਸਤਾਨ) ਚੀਨ, ਰੂਸ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚਕਾਰ ਘਿਰੀ ਹੋਈ ਹੈ।

ਜੰਮੂ ਕਸ਼ਮੀਰ ਦੀ ਧਰਤੀ ਗੁਰੂ ਨਾਨਕ ਸਾਹਿਬ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰਿਰਾਇ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮੁਬਾਰਕ ਕਦਮਾਂ ਨਾਲ ਫੈਜ਼ਯਾਬ ਹੋਈ ਹੈ। ਗੁਰੂ ਹਰਿਰਾਇ ਸਾਹਿਬ ਜੰਮੂ ਕਸ਼ਮੀਰ ਵੱਲ 1660 ਈ. ਨੂੰ ਆਏ ਸਨ। ਗੁਰੂ ਗੋਬਿੰਦ ਸਿੰਘ ਸਾਹਿਬ 28 ਮਾਰਚ 1692 ਈ. ਨੂੰ ਰਾਜਾ ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਦੇ ਸੱਦੇ ਤੇ ਰਵਾਲਸਰ ਤੀਰਥ ਤੇ ਗਏ ਸਨ। ਸਾਰਿਆਂ ਰਾਜਿਆਂ, ਸ਼ਹਿਜ਼ਾਦਿਆਂ ਨੇ ਗੁਰੂ ਸਾਹਿਬ ਜੀ ਦੀ ਬੜੀ ਇੱਜ਼ਤ ਕੀਤੀ ਅਤੇ ਖੁਸ਼-ਆਮਦੀਦ ਆਖੀ। ਇਥੇ ਹੀ ਰਵਾਲਸਰ ਤੀਰਥ ਤੇ ਜੰਮੂ ਦਾ ਗੁਰੂ ਸਾਹਿਬ ਦਾ ਪਰਮ ਮਿੱਤਰ ਰਾਜਾ ਗਜੇ ਸਿੰਘ (ਰਾਜਪੂਤ) ਆਇਆ ਹੋਇਆ ਸੀ। ਉਸ ਦੀ ਬੇਨਤੀ ਤੇ ਗੁਰੂ ਸਾਹਿਬ 20 ਅਪ੍ਰੈਲ 1692 ਨੂੰ ਪੁਰਮੰਡਲ ਤੀਰਥ ਤੇ ਜਾ ਪਹੁੰਚੇ। ਗੁਰੂ ਸਾਹਿਬ ਦੇ ਪੁਰਮੰਡਲ ਪੁੱਜਣ ਤੇ ਹਜ਼ਾਰਾਂ ਸੰਗਤਾਂ, ਉਨ੍ਹਾਂ ਦੇ ਦਰਸ਼ਨਾਂ ਲਈ ਆਈਆਂ। ਪੁਰਮੰਡਲ ਤੀਰਥ ਵਿਚ ਗੁਰੂ ਸਾਹਿਬ ਇਕ ਦਿਨ ਠਹਿਰ ਕੇ ਦੂਜੇ ਦਿਨ ਰਾਜਾ ਗਜੈ ਸਿੰਘ ਨਾਲ ਪਹਾੜਾਂ ਦੀ ਸੈਰ ਕਰਦੇ ਹੋਏ ਜੰਮੂ ਨਗਰ ਵਿਚ ਆਏ ਸਨ। ਰਾਜਪੂਤ ਰਾਜਾ ਗਜੈ ਸਿੰਘ ਦੇ ਕਹਿਣ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤ੍ਰਿਕੁਟਾ ਦੇਵੀ ਦਾ ਅਸਥਾਨ ਵੀ ਦੇਖਿਆ ਸੀ।

"*... ਇਸੀ ਤੀਰਥ ਤੈ ਰਾਜਾ ਗਜੈ ਸਿੰਘ ਕੀ ਬੇਨਤੀ ਮਾਨ ਕੇ ਉਸ ਕੇ ਗੈਲ ਆਏ। ਬੈਸਾਖ ਸੁਦੀ ਪੂਰਨਮਾ ਕੇ ਦਿਵਸ ਪੁਰਮੰਡਲ ਤੀਰਥ ਜਾਇ ਪਹੁੰਚੇ। ਗੁਰੂ ਜੀ ਦਾ ਆਨਾ ਸੁਨ ਸਿੱਖ ਸੰਗਤਾਂ ਦਰਸ਼ਨ ਪਾਨੈ ਹੁਮ ਹੁਮਾਇ ਕੇ ਆਈਆਂ। ਕਈ ਵਾਰਾ-ਪਾਰ ਨਾ ਰਹਾ। ਸਤਿਗੁਰੂ ਜੀ ਏਕ ਦਿਵਸ ਪੁਰਮੰਡਲ ਤੀਰਥ ਤੇ ਰਹਿ ਕੇ ਅਗਲੇ ਦਿੰਹੁ ਪਹਾੜਾਂ ਕੀ ਸੈਰ ਕਰਤੇ ਹੁਏ ਜੰਮੂ ਨਗਰੀ ਮੈਂ ਆਇ ਬਿਰਾਜੇ। ਅਗਲੇ ਦਿਵਸ ਰਾਜਾ ਜੀ ਕੇ ਗੈਲ ਤ੍ਰਿਕੁਟਾ ਦੇਵੀ ਕਾ ਅਸਥਾਨ ਦੇਖਾ।*" (ਗੁਰੂ ਕੀਆਂ ਸਾਖੀਆਂ, ਭਾਈ ਸਰੂਪ ਸਿੰਘ ਕੌਸ਼ਿਸ਼, ਅੰਮ੍ਰਿਤਸਰ, 1991, ਸਫ਼ਾ : 107)

ਇਸ ਸਫ਼ਰ ਦੌਰਾਨ ਹੋਰ ਸਿੱਖਾਂ ਤੋਂ ਇਲਾਵਾ ਗੁਰੂ ਸਾਹਿਬ ਦਾ ਵਿਸ਼ਵਾਸਪਾਤਰ ਸਿੱਖ ਭਾਈ ਚਉਪਤ ਰਾਇ ਵੀ ਨਾਲ ਸੀ। ਬਿਲਾਸਪੁਰ ਅਤੇ ਗੋਲ੍ਹੜ ਦੇ ਰਾਜੇ ਵੀ ਗੁਰੂ ਸਾਹਿਬ ਨਾਲ ਹਮਸਫ਼ਰ ਸਨ। ਰਾਜਾ ਗਜੈ ਸਿੰਘ ਦੀ ਰਾਣੀ ਰਾਜ ਕੌਰ ਗੁਰੂ ਸਾਹਿਬ ਦਾ ਬੜਾ ਆਦਰ ਕਰਦੀ ਸੀ। ਜੰਮੂ ਵਿਚ ਬਣੇ ਕਿਲ੍ਹਿਆਂ ਦਾ ਗੁਰੂ ਸਾਹਿਬ ਨੇ ਚੰਗੀ ਤਰ੍ਹਾਂ ਨਿਰੀਖਣ ਕੀਤਾ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਰਾਜਾ ਗਜੈ ਸਿੰਘ ਦੇ ਮਹਿਮਾਨ-ਖੁਸੂਸੀ ਹੋਣ ਦੇ ਨਾਤੇ ਜੰਮੂ ਦੇ ਕਿਲ੍ਹੇ ਕੋਲ ਹੀ ਨਿਵਾਸ ਕੀਤਾ ਹੋਵੇਗਾ। ਇਥੇ ਹੀ ਰਾਜੌਰੀ, ਕਿਸ਼ਤਵਾੜ ਦੇ ਰਾਜੇ, ਸ਼ਹਿਜ਼ਾਦੇ ਆਦਿ ਮਿਲੇ ਹੋਣਗੇ।

ਰਾਜਾ ਗਜੈ ਸਿੰਘ ਤੋਂ ਵਿਦਾਇਗੀ ਲੈ ਕੇ ਗੁਰੂ ਸਾਹਿਬ ਚੱਕ ਕਾਨ੍ਹਾ, ਰਾਮਗੜ੍ਹ, ਖਿਰੜੀ, ਸਾਂਬਾ, ਪਠਾਨਕੋਟ, ਹੁਸ਼ਿਆਰਪੁਰ ਆਦਿ ਨਗਰਾਂ ਤੋਂ ਹੁੰਦੇ ਹੋਏ ਅਨੰਦਪੁਰ ਸਾਹਿਬ ਆ ਗਏ ਸਨ। ਯਾਦ ਰਹੇ ਰਾਜਾ ਗਜੈ ਸਿੰਘ ਭੀਮ ਸੈਨ ਕਹਲੂਰੀਏ ਦਾ ਸੰਬੰਧੀ ਸੀ।

ਤਵਾਰੀਖ਼ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਇਕ ਵੇਰ 'ਬਸੋਹਲੀ ਨਗਰੀ' ਵਿਚ ਵੀ ਆਏ ਸਨ। ਇਥੋਂ ਦਾ ਰਾਜਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਾਦਿਕ ਸੀ। (ਮਹਾਨਕੋਸ਼, ਸਫ਼ਾ : 825) ਬਸੋਹਲੀ ਸਮੁੰਦਰ ਤੋਂ 2,170 ਫੁੱਟ ਉੱਚੀ ਥਾਂ ਹੈ। ਇਸ ਨਗਰ ਦੇ ਆਲੇ-ਦੁਆਲੇ ਜੰਗਲ ਹਨ ਅਤੇ ਇਥੋਂ ਦਾ 'ਧੈਨ ਕਿਲ੍ਹਾ' ਬੜਾ ਮਸ਼ਹੂਰ ਸੀ। ਜੰਮੂ ਦੀ ਜਸਰੋਟਾ ਤਹਿਸੀਲ ਵਿਚ ਰਾਵੀ ਦਰਿਆ ਦੇ ਸੱਜੇ ਕਿਨਾਰੇ ਸਥਿਤ ਹੈ। ਇਹ ਇਕ ਪੁਰਾਣੀ ਪਹਾੜੀ ਰਿਆਸਤ ਸੀ। 1835 ਵਿਚ ਬਸੋਹਲੀ ਦਾ ਰਾਜਾ ਔਲਾਦ-ਰਹਿਤ ਮਰ ਗਿਆ ਅਤੇ ਬਸੋਹਲੀ ਜੰਮੂ ਰਿਆਸਤ ਵਿਚ ਮਿਲ ਗਈ ਜਿਸ ਤੇ ਮਹਾਰਾਜਾ ਰਣਜੀਤ ਸਿੰਘ ਦਾ ਅਧਿਕਾਰ ਸੀ।

ਗੁਰੂ ਨਾਨਕ ਸਾਹਿਬ ਜੰਮੂ ਕਿਹੜੀਆਂ ਥਾਵਾਂ ਤੇ ਠਹਿਰੇ ਸਨ- ਇਹ ਵਿਸ਼ਾ ਵੀ ਖੋਜ-ਤਲਬ ਹੈ। ਗੁਰੂ ਹਰਗੋਬਿੰਦ ਸਾਹਿਬ ਦਾ ਇਤਿਹਾਸਕ ਅਸਥਾਨ 'ਗੁਰਦੁਆਰਾ ਟਾਹਲੀ ਸਾਹਿਬ ਤਲਾਬ ਤਿਲੋ' ਮੌਜੂਦ ਹੈ। ਗੁਰੂ ਹਰਿਰਾਇ ਸਾਹਿਬ ਕਸ਼ਮੀਰ ਤੋਂ ਵਾਪਸ ਆਉਣ ਲਗਿਆਂ ਅਖਨੂਰ, ਜੰਮੂ, ਰਾਮਗੜ੍ਹ, ਖਿਰੜੀ, ਸਾਂਬਾ, ਪਠਾਨਕੋਟ ਤੋਂ ਹੁੰਦੇ ਹੋਏ ਕੀਰਤਪੁਰ ਸਾਹਿਬ ਪੁੱਜੇ ਸਨ। ਜੰਮੂ ਵਿਚ ਹੀ ਭਾਈ ਕਾਨ੍ਹਾ (ਮਸੰਦ) ਨੇ ਇਲਾਕੇ ਦੀਆਂ ਸੰਗਤਾਂ ਨਾਲ ਆ ਕੇ ਗੁਰੂ ਹਰਿਰਾਇ ਸਾਹਿਬ ਦੇ ਦਰਸ਼ਨ ਕੀਤੇ ਸਨ। ਜੰਮੂ ਵਿਚ ਗੁਰੂ ਸਾਹਿਬ ਕਿਹੜੀ ਥਾਂ ਬੈਠੇ ਸਨ, ਇਹ ਵਿਸ਼ਾ ਵੀ ਖੋਜ-ਤਲਬ ਹੈ। ◆◆◆

ਬਾਲ ਫੁਲਵਾੜੀ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸਾਡੇ ਸਤਵੇਂ ਗੁਰੂ ਹਨ। ਉਹਨਾਂ ਦਾ ਜਨਮ 1630 ਈ: ਵਿਚ ਮਾਤਾ ਨਿਹਾਲ ਕੌਰ ਦੀ ਕੁੱਖੋਂ, ਪਿਤਾ ਬਾਬਾ ਗੁਰਦਿੱਤਾ ਜੀ ਦੇ ਘਰ ਕੀਰਤਪੁਰ ਵਿਖੇ ਹੋਇਆ। ਬਾਬਾ ਗੁਰਦਿੱਤਾ ਜੀ ਗੁਰੂ ਹਰਗੋਬਿੰਦ ਜੀ ਦੇ ਵੱਡੇ ਪੁੱਤਰ ਸਨ।

ਗੁਰੂ ਜੀ ਦਾ ਬਚਪਨ ਕੀਰਤਪੁਰ ਵਿਖੇ ਹੀ ਬੀਤਿਆ ਅਤੇ ਇਥੇ ਹੀ ਧਾਰਮਿਕ, ਅਧਿਆਤਮਕ ਅਤੇ ਸੰਸਾਰਿਕ ਸਿਖਿਆ ਹਾਸਲ ਕੀਤੀ। ਗੁਰੂ ਹਰਿਰਾਇ ਜੀ ਦਾ ਵਿਆਹ 1640 ਈ: ਨੂੰ ਬੀਬੀ ਕ੍ਰਿਸ਼ਨ ਕੌਰ (ਸੁਲੱਖਣੀ) ਜੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਬਾਬਾ ਰਾਮਰਾਇ ਅਤੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਹੋਏ।

ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਮਾਰਚ ਸੰਨ 1644 ਈ: ਵਿਚ ਆਪ ਜੀ ਨੂੰ ਗੁਰਗੱਦੀ ਸੌਂਪੀ। ਉਸ ਸਮੇਂ ਆਪ ਦੀ ਉਮਰ 14 ਸਾਲ ਦੀ ਸੀ।

ਸੰਨ 1646 ਈ: ਵਿਚ ਪੰਜਾਬ ਵਿਚ ਕਾਲ ਪੈ ਗਿਆ ਅਤੇ ਤਿੰਨ ਸਾਲ ਬੜੀ ਔੜ ਲੱਗੀ ਰਹੀ ਤੇ ਇਸ ਸਮੇਂ ਗੁਰੂ ਜੀ ਨੇ ਦਸਵੰਧ ਦੀ ਮਾਇਆ ਕਾਲ-ਪੀੜਤਾਂ ਦੇ ਇਲਾਜ ਅਤੇ ਸਹਾਇਤਾ ਲਈ ਵਰਤੀ।

ਜਦੋਂ ਹਿੰਦੂਆਂ ਦੇ ਮੰਦਰ ਢਾਹੁਣ ਦਾ ਸ਼ਾਹ ਜਹਾਨ ਨੇ ਹੁਕਮ ਦਿੱਤਾ ਸੀ ਤਾਂ ਉਸ ਸਮੇਂ ਗੁਰੂ ਜੀ ਨੇ ਹਿੰਦੂਆਂ ਨੂੰ ਸਹਾਰਾ ਦੇਣ ਲਈ ਕੀਰਤਪੁਰ ਦੇ ਆਸ ਪਾਸ ਦੇ ਇਲਾਕਿਆਂ ਵਿਚ ਪ੍ਰਚਾਰ ਕੀਤਾ ਅਤੇ ਪ੍ਰਚਾਰ ਦੌਰਾਨ ਹੀ ਗੁਰੂ ਜੀ ਕੀਰਤਪੁਰ ਚਲੇ ਗਏ।

ਉਥੋਂ ਨੂਰਮਹਿਲ, ਡਰੋਲੀ, ਭਾਈ ਰੂਪਾ ਆਦਿਕ ਨਗਰਾਂ ਤੋਂ ਹੁੰਦੇ ਹੋਏ ਪਿੰਡ ਮੇਹਰਾਜ ਪਹੁੰਚੇ। ਇਥੋਂ ਦੇ ਗੁਰਸਿੱਖ ਚੌਧਰੀ ਭਾਈ ਕਾਲੇ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ।

ਗੁਰੂ ਜੀ ਜਿਥੇ ਦੁਖੀ ਦਿਲਾਂ ਨੂੰ ਨਾਮ-ਦਾਰੂ ਦੇ ਕੇ ਅਰੋਗ ਕਰਦੇ ਸਨ ਉਥੇ ਆਪ ਨੇ ਸਰੀਰਕ ਰੋਗਾਂ ਦੇ ਇਲਾਜ ਲਈ ਬਹੁਤ ਵੱਡਾ ਦਵਾਖਾਨਾ ਖੋਲ੍ਹਿਆ ਹੋਇਆ ਸੀ। ਇਥੇ ਦੁਰਲੱਭ ਦਵਾਈਆਂ ਵੀ ਉਪਲਭਦ ਸਨ। ਬਾਦਸ਼ਾਹ ਸ਼ਾਹਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਦੀ ਬੀਮਾਰੀ ਦੂਰ ਕਰਨ ਲਈ ਵਿਸ਼ੇਸ਼ ਦਵਾਈ ਵੀ ਆਪ ਜੀ ਦੇ ਦਵਾਖਾਨੇ 'ਚੋਂ ਹੀ ਮਿਲ ਸਕੀ ਸੀ। ਉਸ ਨੇ ਕੀਰਤਪੁਰ ਪਹੁੰਚ ਕੇ ਗੁਰੂ ਜੀ ਦਾ ਧੰਨਵਾਦ ਕੀਤਾ ਸੀ।

ਗੁਰੂ ਜੀ ਨੇ ਆਪਣੇ ਦਾਦਾ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਆਦੇਸ਼ ਅਨੁਸਾਰ 2200 ਘੋੜਸਵਾਰਾਂ ਦਾ ਦਸਤਾ ਰਖਿਆ ਹੋਇਆ ਸੀ, ਜਿਹੜੇ ਲੋੜ ਪੈਣ ਤੇ ਵਰਤੇ ਜਾ ਸਕਦੇ ਸਨ। ਜਦੋਂ ਸ਼ਾਹਜਹਾਨ ਦੇ ਪੁੱਤਰਾਂ ਵਿਚਕਾਰ ਦਿੱਲੀ ਦੇ ਤਖ਼ਤ ਲਈ ਲੜਾਈ ਹੋਈ ਤਾਂ ਦਾਰਾ ਸ਼ਿਕੋਹ ਔਰੰਗਜ਼ੇਬ ਤੋਂ ਹਾਰ ਖਾਣ ਉਪਰੰਤ ਗੋਇੰਦਵਾਲ ਵਿਖੇ ਗੁਰੂ ਹਰਿਰਾਇ ਜੀ ਦੀ ਸ਼ਰਨ ਵਿਚ ਮਦਦ ਲਈ ਆਇਆ। ਗੁਰੂ ਜੀ ਨੇ ਆਪਣੇ 2200 ਘੋੜਸਵਾਰਾਂ ਦੁਆਰਾ ਦਾਰਾ ਸ਼ਿਕੋਹ ਦੀ ਮਦਦ ਕੀਤੀ; ਦਰਿਆ ਬਿਆਸ ਤੇ ਸਰਕਾਰੀ ਫ਼ੌਜਾਂ ਨੂੰ ਇਕ ਦਿਨ ਰੋਕੀ ਰੱਖਿਆ।

ਗੁਰੂ ਜੀ ਸਰਬੱਤ ਸਿੱਖਾਂ ਨੂੰ ਗੁਰਬਾਣੀ ਅਨੁਸਾਰ ਜੀਵਨ ਬਸਰ ਕਰਨ ਦਾ ਉਪਦੇਸ਼ ਦਿੰਦੇ ਸਨ ਅਤੇ ਔਖੇ ਵੇਲੇ ਹਰ ਮਜ਼ਲੂਮ ਦੀ ਸਹਾਇਤਾ ਕਰਦੇ ਸਨ। ਆਪ ਜੀ ਜਿਥੇ ਗੁਰਬਾਣੀ ਦਾ ਸਤਿਕਾਰ ਆਪ ਕਰਦੇ ਸਨ ਉਥੇ ਸਿੱਖਾਂ ਨੂੰ ਵੀ ਗੁਰਬਾਣੀ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਆਪ ਗੁਰਬਾਣੀ ਦੇ ਨਿਰਾਦਰ ਨੂੰ ਬਿਲਕੁਲ ਸਹਿਨ ਨਹੀਂ ਸਨ ਕਰ ਸਕਦੇ। ਇਥੋਂ ਤੱਕ ਕਿ ਉਹਨਾਂ ਦੇ ਆਪਣੇ ਪੁੱਤਰ ਰਾਮਰਾਇ ਨੇ ਜਦੋਂ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਗੁਰਬਾਣੀ ਦੀ ਤੁਕ "ਮਿਟੀ ਮੁਸਲਮਾਨ ਕੀ, ਪੇੜੈ ਪਈ ਕੁਮਿਆਰ॥" ਦੇ ਕੇਵਲ ਇਕ ਲਫ਼ਜ਼ 'ਮੁਸਲਮਾਨ' ਦੀ ਥਾਂ 'ਬੇਈਮਾਨ' ਪੜ੍ਹਿਆ ਤਾਂ ਆਪ ਨੇ ਉਸ (ਰਾਮਰਾਇ) ਨੂੰ ਹਮੇਸ਼ਾ ਲਈ ਤਿਆਗ ਦਿੱਤਾ।

ਗੁਰੂ ਹਰਿਰਾਇ ਜੀ ਨੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਤੇ ਜਨਤਾ ਨੂੰ ਗੁਰਬਾਣੀ ਤੋਂ ਜਾਣੂ ਕਰਵਾਉਣ ਲਈ ਤਿੰਨ ਬਖ਼ਸ਼ਿਸ਼ਾਂ (ਪ੍ਰਚਾਰ-ਕੇਂਦਰ) ਕਾਇਮ ਕੀਤੀਆਂ। ਹਰੇਕ ਬਖ਼ਸ਼ਿਸ਼ ਇਕ ਪ੍ਰਸਿੱਧ ਉਦਾਸੀ ਸਿੱਖ ਦੇ ਸਪੁਰਦ ਸੀ ਤੇ ਇਹ ਗੁਰਸਿਖ ਸਨ – ਭਾਈ ਸੁਥਰੇ ਸ਼ਾਹ ਜੀ, ਭਗਤ ਭਗਵਾਨ ਜੀ ਅਤੇ ਭਾਈ ਫੇਰੂ ਜੀ।

ਇਸ ਪ੍ਰਕਾਰ ਸਿੱਖੀ ਦਾ ਪ੍ਰਚਾਰ ਅਤੇ ਦੀਨ-ਦੁਨੀਆਂ ਦੀ ਰਖਿਆ ਕਰਦੇ ਹੋਏ ਗੁਰੂ ਹਰਿਰਾਇ ਜੀ 1661 ਈ : ਵਿਚ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਸੌਂਪ ਕੇ ਜੋਤੀ-ਜੋਤਿ ਸਮਾ ਗਏ। ♦♦♦

ਸਿੱਖ ਬੱਚੇ ਦੀ ਸ਼ਹੀਦੀ

ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਨਾਮ ਤੋਂ ਜ਼ਾਲਮ ਲੋਕ ਥਰ-ਥਰ ਕੰਬਦੇ ਸਨ। ਬਾਬਾ ਜੀ ਨੇ ਜ਼ਾਲਮਾਂ ਨੂੰ ਐਸੀ ਮਾਰ ਮਾਰੀ ਕਿ ਇਕ ਵਾਰੀ ਤਾਂ ਸਾਰੇ ਜ਼ੁਲਮ ਕਰਨੋਂ ਹਟ ਗਏ। ਜਦੋਂ ਫਰੁਖ਼ਸੀਅਰ ਨੇ ਦਿੱਲੀ ਹਕੂਮਤ ਸੰਭਾਲੀ ਤਾਂ ਉਸ ਨੇ ਸਿੱਖੀ ਦੀ ਵਧ ਰਹੀ ਸ਼ਕਤੀ ਨੂੰ ਖ਼ਤਮ ਕਰਨ ਬਾਰੇ ਸੋਚਿਆ। ਬਹੁਤ ਭਾਰੀ ਗਿਣਤੀ ਵਿਚ ਫ਼ੌਜ ਇਕੱਠੀ ਕੀਤੀ ਗਈ ਅਤੇ ਅੰਤ ਬਾਬਾ ਬੰਦਾ ਸਿੰਘ ਜੀ ਨੂੰ ਸਾਥੀ ਸਿੰਘਾਂ ਸਮੇਤ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘੇਰ ਲਿਆ ਗਿਆ। ਸਿੰਘਾਂ ਨੇ ਬਾਬਾ ਜੀ ਦੀ ਅਗਵਾਈ ਵਿਚ ਮੁਗ਼ਲ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ। ਅੰਤ ਆਪਣੇ ਸਾਥੀ ਸਿੰਘਾਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਦੁਸ਼ਮਣਾਂ ਦੇ ਹੱਥ ਆ ਗਏ। ਸਿੰਘਾਂ ਨੂੰ ਫੜ ਕੇ ਜਲੂਸ ਦੀ ਸ਼ਕਲ ਵਿਚ ਦਿੱਲੀ ਲਿਆਂਦਾ ਗਿਆ। ਦਿੱਲੀ ਹਰ ਰੋਜ਼ 100 ਸਿੰਘਾਂ ਨੂੰ ਸ਼ਹੀਦ ਕਰਨਾ ਸ਼ੁਰੂ ਕੀਤਾ। ਇਨ੍ਹਾਂ ਸਿੰਘਾਂ ਵਿਚ ਇਕ ਨੌਜਵਾਨ ਐਸਾ ਵੀ ਸੀ ਜੋ ਆਪਣੀ ਬੁੱਢੀ ਮਾਂ ਦਾ ਇਕੋ ਇਕ ਸਹਾਰਾ ਸੀ। ਉਸ ਦੀ ਉਮਰ ਮਸਾਂ ਅਜੇ 18 ਸਾਲ ਦੀ ਸੀ।

ਸਿੱਖ ਨੌਜਵਾਨ ਦੀ ਬੁੱਢੀ ਮਾਂ ਬੜੀ ਮੁਸ਼ਕਲ ਨਾਲ ਬਾਦਸ਼ਾਹ ਫਰੁਖ਼ਸੀਅਰ ਕੋਲ ਪੁੱਜੀ, ਅਤੇ ਬਹਾਨਾ ਬਣਾ ਕੇ ਬਾਦਸ਼ਾਹ ਨੂੰ ਆਖਿਆ ਕਿ ਮੇਰਾ ਬੱਚਾ ਸਿੱਖ ਨਹੀਂ, ਇਸ ਨੂੰ ਗਲਤੀ ਨਾਲ ਫੜ ਲਿਆ ਗਿਆ ਹੈ। ਮੇਰੇ ਬੱਚੇ ਨੂੰ ਛੱਡ ਦਿਤਾ ਜਾਵੇ।

ਬਾਦਸ਼ਾਹ ਬੜਾ ਖ਼ੁਸ਼ ਹੋਇਆ। ਕਿਉਂਕਿ ਕੋਈ ਸਿੱਖ ਮਾਫ਼ੀ ਨਹੀਂ ਸੀ ਮੰਗਦਾ, ਇਸ ਲਈ ਉਸ ਨੇ ਸੋਚਿਆ, ਅਸੀਂ ਲੋਕਾਂ ਨੂੰ ਦੱਸਾਂਗੇ ਕਿ ਇਕ ਸਿੱਖ ਨੇ ਮਾਫ਼ੀ ਮੰਗ ਲਈ ਹੈ। ਬਾਦਸ਼ਾਹ ਨੇ ਲਿਖ ਦਿੱਤਾ ਕਿ ਜੇਕਰ ਨੌਜਵਾਨ ਬੱਚਾ ਇਹ ਕਹਿ ਦੇਵੇ ਕਿ "ਮੈਂ ਸਿੱਖ ਨਹੀਂ" ਤਾਂ ਉਸ ਨੂੰ ਛੱਡ ਦਿੱਤਾ ਜਾਵੇਗਾ।

ਨੌਜਵਾਨ ਦੀ ਮਾਤਾ ਬਾਦਸ਼ਾਹ ਦਾ ਇਹ ਹੁਕਮ ਲੈ ਕੇ ਉਥੇ ਪੁੱਜੀ, ਜਿੱਥੇ ਉਸ ਦੇ ਬੱਚੇ ਨੂੰ ਬਾਕੀ ਸਿੰਘਾਂ ਸਮੇਤ ਕਤਲ ਕੀਤਾ ਜਾਣਾ ਸੀ। ਉਸ ਨੇ ਬਾਦਸ਼ਾਹ ਦਾ ਹੁਕਮ, ਕੋਤਵਾਲ ਦੇ ਹਵਾਲੇ ਕੀਤਾ ਅਤੇ ਕਿਹਾ, ਇਹ ਸਿੰਘ ਨਹੀਂ ਅਤੇ ਗਲਤੀ ਨਾਲ ਫੜਿਆ ਗਿਆ ਹੈ। ਫਿਰ ਆਪਣੇ ਬੱਚੇ ਪਾਸ ਜਾ ਕੇ ਕਿਹਾ, "ਤੂੰ ਕਹਿ ਦੇ ਕਿ ਮੈਂ ਗੁਰੂ ਦਾ ਸਿੱਖ ਨਹੀਂ, ਤੇਰੀ ਜਾਨ ਬਚ ਜਾਵੇਗੀ।" ਜਦ ਮਾਂ ਦੀ ਇਹ ਗੱਲ ਸੁਣੀ ਤਾਂ ਨੌਜਵਾਨ ਉੱਚੀ-ਉੱਚੀ ਕੂਕ ਉਠਿਆ, **"ਮੇਰੀ ਮਾਂ ਝੂਠ ਬੋਲਦੀ ਹੈ, ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਗੁਰੂ ਦਾ ਪੱਕਾ ਸਿੱਖ ਹਾਂ। ਮੈਂ ਗੁਰੂ ਜੀ ਦਾ ਪੱਕਾ ਸਿੱਖ ਹਾਂ। ਮੈਨੂੰ ਜਲਦੀ ਸ਼ਹੀਦ ਕਰੋ। ਮੈਂ ਸਿੱਖੀ ਨਹੀਂ ਛੱਡ ਸਕਦਾ। ਮੈਨੂੰ ਸਿੱਖੀ ਆਪਣੀ ਜਾਨ ਨਾਲੋਂ ਵੀ ਜ਼ਿਆਦਾ ਪਿਆਰੀ ਹੈ। ਸਿੱਖੀ ਜੀਵਨ ਛੱਡ ਕੇ ਜੀਉਣ ਨਾਲੋਂ ਮਰ ਜਾਣਾ ਹੀ ਮੇਰੇ ਲਈ ਚੰਗਾ ਹੈ। ਇਹ ਕੋਈ ਖੇਡ ਨਹੀਂ ਜਦੋਂ ਮਰਜ਼ੀ ਸਿੱਖ ਬਣ ਗਏ ਤੇ ਜਦੋਂ ਮਰਜ਼ੀ ਸਿੱਖੀ ਛੱਡ ਦਿੱਤੀ। ਮੈਂ ਅੰਤ ਤਕ ਸਿੱਖ ਹੀ ਰਹਾਂਗਾ।"**

ਬੱਚੇ ਦਾ ਇਹ ਉੱਤਰ ਸੁਣ ਕੇ ਮਾਂ ਕੰਬ ਗਈ। ਉਸਨੇ ਬੜਾ ਸਮਝਾਇਆ "ਬੱਚਿਆ! ਇਕ ਵਾਰੀ ਸਿਰਫ਼ ਆਖ ਦੇ ਮੈਂ ਸਿੱਖ ਨਹੀਂ ਹਾਂ, ਤੇਰੀ ਜਾਨ ਬਚ ਜਾਵੇਗੀ, ਬਾਹਰ ਜਾ ਕੇ ਫਿਰ ਸਿੱਖ ਬਣ ਜਾਵੀਂ।" ਪਰੰਤੂ ਬੱਚੇ ਨੇ ਇਕ ਨਾ ਸੁਣੀ, ਕਿਉਂਕਿ ਉਹ ਬੱਚਾ ਅੱਜ ਦੇ ਸਿੱਖਾਂ ਵਰਗਾ ਨਹੀਂ ਸੀ। ਉਹ ਉੱਚੀ-ਉੱਚੀ ਇਹ ਕਹਿੰਦਾ ਰਿਹਾ ਸੀ ਕਿ, "ਮੈਂ ਸਿੱਖ ਹਾਂ! ਮੈਂ ਸਿੱਖ ਹਾਂ। ਮੇਰੀ ਮਾਂ ਝੂਠ ਬੋਲਦੀ ਹੈ। ਸਿੱਖ ਕਦੀ ਝੂਠ ਨਹੀਂ ਬੋਲਦਾ, ਮੈਂ ਸਿੱਖ ਹਾਂ।" ਜੱਲਾਦ ਵਾਸਤੇ ਇਹ ਇਕ ਨਵੀਂ ਮਿਸਾਲ ਸੀ। ਕੋਈ ਵੀ ਸਿੱਖ ਵੱਡੇ-ਵੱਡੇ ਲਾਲਚ ਤੇ ਡਰਾਵੇ ਵਿਚ ਨਹੀਂ ਸੀ ਆਉਂਦਾ, ਸਗੋਂ ਸ਼ਹੀਦ ਹੋ ਜਾਂਦਾ ਸੀ। ਬੁੱਢੀ ਮਾਂ ਨੇ ਬੜੀਆਂ ਲਿਲਕੜੀਆਂ ਲਈਆਂ ਤੇ ਰੋਈ ਪਰ ਨੌਜਵਾਨ ਨੂੰ ਉਹ ਧਰਮ ਤੋਂ ਨਾ ਡੁਲਾ ਸਕੀ।

ਇਸ ਤਰ੍ਹਾਂ ਨੌਜਵਾਨ ਸਿੱਖ ਬੱਚਾ ਸ਼ਹੀਦ ਹੋ ਗਿਆ, ਪਰ ਉਸ ਨੇ ਸਿੱਖੀ ਨਹੀਂ ਛੱਡੀ। ਉਸ ਨੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ। ਇਸ ਸਾਖੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਿੱਖ ਲਈ ਸਿੱਖੀ ਤੋਂ ਵਧ ਕੇ ਦੁਨੀਆਂ ਦੀ ਕੋਈ ਵੀ ਚੀਜ਼ ਪਿਆਰੀ ਨਹੀਂ ਹੁੰਦੀ। ਸਿੱਖ ਜਾਨ ਦੇ ਸਕਦਾ ਹੈ, ਪਰ ਸਿੱਖੀ ਅਸੂਲ ਨਹੀਂ ਛੱਡ ਸਕਦਾ। •••

ਸਿੱਖਿਆ ਸਿੱਖੀ ਦੀ

ਗੁਰੂ ਗ੍ਰੰਥ ਸਾਹਿਬ ਕੋਲੋਂ ਲਵੋ ਸਿੱਖਿਆ।
ਰੱਬ ਕੋਲੋਂ ਨਾਮ-ਦਾਨ ਮੰਗੋ ਭਿੱਖਿਆ।

ਟੇਕਣਾ ਨਾ ਮੱਥਾ ਦੇਹਧਾਰੀ ਗੁਰੂ ਨੂੰ।
ਮੰਨਣਾ ਨਾ ਕਿਸੇ ਵੀ ਮੱਕਾਰੀ ਗੁਰੂ ਨੂੰ।

ਵਾਹਿਗੁਰੂ ਦੀ ਸ਼ਕਤੀ ਨਿਕੋਰ ਸ਼ਕਤੀ।
ਇਸ ਤੋਂ ਮਹਾਨ ਨਹੀਂ ਹੋਰ ਸ਼ਕਤੀ।

ਬਿਨਾਂ ਗੁਰਦੁਆਰੇ ਸਿੱਖ ਜਾਵੇ ਨਾ ਕਿਤੇ।
ਗੁਰੂ ਬਿਨਾਂ ਸੀਸ ਉਹ ਨਿਵਾਵੇ ਨਾ ਕਿਤੇ।

ਮੂਰਤੀ ਦੀ ਪੂਜਾ ਸਿੱਖ ਨਹੀਂ ਕਰਦਾ।
ਆਪਣੇ ਹੀ ਗੁਰਾਂ ਵੱਲ ਧਿਆਨ ਧਰਦਾ।

ਫਿਲਮਾਂ ਨਾ ਦੇਖੇ ਸਿੱਖ ਬੱਚਾ ਮਾੜੀਆਂ।
ਪਾਵੇ ਚੰਗੇ ਬੱਚਿਆਂ ਦੇ ਨਾਲ ਆੜੀਆਂ।

ਅੱਧਾ ਨਾਮ ਨਹੀਂ ਕਿਸੇ ਦਾ ਉਚਾਰਨਾ।
'ਸਿੰਘ' 'ਕੌਰ' ਲਾ ਕੇ ਨਾਮ ਹੈ ਸ਼ਿੰਗਾਰਨਾ।

ਸਿੱਖ ਬੱਚਾ ਨਸ਼ਿਆਂ ਤੋਂ ਦੂਰ ਹੀ ਰਹੇ।
ਚੰਗੇ ਕੰਮਾਂ ਵਿਚ ਮਸਰੂਰ ਹੀ ਰਹੇ।

ਵਰਤ, ਸਰਾਧ ਸਿੱਖਾਂ ਤਾਈਂ ਭਾਉਂਦੇ ਨਹੀਂ।
ਭਰਮ, ਭੁਲੇਖੇ ਸਿੱਖਾਂ ਕੋਲ ਆਉਂਦੇ ਨਹੀਂ।

ਜ਼ਾਤ-ਪਾਤ ਵਾਲੜਾ ਵਿਚਾਰ ਨਾ ਕਰੇ।
ਕਦੇ ਕਿਸੇ ਗੱਲ ਦਾ ਹੰਕਾਰ ਨਾ ਕਰੇ।

ਸਿੱਖ-ਬੱਚੇ ਮਿਲ ਫ਼ਤਹਿ ਨੇ ਬੁਲਾਂਵਦੇ।
ਚੜ੍ਹਦੀ ਕਲਾ 'ਚ ਪੰਥ ਨੂੰ ਲਿਜਾਂਵਦੇ।

ਪਾਨ

ਪਾਨ ਬੜੀ ਗੰਦੀ ਚੀਜ਼ ਹੈ। ਪਾਨ ਖਾਣ ਨਾਲ ਦੰਦ ਖਰਾਬ ਹੋ ਜਾਂਦੇ ਹਨ। ਪਾਨ ਖਾਣ ਨਾਲ ਪਾਚਣ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਪਾਨ ਅੱਖਾਂ ਨੂੰ ਕਮਜ਼ੋਰ ਕਰ ਦੇਂਦਾ ਹੈ। ਪਾਨ ਖਾਣ ਵਾਲਾ ਚੰਗੇ ਲੋਕਾਂ ਦੀ ਸੰਗਤ 'ਚ ਨਹੀਂ ਬੈਠ ਸਕਦਾ। ਪਾਨ ਖਾਣ ਵਾਲੇ ਦੇ ਮੂੰਹ ਵਿਚੋਂ ਥੁੱਕਾਂ ਡਿਗਦੀਆਂ ਰਹਿੰਦੀਆਂ ਹਨ। ਪਾਨ ਖਾਣਾ ਬੜੀ ਗੰਦੀ ਆਦਤ ਹੈ। ਚੰਗੇ ਲੋਕ ਇਸ ਦਾ ਇਸਤੇਮਾਲ ਨਹੀਂ ਕਰਦੇ। ਪਾਨ ਖਾਣ ਨਾਲ ਮਸੂੜਿਆਂ ਵਿਚ ਪਾਕ ਪੈ ਜਾਂਦੀ ਹੈ ਤੇ ਕੈਂਸਰ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਪਾਨ ਭੁੱਲ ਕੇ ਵੀ ਨਹੀਂ ਖਾਣਾ ਚਾਹੀਦਾ।

ਸਿੱਖਾਂ ਨੂੰ ਪਾਨ ਖਾਣਾ ਗੁਰੂ ਜੀ ਵਲੋਂ ਸਖ਼ਤ ਮਨ੍ਹਾ ਹੈ।

ਇਸ਼ਨਾਨ

ਸਰੀਰ ਦੀ ਸਫ਼ਾਈ ਲਈ ਇਸ਼ਨਾਨ ਕਰਨਾ ਬੜਾ ਜ਼ਰੂਰੀ ਹੈ। ਹਰ ਰੋਜ਼ ਇਸ਼ਨਾਨ ਕਰਨ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ। ਅੰਮ੍ਰਿਤ ਵੇਲੇ ਇਸ਼ਨਾਨ ਕਰਨ ਨਾਲ ਸਾਰਾ ਦਿਨ ਸਰੀਰ ਚੁਸਤ ਰਹਿੰਦਾ ਹੈ। ਜਿਵੇਂ ਸਰੀਰ ਦੀ ਸਫ਼ਾਈ ਲਈ ਇਸ਼ਨਾਨ ਕਰਨਾ ਜ਼ਰੂਰੀ ਹੈ, ਤਿਵੇਂ ਹੀ ਮਨ ਦੀ ਸਫ਼ਾਈ ਲਈ ਵਾਹਿਗੁਰੂ ਦਾ ਸਿਮਰਨ ਅਤੇ ਗੁਰਬਾਣੀ ਦੀ ਵਿਚਾਰ ਕਰਨੀ ਜ਼ਰੂਰੀ ਹੈ। ਜਿਵੇਂ ਸਰੀਰ ਦੀ ਤੰਦਰੁਸਤੀ ਲਈ ਹਰ ਰੋਜ਼ ਇਸ਼ਨਾਨ ਕਰਨਾ ਬਹੁਤ ਜ਼ਰੂਰੀ ਹੈ ਤਿਵੇਂ ਹੀ ਮਨ ਦੀ ਪਵਿੱਤਰਤਾ ਲਈ ਹਰ ਰੋਜ਼ ਬਾਣੀ ਪੜ੍ਹਨੀ ਅਤੇ ਸਮਝਣੀ ਬਹੁਤ ਜ਼ਰੂਰੀ ਹੈ।

ਸਰੀਰ ਦੀ ਮੈਲ ਪਾਣੀ ਨਾਲ ਉਤਰਦੀ ਹੈ ਅਤੇ ਮਨ ਦੀ ਮੈਲ ਗੁਰਬਾਣੀ ਨਾਲ ਉਤਰਦੀ ਹੈ।

ਅਨਮੋਲ ਬਚਨ

* ਜੋ ਮੰਗ ਕੇ ਗੁਜ਼ਾਰਾ ਕਰਦੇ ਹਨ ਉਹ ਲੋਕ ਧਰਤੀ ਤੇ ਭਾਰ ਹਨ।

* ਆਲਸੀ ਮਨੁੱਖ ਨੂੰ ਹਰ ਕੰਮ ਪਹਾੜ ਵਰਗਾ ਲਗਦਾ ਹੈ।

* ਮੰਗ ਕੇ ਖਾਣ ਨਾਲੋਂ ਚੰਗਾ ਹੈ ਭੁੱਖੇ ਰਹਿਣਾ। ਭੁੱਖ ਕਮਾਉਣਾ ਸਿਖਾ ਦੇਵੇਗੀ।

* ਜਿਸ ਨੂੰ ਬਿਨਾਂ ਕੰਮ ਕੀਤਿਆਂ ਦੌਲਤ ਮਿਲ ਜਾਂਦੀ ਹੈ ਉਹ ਕਮਾਉਣਾ ਭੁੱਲ ਜਾਂਦਾ ਹੈ।

* ਕਰਜ਼ਾ ਲੈਣ ਤੋਂ ਪਹਿਲਾਂ ਸੌ ਵਾਰੀ ਸੋਚਣਾ ਚਾਹੀਦਾ ਹੈ।

* ਡਰ ਕੇ ਜਿਊਣਾ, ਮੌਤ ਨੂੰ ਸੱਦਾ ਦੇਣਾ ਹੈ।

* ਖ਼ਰਚਾ ਵਧਾਉਣਾ ਆਸਾਨ ਹੈ, ਵਧਿਆ ਖ਼ਰਚਾ ਘੱਟ ਕਰਨਾ ਮੁਸ਼ਕਿਲ ਹੈ।

* ਭੈੜੇ ਬੰਦਿਆਂ ਦੀ ਰੀਸ ਨਹੀਂ ਕਰਨੀ ਚਾਹੀਦੀ।

* ਇਕ ਬੁਰਾਈ ਦੂਸਰੀ ਬੁਰਾਈ ਨੂੰ ਜਨਮ ਦਿੰਦੀ ਹੈ।

* ਸਮੇਂ ਸਿਰ ਕੰਮ ਨਿਪਟਾਉ, ਹੋਰ ਕੰਮ ਕਰਨ ਨੂੰ ਦਿਲ ਕਰੇਗਾ।

* ਫਲਾਂ ਵਾਲਾ ਦਰਖ਼ਤ ਝੁਕ ਜਾਂਦਾ ਹੈ, ਤਾਂ ਹੀ ਤਾਂ ਉਹ ਡਿਗਦਾ- ਟੁੱਟਦਾ ਨਹੀਂ।

* ਨਜਾਇਜ਼ ਧਨ ਘਰ ਦਾ ਸੁਖ ਚੈਨ ਖੋਹ ਲੈਂਦਾ ਹੈ।

* ਦਾਜ ਨਾਲ ਸ਼ੋਭਾ ਤਾਂ ਵਧ ਸਕਦੀ ਹੈ, ਗੁਜ਼ਾਰਾ ਨਹੀਂ ਹੁੰਦਾ।

* ਗਰੀਬੀ ਜੇਕਰ ਧੀਰਜ ਨਾਲ ਕੱਟੀ ਜਾਵੇ, ਤਾਂ ਉਹ ਤੰਗ ਨਹੀਂ ਕਰਦੀ।

– ਜਗਜੀਤ ਸਿੰਘ, ਨੂਰਪੁਰ ਬੇਦੀ (ਰੋਪੜ)

ਗੁਣਾਂ ਨਾਲ ਭਰਪੂਰ ਅਦਰਕ

ਸ: ਹਰਜੀਤ ਸਿੰਘ

ਅਦਰਕ ਇਕ ਜੜ੍ਹ ਰੂਪੀ ਵਸਤੂ ਹੈ। ਇਸ ਦਾ ਪੌਦਾ ਤਿੰਨ ਫੁੱਟ ਦੇ ਕਰੀਬ ਉੱਚਾ ਹੁੰਦਾ ਹੈ ਅਤੇ ਅਦਰਕ ਉਸ ਪੌਦੇ ਦੇ ਹੇਠਾਂ ਬਣਦਾ ਹੈ ਜਿਵੇਂ ਆਲੂ ਜਾਂ ਹਲਦੀ। ਅਦਰਕ ਆਮ ਹੀ ਘਰਾਂ ਵਿਚ ਵਰਤਿਆ ਜਾਂਦਾ ਹੈ, ਜਿਵੇਂ ਸਬਜ਼ੀਆਂ, ਦਾਲਾਂ ਜਾਂ ਫਿਰ ਆਚਾਰ ਆਦਿ ਦੇ ਰੂਪ ਵਿਚ। ਅਦਰਕ ਨੂੰ ਜਦੋਂ ਸੁਕਾ ਲਿਆ ਜਾਂਦਾ ਹੈ ਤਾਂ ਇਸ ਨੂੰ 'ਸੁੰਢ' ਕਿਹਾ ਜਾਂਦਾ ਹੈ। ਜਦੋਂ ਕਦੇ ਅਦਰਕ ਨਾ ਮਿਲੇ ਤਾਂ ਸੁੰਢ ਲੈ ਕੇ ਵਰਤੀ ਜਾਂਦੀ ਹੈ।

ਖਾਂਸੀ ਲਈ : ਅਦਰਕ ਦਾ ਰਸ 1 ਤੋਲਾ, ਸ਼ਹਿਦ 1 ਤੋਲਾ। ਦੋਨਾਂ ਨੂੰ ਮਿਲਾ ਕੇ ਦਿਨ ਵਿਚ ਦੋ ਵਾਰੀ ਵਰਤਣ ਨਾਲ ਖਾਂਸੀ ਦੂਰ ਹੋ ਜਾਂਦੀ ਹੈ ਅਤੇ ਗਲਾ ਸਾਫ਼ ਹੋ ਜਾਂਦਾ ਹੈ।

ਉਲਟੀ ਬੰਦ ਕਰਨ ਲਈ : ਅਦਰਕ ਦਾ ਰਸ 1/2 ਚਮਚ, ਪਿਆਜ਼ ਦਾ ਰਸ 1/2 ਚਮਚ, ਪੁਦੀਨੇ ਦਾ ਰਸ 1/2 ਚਮਚ। ਤਿੰਨਾਂ ਨੂੰ ਮਿਲਾ ਕੇ ਪਿਲਾਉਣ ਨਾਲ ਉਲਟੀ ਬੰਦ ਹੋ ਜਾਂਦੀ ਹੈ ਅਤੇ ਪੇਟ ਨਰਮ ਹੋ ਜਾਂਦਾ ਹੈ।

ਕਬਜ਼ ਲਈ : ਅਦਰਕ ਲੈ ਕੇ ਉਸ ਨੂੰ ਛੋਟੇ-ਛੋਟੇ ਟੁਕੜਿਆਂ ਵਿਚ ਕੱਟ ਲਉ ਅਤੇ ਉਸ ਉਪਰ ਲੂਣ ਛਿੜਕ ਕੇ 1-2 ਦਿਨਾਂ ਲਈ ਛਾਂ ਵਿਚ ਰੱਖੋ। ਫਿਰ ਉਸ ਨੂੰ ਵਰਤੋਂ ਵਿਚ ਲਿਆਉਣ ਲਈ ਹਰ ਰੋਜ਼ ਸਵੇਰੇ ਕੁਝ ਟੁਕੜੇ ਲੈਣ ਨਾਲ ਕਬਜ਼ ਦੂਰ ਹੋ ਜਾਂਦੀ ਹੈ ਅਤੇ ਖੂਬ ਭੁੱਖ ਲਗਦੀ ਹੈ।

ਪੇਟ ਦਰਦ ਅਤੇ ਗਠੀਆ ਲਈ : ਸਹੀ ਢੰਗ ਨਾਲ ਪਾਚਨ ਕਿਰਿਆ ਨਾ ਹੋਣ ਕਾਰਨ ਪੇਟ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ। ਇਸ ਰੋਗ ਨੂੰ ਦੂਰ ਕਰਨ ਲਈ 100 ਗ੍ਰਾਮ ਅਦਰਕ ਦਾ ਰਸ, 50 ਗ੍ਰਾਮ ਤਿਲ ਦਾ ਤੇਲ ਲੈ ਕੇ ਗਰਮ ਕਰੋ। ਇਸ ਨੂੰ ਉਨੀ ਦੇਰ ਤੱਕ ਗਰਮ ਕਰੋ ਜਦੋਂ ਤਕ ਅਦਰਕ ਦਾ ਰਸ ਖ਼ਤਮ ਨਾ ਹੋ ਜਾਵੇ। ਜਦੋਂ ਤੇਲ ਰਹਿ ਜਾਵੇ ਤਾਂ ਇਸ ਨੂੰ ਠੰਢਾ ਕਰ ਕੇ ਸ਼ੀਸ਼ੀ ਵਿਚ ਭਰ ਕੇ ਰੱਖ ਲਉ। ਇਸ ਦੀ ਮਾਲਿਸ਼ ਕਰਨ ਨਾਲ ਪੇਟ ਦਰਦ ਠੀਕ ਹੋ ਜਾਂਦਾ ਹੈ। ਗਠੀਆ ਵਾਲੇ ਰੋਗੀ ਨੂੰ ਵੀ ਜਿਸ ਜਗ੍ਹਾ ਗਠੀਆ ਦੀ ਸ਼ਿਕਾਇਤ ਹੈ, ਉਸ ਜਗ੍ਹਾ ਉਪਰੋਕਤ ਤੇਲ ਦੀ ਵਰਤੋਂ ਕਰਨ ਨਾਲ ਬਹੁਤ ਲਾਭ ਪ੍ਰਾਪਤ ਹੁੰਦਾ ਹੈ।

ਤਾਕਤ ਲਈ : ਅਦਰਕ ਦਾ ਰਸ 1/4 ਚਮਚ, ਪਿਆਜ਼ ਦਾ ਰਸ 1/2 ਚਮਚ, ਸ਼ਹਿਦ 1/4 ਚਮਚ, ਘਿਓ 1/5 ਚਮਚ ਲੈ ਕੇ ਚਾਰਾਂ ਨੂੰ ਚੰਗੀ ਤਰ੍ਹਾਂ ਮਿਲਾ ਕੇ ਰੋਜ਼ਾਨਾ ਵਰਤਣ ਨਾਲ ਆਦਮੀ ਵਿਚ ਨਵੀਂ ਤਾਕਤ ਪੈਦਾ ਹੋ ਜਾਵੇਗੀ ਅਤੇ ਸਰੀਰ ਪੂਰਨ ਰੂਪ ਵਿਚ ਤੰਦਰੁਸਤ ਹੋ ਜਾਵੇਗਾ। ਇਸ ਯੋਗ ਨੂੰ 20-25 ਦਿਨ ਲਗਾਤਾਰ ਵਰਤੋ।

ਜ਼ੁਕਾਮ : 2 ਗ੍ਰਾਮ ਅਦਰਕ ਲੈ ਕੇ ਬਰੀਕ ਟੁਕੜੇ ਕਰ ਲਉ, 7 ਗ੍ਰਾਮ ਕਾਲੀਆਂ ਮਿਰਚਾਂ ਨੂੰ ਲੈ ਕੇ ਚੰਗੀ ਤਰ੍ਹਾਂ ਦੋਵਾਂ ਨੂੰ ਕੁੱਟ ਲਵੋ। 20 ਗ੍ਰਾਮ ਪੁਰਾਣਾ ਗੁੜ ਮਿਲਾ ਦਿਉ ਅਤੇ ਤਿੰਨਾਂ ਨੂੰ ਪਾਈਆ ਪਾਣੀ ਵਿਚ ਪਾ ਕੇ ਉਬਲਣਾ ਧਰ ਦਿਉ। ਜਦੋਂ ਪਾਣੀ ਦਾ ਚੌਥਾ ਹਿੱਸਾ ਰਹਿ ਜਾਵੇ ਤਾਂ ਛਾਣ ਕੇ ਕੋਸਾ ਜਿਹਾ ਪੀ ਜਾਉ। ਇੰਜ ਕਰਨ ਨਾਲ ਜ਼ੁਕਾਮ ਠੀਕ ਹੋ ਜਾਂਦਾ ਹੈ।

ਹਿਚਕੀ : ਕਈ ਵਾਰ ਅਜਿਹਾ ਸਮਾਂ ਆਉਂਦਾ ਹੈ ਜਦੋਂ ਸਾਹ ਨਾਲੀ ਵਿਚ ਭੋਜਨ ਦਾ ਥੋੜ੍ਹਾ ਜਿਹਾ ਅੰਸ਼ ਵੀ ਹਿਚਕੀ ਦੇ ਰੂਪ ਵਿਚ ਪ੍ਰੇਸ਼ਾਨੀ ਦਾ ਕਾਰਨ ਬਣਦਾ ਹੈ। ਹਿਚਕੀ ਨੂੰ ਦੂਰ ਕਰਨ ਲਈ ਅਦਰਕ ਬਹੁਤ ਲਾਭਕਾਰੀ ਹੈ। ਅਦਰਕ ਨੂੰ ਕੁੱਟ ਕੇ ਚੂਸਣ ਨਾਲ ਹਿਚਕੀ ਬੰਦ ਹੋ ਜਾਂਦੀ ਹੈ।

ਸ਼ੂਗਰ : ਅਦਰਕ ਦਾ ਰਸ 2 ਚਮਚ ਤੇ ਮਿਸ਼ਰੀ 2 ਚਮਚ। ਦੋਨਾਂ ਨੂੰ ਮਿਲਾ ਕੇ ਸਵੇਰੇ-ਸ਼ਾਮ ਸੇਵਨ ਕਰਨ ਨਾਲ ਸ਼ੂਗਰ ਰੋਗ ਤੋਂ ਬਹੁਤ ਫਾਇਦਾ ਹੁੰਦਾ ਹੈ।

ਅੱਧੇ ਸਿਰ ਦਾ ਦਰਦ : ਅਦਰਕ ਦੇ ਰਸ ਦੀਆਂ 2 ਬੂੰਦਾਂ ਨੱਕ ਵਿਚ 2-2 ਘੰਟਿਆਂ ਬਾਅਦ ਪਾਉ। ਇੰਜ ਕਰਨ ਨਾਲ ਅੱਧੇ ਸਿਰ ਦਾ ਦਰਦ ਠੀਕ ਹੋ ਜਾਂਦਾ ਹੈ।

ਕੰਨ ਦਾ ਦਰਦ : ਕੰਨ ਦੇ ਦਰਦ ਹੋਣ 'ਤੇ ਅਦਰਕ ਦਾ ਰਸ ਕੱਢ ਲਵੋ ਅਤੇ ਹਲਕਾ ਗਰਮ ਕਰਕੇ 3 ਬੂੰਦਾਂ ਕੰਨ ਵਿਚ ਪਾਉ। ਇਸ ਨਾਲ ਕੰਨ ਵਿਚ ਦਰਦ ਹੋਣਾ ਬੰਦ ਹੋ ਜਾਵੇਗਾ।

ਅੰਗ ਸੌਣ 'ਤੇ : ਕਈ ਵਾਰ ਸਰੀਰ ਦੇ ਵੱਖ-ਵੱਖ ਅੰਗਾਂ ਵਿਚ ਖ਼ੂਨ ਦੀ ਸਪਲਾਈ ਰੁਕਣ ਨਾਲ ਕੁਝ ਅੰਗ ਕੁਝ ਦੇਰ ਲਈ ਸੁੰਨ ਜਿਹੇ ਹੋ ਜਾਂਦੇ ਹਨ ਜਿਨ੍ਹਾਂ ਨੂੰ ਅੰਗ ਸੌਣਾ ਵੀ ਕਿਹਾ ਜਾਂਦਾ ਹੈ। ਇਸ 'ਤੇ ਸੁੱਕਾ ਅਦਰਕ (ਸੁੰਢ) 200 ਗ੍ਰਾਮ ਲੈ ਕੇ ਚੰਗੀ ਤਰ੍ਹਾਂ ਕੁੱਟ, ਪੀਸ, ਕਪੜ-ਛਾਣ ਕਰ ਕੇ ਰੱਖ ਲਉ। ਹਰ ਰੋਜ਼ ਅੱਧਾ ਚਮਚ ਚੂਰਨ ਦਿਨ ਵਿਚ ਇਕ ਵਾਰੀ ਪਾਣੀ ਨਾਲ ਪ੍ਰਯੋਗ ਕਰਨਾ ਲਾਭਕਾਰੀ ਹੈ।

ਬੋਲਾਪਣ : ਅਦਰਕ ਦਾ ਰਸ, ਸ਼ਹਿਦ, ਨਮਕ ਤਿੰਨੇ ਬਰਾਬਰ ਮਾਤਰਾ ਵਿਚ ਲੈ ਕੇ ਚੰਗੀ ਤਰ੍ਹਾਂ ਮਿਲਾ ਲਉ। ਰੂੰ ਦਾ ਫੰਬਾ ਲੈ ਕੇ ਇਸ ਮਿਸ਼ਰਣ ਵਿਚ ਚੰਗੀ ਤਰ੍ਹਾਂ ਡੁਬੋ ਲਉ ਅਤੇ ਕੰਨ ਵਿਚ ਰੱਖ ਲਉ। ਕੁਝ ਦਿਨਾਂ ਦੇ ਸੇਵਨ ਤੋਂ ਬਾਅਦ ਬੋਲਾਪਣ ਦੂਰ ਹੋ ਜਾਵੇਗਾ।

('ਪੰਜਾਬੀ ਟ੍ਰਿਬਿਊਨ' ਵਿਚੋਂ ਧੰਨਵਾਦ ਸਹਿਤ)

Guru Gobind Singh

Dr. Hari Ram Gupta

There are, in this world, men who are endowed by nature with infinite capacity for attaining perfection. In the days of peace, they work for the solace of mankind, and strive to smooth the way for the chariot of progress. In times of calamity, they suddenly rise up to guide the people and give them an ideal, great and glourious life. While putting that ideal into execution, they remain stoic to the socks of adverse fortune. They endure untold mortifications and sufferings, but stick fast to their ideal, and cheerfully make supreme sacrifices. The grateful world would point to **Guru Gobind Singh** as one of such men.

His dreams and deeds wrought a wonderful change in his own generation in the religious, military and political life of the people. His personality was so fascinating, so bewitching, so dynamic, so momentous and so unforgetable that we are seized with wonder at the changes which took place in Punjab within one year and a half of his death. He was the greatest genius of his age. Whenever we touch that short life, as he died at the age of forty-two, we are at once brought into contact with a live wire. He was a meteor that consumed itself to light the world. He was luminous like the sun, and had conquered death.

There are two ethical ideals, the pleasant and the good. The man without discrimination chooses pleasure as the goal. He perishes in his effort to attain it. The man of wisdom examines both the pleasant and the good. He makes the latter the supreme end. He is never satisfied with the passing, finite things of the world. His hunger is for the infinite. The infinite is true, blissful and beautiful. It is also the purest delight, the essence of beauty (Ras). This is within reach of all. The limit to a man's growth is his own vision.

Guru Gobind Singh strove after such an ideal. He had the best his time could offer in education and culture, in power and pleasure. He possessed a rare combination of so many excellences, supreme self denial, marvellous intellect, superhuman will-power, great heart and limitless energy. He examined life and sought its real meanings and true goal. He came to grips with this fundamental question. He realized his deep bond to humanity. He was moved by the sufferings he saw around him. He decided to help man find freedom.

Guru Gobind Singh was not destined to have peace in his lifetime. He was born in conflict. He was brought up in conflict. He lived in conflict, and he died in conflict. Conflict was thrust upon him by the force of circumstances, and he had full measure of it. It was a holy conflict. He aimed at regenerating a decaying people. **He endeavoured to create a new nation. He planned to lay the foundation of new society based upon justice and freedom of conscience. He designed to promulgate the principles of liberty, equality and fraternity.**

At the age of nine (Guru) Gobind (Singh) had his father sacrificed in the cause of religious feedom. Between the age of nine and thirty nine, in thirty years, he had to fight as many as twenty battles, nine before the creation of Khalsa and eleven afterwards. He had enemies all around. He had little resources in men, money and material. Within a week in December, 1704, he laid at the alter, his mother and all the four of his sons. Besides, thousands of his devoted followers were launched into eternity. Eventually at the young age of forty-two, he shuffled off this mortal coil in the cause of freedom and in the service of humanity. Can

there be a greatar and nobler sacrifice than this? **The legacy left behind by him was that of sacrifice, service, self-support and self-respect.**

Bulleh Shah, a celebrated Sufi Muslim saint of Punjab was a contemporary of Guru Gobind Singh. He pays a glowing tribute to the Guru thus:

"I neither say of the past; nor do I speak of the future; but I talk of the time of Guru Gobind Singh and declare openly:

That but for him all the Hindus would have been converted to a foreign culture and religion."

The story of the Sikhs opens up the great difference between head and heart, between knowledge and action, between saying and doing, between words and deeds, and between a dead and living faith. The Sikhs placed themselves at the vanguard of the nation; they showed themselves interpreters of the rights of the people; they maintained the struggle between good and evil, between the sovereign will of the people and the divine right of kings, and between liberty and despotism. They are the people who avenged the insults, the outrage and slavery of many generations past; who delivered their fatherland from the yoke of foreign oppressor; who displayed all that was grand and noble; who left to the children of land a heritage unsullied by the presence of any alien solider; who won for the Punjab the envied title of "the solider's land"; who alone can boast of having erected a "bulwark of defence against foreign aggression", the tide of which had run its prosperous course for the preceding eight hundred years, and to whom all other people of Northern India, in general and of the Punjab, in particular owe a deep debt of gratitude.

ਗੁਰਮਤਿ ਰਹਿਣੀ

ਬਾਬਲੇ ਨੇ ਵਰ ਟੋਲਿਆ

ਸ: ਮਹਿੰਦਰ ਸਿੰਘ, ਇੰਸਪੈਕਟਰ, ਘੋਲੀਆਂ ਕਲਾਂ, (ਮੋਗਾ)

ਬਾਬਲੇ ਨੇ ਵਰ ਟੋਲਿਆ,
ਵਰ ਟੋਲਿਆ ਸਿੱਖੀ ਦਾ ਬੂਟਾ। ਬਾਬਲੇ ਨੇ ...

ਉਹ ਅੰਮ੍ਰਿਤ ਵੇਲੇ ਉਠਦਾ ਨਾਮ ਜਪੇਂਦਾ,
ਕਿਰਤ ਕਰੇਂਦਾ, ਵੰਡ ਛਕੇਂਦਾ,
ਗੁਰਮਤਿ ਦੀ ਉਹ ਗੱਲ ਸੁਣਾਵੇ,
ਮਨਮਤਿ ਦੇ ਉਹ ਨੇੜ ਨਾ ਜਾਵੇ,
ਆਪ ਜਪੈ ਅਵਰਾਂ ਨਾਮ ਜਪਾਵੇ,
ਉਸ ਤੋਂ ਹੋਰ ਨ ਜਾਵੇ ਬੋਲਿਆ, ਬਾਬਲੇ ਨੇ ...

ਉਹ ਪੰਜੇ ਕਕਾਰ ਹੈ ਰਖਦਾ,
ਅੰਗ ਸੰਗ ਗੁਰੂ ਨੂੰ ਸਮਝਦਾ,
ਗੁਰਮਤਿ ਦਾ ਪ੍ਰਚਾਰ ਹੈ ਕਰਦਾ,
ਉਸ ਦੇ ਅੱਗੇ ਕੋਈ ਨਹੀਂ ਅੜਦਾ, ਨਾ ਡਰਾਵੇ ਨਾ ਡਰਦਾ
ਉਸ ਦਾ ਤੇਜ ਜਾਵੇ ਨਾ ਤੋਲਿਆ, ਬਾਬਲੇ ਨੇ ...

ਸਤ-ਸੰਗਤਿ ਹੈ ਉਸ ਨੂੰ ਪਿਆਰੀ,
ਗੁਰੂ ਉਸ ਨੂੰ ਦਿੱਤੀ ਸਰਦਾਰੀ,
ਭੁੱਲ ਕੇ ਨਾ ਉਹ ਕਰੇ ਗੱਦਾਰੀ,
ਕੱਟੇ ਕੇਸ ਨਾ, ਨਸ਼ਾ ਨਾ ਵਰਤੇ,
ਬਾਣੀ ਰਿਦੇ ਵਸਾਵੇ ਪੜ੍ਹ ਕੇ,
ਕਦੇ ਨਾ ਸਿੱਖੀ ਸਿਦਕ ਤੋਂ ਡੋਲਿਆ, ਬਾਬਲੇ ਨੇ ...

ਮੇਰੇ ਨਾਲ ਪਿਆਰ ਵਧਾਵੇ,
ਮੇਰਾ ਨਾ ਕਦੇ ਦਿਲ ਦੁਖਾਵੇ,
ਗੁਰੂਦੁਆਰੇ ਨਾਲ ਲਿਜਾਵੇ,
ਗੁਰਬਾਣੀ ਦੀ ਕਥਾ ਸੁਣਾਵੇ,
ਕਰੇ ਅਰਦਾਸ ਗੁਰ-ਹੁਕਮ ਸੁਣਾਵੇ,
ਨਿਤਨੇਮ ਤੋਂ ਕਦੇ ਨ ਮਨ ਮੋੜਿਆ, ਬਾਬਲੇ ਨੇ ...

ਕੇਸਾਂ ਦਾ ਸਤਿਕਾਰ ਕਰਾਉਂਦੇ,
ਨਸ਼ਿਆਂ ਤੋਂ ਉਹ ਪਰੇ ਹਟਾਉਂਦੇ,
ਗੁਰੂ ਦੀ ਮੱਤ ਨੂੰ ਨਿੱਤ ਸਿਖਾਉਂਦੇ,
ਭੁੱਲੇ ਲੜ ਗੁਰੂ ਦੇ ਲਾਉਂਦੇ
ਡੇਰਿਆਂ ਤੋਂ ਵੀ ਮੋੜ ਲਿਆਉਂਦੇ,
ਮਹਿੰਦਰਾ ਸਾਥੋਂ ਝੂਠ ਨ ਜਾਵੇ ਬੋਲਿਆ, ਬਾਬਲੇ ਨੇ ...

(ਕਾਵਿ ਕਿਆਰੀ)

ਅਸੀਂ ਬਿਪਰਨ ਦੀਆਂ ਰੀਤਾਂ ਵਿਚ ਫਸ ਗਏ

✍ ਸ: ਬਲਵਿੰਦਰ ਸਿੰਘ (ਮਤੋਲੀ)

ਕਰਾਂ ਅਰਜ਼ ਪਿਤਾ ਦਸ਼ਮੇਸ਼ ਅੱਗੇ, ਪਹਿਲਾਂ
ਤੁਸਾਂ ਕੌਤਕ ਇਕ ਅਜਬ ਰਚਾਇਆ ਸੀ।
ਦੇ ਕੇ ਦਾਤ ਅੰਮ੍ਰਿਤ ਦੀ ਸਿੱਖ ਆਪਣੇ ਨੂੰ,
ਤੁਸਾਂ ਗਿੱਦੜਾਂ ਤੋਂ ਸ਼ੇਰ ਬਣਾਇਆ ਸੀ।
ਦਿੱਤਾ ਜੀਵਨ ਇਕ ਨਵਾਂ ਸਿੱਖ ਤਾਈਂ,
ਤੁਸਾਂ ਖ਼ਾਲਸਾ ਪੰਥ ਸਜਾਇਆ ਸੀ।
ਲਾ ਕੇ ਬੂਟਾ ਪੰਥ ਦਾ ਜਗਤ ਅੰਦਰ,
ਸਰਬੰਸ ਆਪਣੇ ਦਾ ਖ਼ੂਨ ਪਾਇਆ ਸੀ।
ਕੀਤੀ ਤਾੜਨਾ 'ਬਿਪ੍ਰਨ ਦੀ ਰੀਤ' ਦੀ ਸੀ,
ਇਹ ਜਗ ਤੋਂ ਨਿਆਰਾ ਅਖਵਾਇਆ ਸੀ।
ਚਲਿਆ ਦੌਰ ਜਦੋਂ ਜ਼ਾਲਮ ਦੇ ਜ਼ੁਲਮ ਵਾਲਾ,
ਇਹਨੇ ਜ਼ੁਲਮ ਨਾਲ ਮੱਥਾ ਲਾਇਆ ਸੀ।
ਡਰ ਕੇ ਮੌਤ ਤੋਂ ਮੂਲ ਨਾ ਸਿੰਘ ਭੱਜੇ
ਖੰਡਾ ਰਣ ਦੇ ਵਿਚ ਖੜਾਕਾਇਆ ਸੀ,
ਜਿੱਤੇ ਰਣ, ਸੀ ਚੜ੍ਹਦੀ ਕਲਾ ਅੰਦਰ
ਸਿੰਘਾਂ ਖ਼ਾਲਸਾ ਰਾਜ ਚਲਾਇਆ ਸੀ।

(ਹੁਣ)

ਕੀ ਹੋਇਆ ਅੱਜ ਖਾਲਸੇ ਪੰਥ ਨੂੰ ਏ,
ਬੁਰੇ ਕਰਮ ਅੱਜ ਰੰਗ ਵਖਾਉਣ ਲੱਗੇ।
ਦੌਰ ਅੰਧ ਵਿਸ਼ਵਾਸ ਦਾ ਚੱਲਿਆ ਏ,
ਸਿੱਖ ਗੁਰੂ ਤੋਂ ਮੂੰਹ ਛੁਪਾਉਣ ਲੱਗੇ।
ਚੜ੍ਹਦੀ ਕਲਾ ਵਿਚ ਰਹਿੰਦੇ ਸੀ ਨਿੱਤ ਜਿਹੜੇ,
ਢਹਿੰਦੀ ਕਲਾ ਦੇ ਮੂੰਹ ਵਿਚ ਆਉਣ ਲੱਗੇ।
ਡਰਦੇ ਮੂਲ ਨਾ ਜਿਹੜੇ ਸੀ ਮੌਤ ਕੋਲੋਂ,
ਪ੍ਰੇਤ ਉਹਨਾਂ ਨੂੰ ਅੱਜ ਡਰਾਉਣ ਲੱਗੇ।
ਭਲਾ ਸਰਬੱਤ ਦਾ ਜਿਹੜੇ ਨਿੱਤ ਮੰਗਦੇ ਸੀ,
ਟੂਣੇ ਦੂਜਿਆਂ ਲਈ ਉਹ ਕਰਾਉਣ ਲੱਗੇ।
ਸਾਡੇ ਹੁੰਦਿਆਂ ਕੌਣ ਏ ਮਾਰ ਸਕਦਾ,
ਢੌਂਗੀ ਆ ਕੇ ਜਾਲ ਵਿਛਾਉਣ ਲੱਗੇ।
ਲਿਖੀਆਂ ਰੱਬ ਦੀਆਂ ਕੋਈ ਨਾ ਮੇਟ ਸਕੇ,
'ਬਾਬੇ' ਆ ਕੇ ਲੇਖ ਮਿਟਾਉਣ ਲੱਗੇ।
ਬਣ ਬੈਠੇ ਸ਼ਰੀਕ ਉਹ ਰੱਬ ਦੇ ਨੇ,
ਆਪਣੇ ਆਪ ਨੂੰ ਰੱਬ ਅਖਵਾਉਣ ਲੱਗੇ।
ਪੈ ਗਏ ਔਝੜੀਂ ਸਿੰਘ ਅਖਵਾਉਣ ਵਾਲੇ।
ਇਹਨਾਂ ਦੰਭੀਆਂ ਦੇ ਪੈਰ ਦਬਾਉਣ ਲੱਗੇ।
ਛੱਡਿਆ ਅੰਮ੍ਰਿਤ ਤੇ ਗਾਤਰੇ ਪਾ ਗਲ ਵਿਚ,
ਜਾ ਕੇ ਪੀਰ ਦੇ ਜੋਤ ਜਗਾਉਣ ਲੱਗੇ।
ਸਿੱਖੀਂ ਕੇਸਾਂ, ਸੁਆਸਾਂ ਦੇ ਸੰਗ ਨਿਭ ਜਾਏ,
ਗੁਰੂ-ਬੋਲ ਭੁੱਲ ਕੇ ਕੇਸ ਕਟਵਾਉਣ ਲੱਗੇ।
ਸਤਿ ਸਿੱਖੀ ਸੰਗ ਗੁਰਬਾਣੀ ਦਾ ਭੁੱਲ ਗਏ ਨੇ
ਹੁਣ ਵਿਚ ਕੁਸੰਗਤ ਦੇ ਜਾਣ ਲੱਗੇ।
ਮੁਨਕਰ ਗੁਰੂ ਗ੍ਰੰਥ ਸਾਹਿਬ ਤੋਂ ਹੋ ਗਏ ਨੇ
ਦੇਹਧਾਰੀਆਂ ਨੂੰ ਗੁਰੂ ਬਣਾਉਣ ਲੱਗੇ।

ਕਦੇ ਲੱਗੀਆਂ ਬਾਈ ਮੰਜੀਆਂ ਸਨ,
ਹੁਣ ਅਨੇਕਾਂ ਹੀ ਮੰਜੀਆਂ ਲਾਉਣ ਲੱਗੇ।
ਸਿੱਖ ਭੁੱਲ ਗਏ ਸਿੱਖੀ ਸਿਧਾਂਤ ਤਾਈਂ,
ਬ੍ਰਾਹਮਣਵਾਦ ਦਾ ਕਰੀ ਖਿਆਲ ਬੈਠੇ।
ਪੰਥ ਦਰਦੀਆਂ ਨੂੰ ਦਰਦ ਨਾ ਪੰਥ ਦਾ ਏ,
ਆਗੂ ਕੁਰਸੀਆਂ ਤੇ ਹੋਏ ਨਿਹਾਲ ਬੈਠੇ।
ਕਰੀਂ ਦਾਤਿਆ ਅਰਜ਼ ਮਨਜ਼ੂਰ ਮੇਰੀ,
ਚੜ੍ਹਦੀ ਕਲਾ 'ਚ, ਖ਼ਾਲਸਾ ਪੰਥ ਵੇਖਾਂ।
ਦੇ ਕੇ ਹੱਥ ਰੱਖ ਲੈ, ਧਰਮੋਂ ਡਿਗਦਿਆਂ ਨੂੰ,
ਭਰਮਾਂ-ਵਹਿਮਾਂ ਦਾ ਹੁੰਦਾ ਅੰਤ ਵੇਖਾਂ।

* * *

ਚਨਾਲੋਂ ਵਿਖੇ ਗੁਰਮਤਿ ਸਮਾਗਮ

ਸਿੱਖ ਮਿਸ਼ਨਰੀ ਕਾਲਜ (ਰਜਿ:) ਚਨਾਲੋਂ, ਨੇੜੇ ਕੁਰਾਲੀ ਵਿਖੇ ਕਾਲਜ ਦੇ ਵੱਖ-ਵੱਖ ਜ਼ੋਨਾਂ ਵਲੋਂ ਹੇਠ ਲਿਖੇ ਅਨੁਸਾਰ ਗੁਰਮਤਿ ਸਮਾਗਮ ਹੋਣਗੇ —

11.1.03	ਐਤਵਾਰ ਸਵੇਰੇ 10 ਤੋਂ 1.00 ਵਜੇ ਤੱਕ	ਪਟਿਆਲਾ ਜ਼ੋਨ	11.4.03	ਐਤਵਾਰ ਸਵੇਰੇ 10 ਤੋਂ 1.00 ਵਜੇ ਤੱਕ	ਲੁਧਿਆਣਾ ਜ਼ੋਨ
8.2.03	,,	ਰੋਪੜ ਜ਼ੋਨ	9.5.03	,,	ਹੁਸ਼ਿਆਰਪੁਰ ਜ਼ੋਨ
14.3.03	,,	ਗੁਰਦਾਸਪੁਰ ਜ਼ੋਨ	13.6.03	,,	ਜਲੰਧਰ ਜ਼ੋਨ

ਇਲਾਕੇ ਤੇ ਨੇੜੇ ਦੇ ਸਰਕਲਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਰੇ ਸਮਾਗਮਾਂ ਵਿਚ ਹੁੰਮ-ਹੁੰਮਾ ਕੇ ਪਹੁੰਚੋ ਅਤੇ ਗੁਰੂ-ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।

— ਪ੍ਰਿੰਸੀਪਲ

ਖ਼ਬਰਨਾਮਾ ਅਤੇ ਸਰਗਰਮੀਆਂ

ਗੁਰਦੁਆਰਿਆਂ 'ਤੇ ਸੋਨ ਪੱਤਰੇ ਚੜ੍ਹਾਉਣ ਨਾਲ ਕੋਈ ਭਲਾ ਨਹੀਂ ਹੋਣਾ : ਅਗਨੀਵੇਸ਼

ਨਵੀਂ ਦਿੱਲੀ, 6 ਨਵੰਬਰ (ਯੂ.ਐਨ.ਆਈ.) — ਸਮਾਜ ਸੇਵੀ ਆਗੂ ਸਵਾਮੀ ਅਗਨੀਵੇਸ਼ ਨੇ ਇਸ ਗੱਲ 'ਤੇ ਚਿੰਤਾ ਜਤਾਈ ਹੈ ਕਿ ਸਿੱਖ ਭਾਈਚਾਰਾ ਆਪਣੇ ਬੁਨਿਆਦੀ ਸਿਧਾਂਤਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ 'ਤੇ ਸੰਗਮਰਮਰ ਲਗਾਉਣ ਜਾਂ ਸੋਨ ਪੱਤਰੇ ਚੜ੍ਹਾਉਣ ਨਾਲ ਆਮ ਲੋਕਾਂ ਦਾ ਕੋਈ ਭਲਾ ਨਹੀਂ ਹੁੰਦਾ।

1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਸਿੱਖ ਫੋਰਮ ਵੱਲੋਂ ਬੀਤੀ ਸ਼ਾਮ ਕਰਵਾਏ ਯਾਦਗਾਰੀ ਸਮਾਰੋਹ ਵਿਚ ਸਵਾਮੀ ਅਗਨੀਵੇਸ਼ ਨੇ ਕਿਹਾ ਕਿ ਗੁਰੂਆਂ ਨੇ ਜਿਨ੍ਹਾਂ ਸਮਾਜਕ ਕੁਰੀਤੀਆਂ ਦਾ ਵਿਰੋਧ ਕੀਤਾ ਸੀ, ਸਿੱਖ ਧਰਮ ਉਨ੍ਹਾਂ ਵਿਚ ਹੀ ਮੁੜ ਜਕੜਿਆ ਜਾ ਰਿਹਾ ਹੈ। ਗੁਰਦੁਆਰਿਆਂ ਵਿਚ ਮਹਿੰਗੇ ਪੱਥਰ ਅਤੇ ਸੋਨੇ ਦੇ ਪੱਤਰੇ ਚੜ੍ਹਾਉਣ ਦੀ ਆਲੋਚਨਾ ਕਰਦਿਆਂ ਉਨ੍ਹਾਂ ਇਸ ਰੁਝਾਨ ਨੂੰ ਰੋਕਣ ਲਈ ਵਿਚਾਰ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਰਦੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗਰਮ ਕਪੜਿਆਂ ਵਿਚ ਲਪੇਟ ਕੇ ਰੱਖਿਆ ਜਾਂਦਾ ਹੈ, ਜੋ ਪਾਂਡਾ-ਪ੍ਰੋਹਿਤਵਾਦ ਦੀ ਵਾਪਸੀ ਹੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਧਰਮ ਕਿਸੇ ਵੀ ਬੇਇਨਸਾਫ਼ੀ ਦੇ ਖ਼ਿਲਾਫ਼ ਲੜਨ ਦੀ ਮੰਗ ਕਰਦਾ ਹੈ ਪਰ ਹੋਰ ਧਰਮਾਂ ਵਾਂਗ ਹੁਣ ਸਿੱਖ ਵੀ ਕੇਵਲ ਆਪਣੇ ਭਾਈਚਾਰੇ ਨਾਲ ਹੁੰਦੀ ਵਧੀਕੀ ਦਾ ਹੀ ਵਿਰੋਧ ਕਰਦੇ ਹਨ। ਸਵਾਮੀ ਅਗਨੀਵੇਸ਼ ਨੇ ਯਾਦ ਦਿਵਾਇਆ ਕਿ ਹਰ ਸਿੱਖ ਦਾ ਇਹ ਧਾਰਮਿਕ ਫ਼ਰਜ਼ ਹੈ ਕਿ ਉਹ ਸਮਾਜ ਵਿਚ ਕਿਤੇ ਵੀ ਹੁੰਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰੇ। ਗੁਜਰਾਤ ਦੰਗਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਉਥੇ ਜ਼ਿਆਦਾਤਰ ਮੁਸਲਮਾਨ ਹੀ ਰਾਹਤ ਕਾਰਜਾਂ ਵਿਚ ਲੱਗੇ ਹੋਏ ਸਨ ਅਤੇ ਇਸੇ ਤਰ੍ਹਾਂ ਚਿੱਟੀਸਿੰਘਪੁਰਾ ਵਿਚ ਸਿਰਫ਼ ਸਿੱਖ ਹੀ ਕਤਲੇਆਮ ਦੇ ਪੀੜਤਾਂ ਦੀ ਮਦਦ ਕਰ ਰਹੇ ਸਨ। 1984 ਦੇ ਸਿੱਖ ਕਤਲੇਆਮ ਵੇਲੇ ਸਵਾਮੀ ਅਗਨੀਵੇਸ਼ 'ਤੇ ਵੀ ਉਨ੍ਹਾਂ ਦੀ ਪੱਗ ਕਾਰਨ ਹਮਲਾ ਕਰ ਦਿੱਤਾ ਗਿਆ ਸੀ।

ਇਸ ਸਮਾਰੋਹ ਵਿਚ ਸੰਸਦ ਦੇ ਸਾਬਕਾ ਮੈਂਬਰ ਕੁਲਦੀਪ ਨਈਅਰ ਨੇ ਦੱਸਿਆ ਕਿ ਉਨ੍ਹਾਂ ਨਾਨਾਵਟੀ ਕਮਿਸ਼ਨ ਨੂੰ ਸਿੱਖ ਕਤਲੇਆਮ ਦੀ ਜਾਂਚ ਇਕ ਸਾਜ਼ਿਸ਼ ਦੇ ਨਜ਼ਰੀਏ ਤੋਂ ਕਰਵਾਉਣ ਲਈ ਕਿਹਾ ਸੀ। ਬਾਅਦ ਵਿਚ ਪਤਾ ਨਹੀਂ ਇਸ ਦਾ ਕੀ ਨਤੀਜਾ ਨਿਕਲਿਆ ਪਰ ਏਨਾ ਵੱਡਾ ਕਤਲੇਆਮ ਬਿਨਾਂ ਕਿਸੇ ਸਾਜ਼ਿਸ਼ ਦੇ ਨਹੀਂ ਹੋ ਸਕਦਾ। ਡਾ. ਮਹੀਪ ਸਿੰਘ ਨੇ ਆਸ ਪ੍ਰਗਟਾਈ ਕਿ ਨਾਨਾਵਟੀ ਕਮਿਸ਼ਨ 1984 ਦੇ ਕਤਲੇਆਮ ਦੇ ਪੀੜਤਾਂ ਨੂੰ ਜ਼ਰੂਰ ਇਨਸਾਫ਼ ਦਿਵਾਏਗਾ।

ਸੰਸਥਾ ਦੇ ਮੋਢੀ ਮੈਂਬਰ ਦਾ ਅਕਾਲ ਚਲਾਣਾ

ਸਿੱਖ ਮਿਸ਼ਨਰੀ ਕਾਲਜ ਨਾਲ ਅਰੰਭ ਤੋਂ ਸੰਬੰਧ ਰਖਣ ਵਾਲੇ ਅਤੇ ਸਰਗਰਮ ਮੈਂਬਰ ਸ: ਬਲਵੰਤ ਸਿੰਘ ਜੀ ਖ਼ਾਲਸਾ, ਮਿਤੀ 2.12.2003 ਨੂੰ ਰੋਹਿਨੀ, ਦਿੱਲੀ ਵਿਖੇ ਅਕਾਲ ਚਲਾਣਾ ਕਰ ਗਏ ਹਨ।

ਹਸਮੁਖ ਸੁਭਾਅ ਦੇ ਮਾਲਕ ਤੇ ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੇ ਸ: ਬਲਵੰਤ ਸਿੰਘ ਉਨ੍ਹਾਂ ਪੁਰਾਣੇ ਮੈਂਬਰਾਂ ਵਿਚੋਂ ਸਨ ਜਿਨ੍ਹਾਂ ਨੇ ਧਰਮ ਪ੍ਰਚਾਰ ਨੂੰ ਸਦੀਵੀ ਤੌਰ ਤੇ ਪੱਕੇ ਪੈਰਾਂ ਤੇ ਕਰਨ ਲਈ ਧਰਮ ਪ੍ਰਚਾਰ ਦੀ ਲਹਿਰ ਨੂੰ ਅਰੰਭ ਕਰਨ ਹਿਤ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸਿੱਖ ਮਿਸ਼ਨਰੀ ਕਾਲਜ ਨੂੰ ਇਕ ਵੱਡਾ ਘਾਟਾ ਪਿਆ ਹੈ। ਸਾਡੀ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਸਰਦਾਰ ਬਲਵੰਤ ਸਿੰਘ ਜੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਉਨ੍ਹਾਂ ਦੇ ਪਰਿਵਾਰ, ਸਕੇ-ਸੰਬੰਧੀਆਂ ਤੇ ਦੋਸਤ-ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਚਨਾਲੋਂ ਵਿਖੇ ਵਿਸ਼ਾਲ ਗੁਰਮਤਿ ਸਮਾਗਮ

30.11.2003 ਨੂੰ ਸਿੱਖ ਮਿਸ਼ਨਰੀ ਕਾਲਜ ਦੇ ਚਨਾਲੋਂ ਕੈਂਪਸ ਵਿਖੇ ਇਕ ਵਿਸ਼ੇਸ਼ ਗੁਰਮਤਿ ਸਮਾਗਮ ਕੀਤਾ ਗਿਆ। ਚਨਾਲੋਂ ਕੈਂਪਸ, ਰੋਪੜ ਜ਼ਿਲ੍ਹੇ ਵਿਚ, ਕੁਰਾਲੀ ਦੇ ਨਾਲ ਅੱਠ ਏਕੜ ਦੇ ਵਿਸ਼ਾਲ ਖੇਤਰ ਵਿਚ ਸਥਾਪਿਤ ਕੀਤਾ ਜਾ ਰਿਹਾ ਹੈ ਅਤੇ ਇਸ ਵਿਚ ਸਿਖ ਮਿਸ਼ਨਰੀ ਕਾਲਜ ਦੇ ਵਿਸ਼ਵ-ਪੱਧਰੀ ਕੈਂਪਸ ਦੀ ਅਰੰਭਤਾ ਵੱਲ ਇਹ ਗੁਰਮਤਿ ਸਮਾਗਮ ਇਕ ਪਹਿਲਾ ਕਦਮ ਸੀ। ਇਸ ਸਥਾਨ ਦੀ ਪ੍ਰਾਪਤੀ ਸਿੱਖ ਮਿਸ਼ਨਰੀ ਕਾਲਜ ਨੂੰ ਅਕਤੂਬਰ ਵਿਚ ਹੋਈ ਜਿਸ ਦੀ ਵਿਸਤ੍ਰਿਤ ਰਿਪੋਰਟ ਨਵੰਬਰ ਦੇ ਅੰਕ ਵਿਚ ਪ੍ਰਕਾਸ਼ਿਤ ਹੋ ਚੁੱਕੀ ਹੈ। ਇਸ ਗੁਰਮਤਿ ਸਮਾਗਮ ਦੀ ਇਕ ਵਿਸ਼ੇਸ਼ਤਾ ਇਸ ਨੂੰ ਇਲਾਕੇ ਦੀਆਂ ਸੰਗਤਾਂ ਵਲੋਂ ਮਿਲਿਆ ਭਰਵਾਂ ਹੁੰਗਾਰਾ ਸੀ। ਸੰਗਤਾਂ ਨੇ ਜਿੱਥੇ ਸਮਾਗਮ ਵਿਚ ਵਧ-ਚੜ੍ਹ ਕੇ ਭਾਗ ਲਿਆ ਉਥੇ ਕੈਂਪਸ ਦੀ ਸਾਫ਼-ਸਫ਼ਾਈ, ਲੰਗਰ, ਜੋੜੇ ਅਤੇ ਹੋਰ ਸੇਵਾਵਾਂ ਵਿਚ ਵਿਸ਼ੇਸ਼ ਸਹਿਯੋਗ ਦਿੱਤਾ। ਸਮਾਗਮ ਦੀ ਅਰੰਭਤਾ ਕੈਂਪਸ ਦੇ ਵਿਸ਼ਾਲ ਹਾਲ ਵਿਚ ਸਾਹਿਬ ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਨਾਲ ਹੋਈ। ਸਮਾਗਮ ਵਿਚ ਬੀਬੀ ਤਜਿੰਦਰ ਕੌਰ, ਹਰਮਨਜੀਤ ਕੌਰ, ਖਰੜ ਸਰਕਲ, ਸ: ਬਲਬੀਰ ਸਿੰਘ, ਖਰੜ ਸਰਕਲ ਅਤੇ ਬੀਬੀ ਗੁਰਲੀਨ ਕੌਰ, ਮੁਹਾਲੀ ਸਰਕਲ ਨੇ ਕੀਰਤਨ ਦੁਆਰਾ ਹਾਜ਼ਰੀ ਭਰੀ। ਸਿੱਖ ਮਿਸ਼ਨਰੀ ਕਾਲਜ ਜਲੰਧਰ ਦੀਆਂ ਵਿਦਿਆਰਥੀਣਾਂ ਨੇ ਕਵੀਸ਼ਰੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਿੰਸੀਪਲ ਸੁਰਿੰਦਰ ਸਿੰਘ, ਸਿੱਖ ਮਿਸ਼ਨਰੀ ਕਾਲਜ ਅਨੰਦਪੁਰ ਸਾਹਿਬ ਅਤੇ ਸ੍ਰ: ਹਰਜੀਤ ਸਿੰਘ ਜਲੰਧਰ, ਸੰਪਾਦਕ, ਸਿੱਖ ਫੁਲਵਾੜੀ, ਨੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰ: ਗੁਰਬੀਰ ਸਿੰਘ, ਚੰਡੀਗੜ੍ਹ ਸਰਕਲ ਨੇ ਸ਼ਬਦ-ਕੀਰਤਨ ਦੁਆਰਾ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅੰਤ ਵਿਚ ਪ੍ਰਿੰਸੀਪਲ ਹਰਿਭਜਨ ਸਿੰਘ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਆਪ ਨੇ ਸਿੱਖੀ ਦੇ ਉੱਤਮ ਸਿਧਾਂਤਾਂ, ਆਮ ਜਨਤਾ ਵਿਚ ਸਿੱਖੀ ਪ੍ਰਚਾਰ ਦੀ ਘਾਟ ਅਤੇ ਕੌਮ ਦੇ ਸਾਹਮਣੇ ਚੁਣੌਤੀਆਂ ਨੂੰ ਮੁੱਖ ਰੱਖ ਕੇ ਪ੍ਰਚਾਰਕਾਂ ਦੀ ਲੋੜ, ਨਵੇਂ ਢੰਗ ਤਰੀਕੇ ਅਤੇ ਹਰ ਗੁਰਸਿੱਖ ਦੇ ਪ੍ਰਚਾਰਕ ਵਜੋਂ ਫ਼ਰਜ਼ਾਂ ਵੱਲ ਧਿਆਨ ਦਿਵਾਇਆ। ਸਿੱਖ ਮਿਸ਼ਨਰੀ ਕਾਲਜ ਵਲੋਂ ਕੀਤੇ ਜਾ ਰਹੇ ਪ੍ਰਚਾਰ ਕਾਰਜਾਂ ਬਾਰੇ ਉਨ੍ਹਾਂ ਸੰਗਤ ਨਾਲ ਸਾਂਝ ਕੀਤੀ ਅਤੇ ਸੰਗਤ ਨੂੰ ਕਾਲਜ ਨਾਲ ਜੁੜ ਕੇ ਪ੍ਰਚਾਰ ਕਰਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਨਵੇਂ ਕੈਂਪਸ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਕਾਲਜ ਵਲੋਂ ਇਸ ਕੈਂਪਸ ਵਿਖੇ ਅਰੰਭੇ ਜਾਣ ਵਾਲੇ ਵਿਚਾਰ-ਅਧੀਨ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਾਲਜ ਵਲੋਂ ਮੁਹਾਲੀ ਵਿਖੇ ਬਣਾਏ ਜਾਣ ਵਾਲੇ "ਗਿਆਨੀ ਦਿੱਤ ਸਿੰਘ ਸਿੱਖ ਮਿਸ਼ਨਰੀ ਕਾਲਜ ਟ੍ਰੇਨਿਗ ਸੈਂਟਰ" ਨੂੰ ਇਸ ਕੈਂਪਸ ਵਿੱਚ ਅਰੰਭ ਕੀਤਾ ਜਾ ਰਿਹਾ ਹੈ। ਇਸ ਕੈਂਪਸ ਵਿਚ ਹਰ ਮਹੀਨੇ ਇਕ ਗੁਰਮਤਿ ਸਮਾਗਮ ਵੀ ਅਰੰਭ ਕੀਤਾ ਜਾ ਰਿਹਾ ਹੈ। ਇਨ੍ਹਾਂ ਸਮਾਗਮਾਂ ਵਿਚ ਨੇੜੇ ਦੇ ਜ਼ੋਨਾਂ ਦੇ ਵੀਰ ਸੇਵਾ ਨਿਭਾਉਣਗੇ। ਲੋਕਲ ਪੱਧਰ ਦੀਆਂ ਗਤੀਵਿਧੀਆਂ ਵੀ ਇਥੋਂ ਅਰੰਭ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਬਾਕੀ ਦੀਆਂ ਗਤੀਵਿਧਿਆਂ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਨ ਦੇ ਨਾਲ ਹੀ ਅਰੰਭ ਦਿੱਤੀਆਂ ਜਾਣਗੀਆਂ।

ਸਮਾਗਮ ਦੇ ਅੰਤ ਵਿਚ ਵੱਖੋ-ਵੱਖਰੇ ਜ਼ੋਨਾਂ ਤੇ ਸਰਕਲਾਂ ਵਲੋਂ ਇਸ ਕੈਂਪਸ ਲਈ ਵਿਸ਼ੇਸ਼ ਤੌਰ ਤੇ ਮਾਇਆ ਇਕੱਠੀ ਕਰਨ ਦਾ ਭਰੋਸਾ ਦਿਵਾਇਆ ਗਿਆ ਤਾਂ ਜੋ ਇਸ ਕੈਂਪਸ ਵਿੱਚ ਛੇਤੀ ਹੀ ਧਰਮ-ਪ੍ਰਚਾਰ ਦੀਆਂ ਵੱਖ-ਲੱਖ ਗਤੀਵਿਧੀਆਂ ਅਰੰਭ ਕੀਤੀਆਂ ਜਾ ਸਕਣ।

ਸਮਾਗਮ ਵਿਚ ਸ਼ਾਮਲ ਹੋਣ ਲਈ ਸਿੱਖ ਮਿਸ਼ਨਰੀ ਕਾਲਜ ਦੇ ਦੇਸ਼ ਭਰ ਤੋਂ ਵੀਰਾਂ ਨੇ ਉਤਸ਼ਾਹ ਦਿਖਾਇਆ। ਸ੍ਰੀਨਗਰ, ਜੰਮੂ, ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਨਵਾਂ ਸ਼ਹਿਰ, ਹੁਸ਼ਿਆਰਪੁਰ, ਅਨੰਦਪੁਰ ਸਾਹਿਬ, ਰੋਪੜ, ਚੰਡੀਗੜ੍ਹ, ਪਟਿਆਲਾ, ਲੁਧਿਆਣਾ, ਬਠਿੰਡਾ, ਫਿਰੋਜ਼ਪੁਰ, ਦਿੱਲੀ, ਬਰੇਲੀ, ਹਰਿਆਣਾ ਆਦਿ ਸਥਾਨਾਂ ਤੋਂ ਮਿਸ਼ਨਰੀ ਵੀਰਾਂ ਨੇ ਇਸ ਸਮਾਗਮ ਵਿਚ ਭਾਗ ਲਿਆ। ਸਮਾਗਮ ਦੇ ਅੰਤ ਵਿੱਚ ਬੀਬੀ ਹਰਬੰਸ ਕੌਰ, ਸੁਪਤਨੀ ਸ: ਗੁਰਚਰਨ ਸਿੰਘ, ਮੁੰਬਈ ਨੇ ਵਿਸ਼ੇਸ਼ ਤੌਰ ਤੇ ਭਾਗ ਲਿਆ ਅਤੇ ਉਨ੍ਹਾਂ ਨੂੰ ਕਾਲਜ ਪ੍ਰਤੀ ਸੇਵਾਵਾਂ ਲਈ ਪ੍ਰਿੰਸੀਪਲ ਸ: ਹਰਿਭਜਨ ਸਿੰਘ ਵਲੋਂ ਸਨਮਾਨਿਤ ਕੀਤਾ ਗਿਆ।

ਸਮਾਗਮ ਦਾ ਪ੍ਰਬੰਧ ਚੰਡੀਗੜ੍ਹ ਜ਼ੋਨ ਅਤੇ ਅਨੰਦਪੁਰ ਸਾਹਿਬ ਜ਼ੋਨ ਵਲੋਂ ਕੀਤਾ ਗਿਆ।

ਸਿੱਖ ਮਿਸ਼ਨਰੀ ਕਾਲਜ ਵਲੋਂ ਧਰਮ ਪ੍ਰਚਾਰ ਦੀ ਲਹਿਰ ਤੇਜ਼

ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਵਲੋਂ ਜਲੰਧਰ ਵਿਖੇ ਚਲਾਏ ਜਾ ਰਹੇ ਰੈਗੂਲਰ ਬੀਬੀਆਂ ਦੇ ਕਾਲਜ ਵੱਲੋਂ ਵੱਖ-ਵੱਖ ਥਾਵਾਂ ਤੇ ਹੇਠ ਲਿਖੇ ਪ੍ਰੋਗਰਾਮ ਕੀਤੇ ਗਏ :

ਪਿੰਡ ਕਾਲਰਾ ਅਤੇ ਪਧਿਆਣਾ ਨੇੜੇ ਆਦਮਪੁਰ (ਜਲੰਧਰ) ਵਿਖੇ ਗੁਰਮਤਿ ਸਮਾਗਮ — ਕਾਲਰਾ ਸਰਕਲ ਦੇ ਇੰਚਾਰਜ ਸ. ਗੁਰਚਰਨ ਸਿੰਘ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਤੇ ਗੁਰਮਤਿ ਸਮਾਗਮ ਕੀਤਾ ਗਿਆ ਜਿਸ ਵਿੱਚ ਬੀਬੀ ਸੁਖਵਿੰਦਰ ਕੌਰ ਦੇ ਜਥੇ ਨੇ ਕਵੀਸ਼ਰੀ ਅਤੇ ਲੈਕਚਰ ਰਾਹੀਂ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਨਾਲ ਜੋੜਿਆ।

ਸਰਕਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਗੁਰਮਤਿ ਸਮਾਗਮ

ਕਾਲਜ ਦੇ ਸਰਕਲ ਜਗਰਾਉਂ ਦੇ ਇੰਚਾਰਜ ਸ. ਸੁਖਜੀਤ ਸਿੰਘ ਅਤੇ ਪੰਚਾਇਤ ਮੈਂਬਰ ਸ. ਦਵਿੰਦਰ ਸਿੰਘ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਮਿਸ਼ਨਰੀ ਕਾਲਜ ਜਲੰਧਰ ਦੀਆਂ ਵਿਦਿਆਰਥਣਾਂ ਬੀਬੀ ਪ੍ਰਵੀਨ ਕੌਰ ਅਤੇ ਬੀਬੀ ਮਨਜੀਤ ਕੌਰ ਦੇ ਜਥੇ ਵਲੋਂ ਵੱਖ-ਵੱਖ ਪਿੰਡਾਂ ਵਿਚ ਸਮਾਗਮ ਕੀਤੇ ਗਏ ਜਿਨ੍ਹਾਂ ਵਿਚ ਪਤਿਤਪੁਣੇ ਦੀ ਲਹਿਰ ਨੂੰ ਠੱਲ੍ਹ ਪਾਉਣ ਲਈ ਕਵੀਸ਼ਰੀ, ਕੀਰਤਨ, ਵਾਰਤਾਲਾਪ ਅਤੇ ਲੈਕਚਰ ਕੀਤੇ ਗਏ ਅਤੇ ਸੰਗਤਾਂ ਨੂੰ ਗੁਰਮਤਿ ਸਿਧਾਂਤ ਦ੍ਰਿੜ੍ਹ ਕਰਵਾਏ ਗਏ।

ਰਈਆ ਅਤੇ ਬਾਬਾ ਬਕਾਲਾ ਵਿਖੇ ਗੁਰਮਤਿ ਸਮਾਗਮ :

ਸਿੱਖ ਮਿਸ਼ਨਰੀ ਕਾਲਜ ਦੇ ਸਰਕਲ ਰਈਆ ਅਤੇ ਬਾਬਾ ਬਕਾਲਾ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪਹਿਲੇ ਪ੍ਰਕਾਸ਼ ਦਿਵਸ ਦੇ ਸਬੰਧ ਵਿਚ ਗੁਰਮਤਿ ਸਮਾਗਮ ਕੀਤੇ ਗਏ ਜਿਸ ਵਿਚ ਸ. ਰਣਜੀਤ ਸਿੰਘ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਰੈਗੂਲਰ ਕਾਲਜ ਜਲੰਧਰ ਦੀਆਂ ਵਿਦਿਆਰਥਣਾਂ ਬੀਬੀ ਜਸਵੀਰ ਕੌਰ, ਬੀਬੀ ਸੁਖਵਿੰਦਰ ਕੌਰ, ਬੀਬੀ ਅਮਰਜੀਤ ਕੌਰ ਅਤੇ ਬੀਬੀ ਜਤਿੰਦਰ ਕੌਰ ਆਦਿ ਨੂੰ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਤੇ ਕਥਾ, ਲੈਕਚਰ, ਕਵੀਸ਼ਰੀ ਅਤੇ ਵਾਰਤਾਲਾਪ ਰਾਹੀਂ ਸੰਗਤਾਂ ਨੂੰ ਜਾਗਰੂਕ ਕੀਤਾ ਅਤੇ ਸ. ਹਰਜੀਤ ਸਿੰਘ, ਸੰਪਾਦਕ ਸਿੱਖ ਫੁਲਵਾੜੀ, ਵਲੋਂ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸ਼ਬਦ ਗੁਰੂ ਦੇ ਲੜ ਲੱਗਣ ਲਈ ਬੇਨਤੀ ਕੀਤੀ ਗਈ।

ਪਿੰਡ ਗੇਹਲੜਾਂ ਅਤੇ ਰਾਜਪੁਰ ਨੇੜੇ ਭੋਗਪੁਰ ਵਿਖੇ ਪ੍ਰੋਗਰਾਮ

ਸਰਕਲ ਗੇਹਲੜਾਂ ਅਤੇ ਸ. ਅਵਤਾਰ ਸਿੰਘ ਜੀ ਦੇ ਉਦਮ ਸਦਕਾ ਸਿੱਖ ਮਿਸ਼ਨਰੀ ਕਾਲਜ ਜਲੰਧਰ ਦੀਆਂ ਵਿਦਿਆਰਥਣਾਂ ਬੀਬੀ ਸਰਬਜੀਤ ਕੌਰ ਦੇ ਜਥੇ ਵਲੋਂ ਕਵੀਸ਼ਰੀ ਅਤੇ ਲੈਕਚਰ ਦੇ ਪ੍ਰੋਗਰਾਮ ਦਿੱਤੇ ਗਏ।

ਡੋਈ ਵਾਲਾ (ਉਤਰਾਂਚਲ) ਦੇਹਰਾਦੂਨ

ਸਿੱਖ ਮਿਸ਼ਨਰੀ ਕਾਲਜ ਦੇ ਸਰਕਲ ਖੇੜੀ ਜ਼ਿਲ੍ਹਾ ਦੇਹਰਾਦੂਨ (ਉਤਰਾਂਚਲ) ਦੇ ਸਰਕਲ ਇੰਚਾਰਜ ਸ. ਅਵਤਾਰ ਸਿੰਘ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕੀਤੇ ਗਏ ਜਿਸ ਵਿਚ ਰੈਗੂਲਰ ਕਾਲਜ ਜਲੰਧਰ ਦੀਆਂ ਵਿਦਿਆਰਥਣਾਂ ਬੀਬੀ ਸਰਬਜੀਤ ਕੌਰ, ਬੀਬੀ ਲਖਵੀਰ ਕੌਰ, ਬੀਬੀ ਮਨਪ੍ਰੀਤ ਕੌਰ ਅਤੇ ਬੀਬੀ ਹਰਜੀਤ ਕੌਰ ਅਤੇ ਸ. ਗੁਰਬਖਸ਼ ਸਿੰਘ ਜੀ (ਧਾਰਮਿਕ ਅਧਿਆਪਕ) ਵਲੋਂ ਕਥਾ, ਲੈਕਚਰ, ਕੀਰਤਨ ਅਤੇ ਕਵੀਸ਼ਰੀ ਦੀ ਸੇਵਾ ਨਿਭਾਈ ਗਈ। ਡੋਈਵਾਲਾ ਅਤੇ ਦੇਹਰਾਦੂਨ ਦੇ ਇਲਾਕੇ ਵਿਚ ਸੰਗਤਾਂ ਨੂੰ ਘਰ-ਘਰ ਜਾ ਕੇ 'ਸਿੱਖ ਫੁਲਵਾੜੀ' ਮੈਗਜ਼ੀਨ ਅਤੇ ਦੋ-ਸਾਲਾ ਪੱਤਰ ਵਿਹਾਰ ਕੋਰਸ ਬਾਰੇ ਜਾਣਕਾਰੀ ਦਿੱਤੀ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਜਲੰਧਰ ਵਿਚ ਪ੍ਰਦਰਸ਼ਨੀ ਅਤੇ ਧਾਰਮਿਕ ਪੁਸਤਕਾਂ ਦਾ ਸਟਾਲ

ਮਿਤੀ 7.12.03 ਨੂੰ ਗੁਰਮਤਿ ਚੇਤਨਾ ਸਮਾਗਮ ਦੌਰਾਨ ਜਲੰਧਰ ਸਰਕਲ ਦੇ ਵੀਰਾਂ ਵਲੋਂ ਧਾਰਮਿਕ ਪੁਸਤਕਾਂ ਦਾ ਸਟਾਲ ਅਤੇ ਸਿੱਖ ਸਿਧਾਂਤਾਂ ਨੂੰ ਦਰਸਾਉਂਦੀ ਪ੍ਰਦਰਸ਼ਨੀ ਲਗਾਈ ਗਈ ਜਿਸ ਵਿਚ ਰੈਗੂਲਰ ਕਾਲਜ ਦੀਆਂ ਵਿਦਿਆਰਥਣਾਂ ਨੇ ਵਿਸ਼ੇਸ਼ ਸੇਵਾ ਨਿਭਾਈ। ਜਲੰਧਰ ਸਰਕਲ ਦੇ ਵੀਰ ਜਸਵੀਰ ਸਿੰਘ, ਸ. ਰਾਜਾ ਸਿੰਘ, ਸ. ਹਰਜੀਤ ਸਿੰਘ, ਸ. ਕ੍ਰਿਪਾਲ ਸਿੰਘ (ਕਾਲਜ ਇੰਚਾਰਜ), ਸ. ਬਲਜੀਤ ਸਿੰਘ (ਲੰਗਰ ਇੰਚਾਰਜ), ਡਾ. ਬਲਵੀਰ ਸਿੰਘ ਅਤੇ ਸ. ਬਲਜੀਤ (ਬਿਲਡਿੰਗ ਇੰਚਾਰਜ) ਅਤੇ ਹੋਰ ਵੀਰਾਂ ਦੇ ਉਦਮ ਸਦਕਾ ਇੱਕ ਦਿਨ ਵਿੱਚ ਹੀ 150 ਮੈਗਜ਼ੀਨ ਬੁੱਕ ਕੀਤੇ ਗਏ।

ਪਾਕਿ ਦੇ ਗੁਰਧਾਮਾਂ ਦੀ ਸੰਭਾਲ ਲਈ ਕੌਮਾਂਤਰੀ ਕਮੇਟੀ ਬਣਾਉਣ ਦੀ ਮੰਗ

ਜਲੰਧਰ, 15 ਨਵੰਬਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪਾਕਿਸਤਾਨ ਵਿਚਲੇ ਸਿੱਖ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਇਕ ਕੌਮਾਂਤਰੀ ਕਮੇਟੀ ਦਾ ਗਠਨ ਕਰੇ, ਜਿਸ ਵਿਚ ਨਾ ਕੇਵਲ ਸ਼੍ਰੋਮਣੀ ਕਮੇਟੀ ਨੂੰ ਨੁਮਾਇੰਦਗੀ ਦਿੱਤੀ ਜਾਵੇ ਸਗੋਂ ਵੱਖ-ਵੱਖ ਦੇਸ਼ਾਂ ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕੌਮਾਂਤਰੀ ਕਮੇਟੀ ਵਲੋਂ ਹਿਸਾਬ-ਕਿਤਾਬ ਰੱਖਣ ਅਤੇ ਖਰਚ ਕਰਨ ਦੇ ਅਧਿਕਾਰ ਪਾਕਿਸਤਾਨ ਦੇ ਸਿੱਖਾਂ ਨੂੰ ਹੀ ਦਿੱਤੇ ਜਾ ਸਕਦੇ ਹਨ।

ਇਕ ਹੋਰ ਤਜਵੀਜ਼ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਜਾਂ ਫੇਰ ਪਾਕਿਸਤਾਨ ਸਰਕਾਰ ਨੂੰ ਇਕ 11- ਮੈਂਬਰੀ ਪੂਰਨ ਗੁਰਸਿੱਖਾਂ ਦੀ ਕਮੇਟੀ ਦਾ ਗਠਨ ਕਰਨਾ ਚਾਹੀਦਾ ਹੈ, ਜਿਸ ਨੂੰ ਮਰਜ਼ੀ ਨਾਲ ਖਰਚ ਕਰਨ ਦੇ ਅਧਿਕਾਰ ਦਿੱਤੇ ਜਾਣ।

ਸਿੱਖਾਂ ਦੀ ਸਰਬਉੱਚ ਸੰਸਥਾ ਕਾਇਮ ਕਰਨੀ ਸਮੇਂ ਦੀ ਅਹਿਮ ਲੋੜ

ਚੰਡੀਗੜ੍ਹ, 15 ਨਵੰਬਰ : ਸਿੱਖਾਂ ਨੂੰ ਧਾਰਮਿਕ, ਸਮਾਜਿਕ ਅਤੇ ਆਤਮਿਕ ਮਾਮਲਿਆਂ ਵਿਚ ਸੇਧ ਦੇਣ ਅਤੇ ਧਾਰਮਿਕ ਸੰਸਥਾਵਾਂ ਵਿਚ ਆ ਰਹੇ ਨਿਘਾਰ ਨੂੰ ਠੱਲ੍ਹ ਪਾਉਣ ਵਾਸਤੇ ਸਿੱਖਾਂ ਦੀ ਸਰਬਉੱਚ ਸੰਸਥਾ ਕਾਇਮ ਕਰਨੀ ਸਮੇਂ ਦੀ ਅਹਿਮ ਲੋੜ ਹੈ।

ਇਹ ਵਿਚਾਰ ਇਥੇ ਗੁਰਦੁਆਰਾ ਸਿੰਘ ਸਭਾ ਕੰਥਾਲਾ ਵਿਖੇ 'ਗੁਰੂ ਗ੍ਰੰਥ-ਗੁਰੂ ਪੰਥ' ਵਿਸ਼ੇ ਉਤੇ ਕਰਵਾਏ ਦੋ-ਰੋਜ਼ਾ ਸੈਮੀਨਾਰ ਵਿਚ ਪੇਸ਼ ਕਰਦਿਆਂ ਸਿੱਖ ਵਿਦਵਾਨਾਂ ਅਤੇ ਬੁੱਧੀਜੀਵੀਆਂ ਨੇ ਕਿਹਾ ਕਿ ਇਸ ਮਾਮਲੇ ਨੂੰ ਹੋਰ ਨਹੀਂ ਲਟਕਾਉਣਾ ਚਾਹੀਦਾ। ਸਿੱਖ ਵਿਦਵਾਨ ਡਾ. ਖੜਕ ਸਿੰਘ ਦਾ ਕਹਿਣਾ ਸੀ ਕਿ ਸਰਬਉੱਚ ਸੰਸਥਾ ਬਣਾਉਣ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਪਹਿਲ ਕਦਮੀ ਕਰਨੀ ਚਾਹੀਦੀ ਹੈ। ਇਸ ਵਿਚ ਵਿਸ਼ਵ ਭਰ ਵਿਚੋਂ ਸਿੱਖਾਂ ਅਤੇ ਸਿੱਖ ਸੰਸਥਾਵਾਂ ਦੇ ਨੁਮਾਇੰਦੇ

ਸ਼ਾਮਲ ਹੋਣਗੇ ਪਰ ਬਹੁਗਿਣਤੀ ਸ਼੍ਰੋਮਣੀ ਕਮੇਟੀ ਦੀ ਹੋਵੇਗੀ। *(ਪੰਜਾਬੀ ਟ੍ਰਿਬਿਊਨ)*

ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 23 ਮਈ ਨੂੰ

ਚੰਡੀਗੜ੍ਹ, 19 ਨਵੰਬਰ : ਸਿੱਖਾਂ ਦੀ ਮਿੰਨੀ ਸੰਸਦ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ 23 ਮਈ ਨੂੰ ਕਰਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਮੁੱਖ ਗੁਰਦੁਆਰਾ ਚੋਣ ਕਮਿਸ਼ਨ ਨੂੰ ਬਕਾਇਦਾ ਹਰੀ ਝੰਡੀ ਦੇ ਦਿੱਤੀ ਹੈ। *(ਪੰਜਾਬੀ ਟ੍ਰਿਬਿਊਨ)*

ਸ਼੍ਰੋਮਣੀ ਕਮੇਟੀ ਮੈਂਬਰਾਂ 'ਚ ਪਤਿਤਪੁਣਾ ਦੂਰ ਕਰਨ ਦੀ ਲੋੜ - ਸੁਖਦੇਵ ਸਿੰਘ ਭੌਰ

ਅੰਮ੍ਰਿਤਸਰ, 24 ਨਵੰਬਰ : ਸ਼੍ਰੋਮਣੀ ਕਮੇਟੀ ਦੇ ਨਵ-ਨਿਯੁਕਤ ਜਨਰਲ ਸਕੱਤਰ ਸ: ਸੁਖਦੇਵ ਸਿੰਘ ਭੌਰ ਨੇ ਵਧ ਰਹੇ ਪਤਿਤਪੁਣੇ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਵਿਚੋਂ ਪਤਿਤਪੁਣੇ ਨੂੰ ਖਤਮ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸਮੂਹ ਮੈਂਬਰਾਂ ਨੂੰ ਪਰਿਵਾਰ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦ ਕੇ ਸ਼ਨਾਖਤ ਕਰਨੀ ਚਾਹੀਦੀ ਹੈ ਅਤੇ ਜਿਨ੍ਹਾਂ ਵਿਚ ਕੁਝ ਖਾਮੀਆਂ ਹਨ, ਉਨ੍ਹਾਂ ਨੂੰ ਪ੍ਰੇਰ ਕੇ ਇਹ ਖਾਮੀਆਂ ਦੂਰ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਮਈ 2004 ਵਿਚ ਆ ਰਹੀਆ ਚੋਣਾਂ ਵਿਚ ਅਜਿਹੇ ਮੈਂਬਰਾਂ ਨੂੰ ਚੋਣ ਨਹੀਂ ਲੜਾਉਣੀ ਚਾਹੀਦੀ, ਜੋ ਨਹੀਂ ਰਹਿਤ-ਮਰਯਾਦਾ 'ਚ ਪੂਰੇ ਨਹੀਂ। *(ਅਜੀਤ)*

ਸਾਈਕਲ ਉੱਤੇ ਦਫ਼ਤਰ ਜਾਣ ਵਾਲਾ ਚੀਫ਼ ਇੰਜੀਨੀਅਰ

ਚੰਡੀਗੜ੍ਹ, 25 ਨਵੰਬਰ : ਸ: ਪਦਮਜੀਤ ਸਿੰਘ, ਚੀਫ਼ ਇੰਜੀਨੀਅਰ ਪੰਜਾਬ ਰਾਜ ਬਿਜਲੀ ਬੋਰਡ, ਜੋ 35 ਸਾਲ ਦੀ ਸੇਵਾ ਬਾਅਦ 30 ਨਵੰਬਰ ਨੂੰ ਰਿਟਾਇਰ ਹੋ ਗਏ ਹਨ, ਆਪਣੀ ਸਾਦਗੀ, ਇਮਾਨਦਾਰੀ ਅਤੇ ਯੋਗਤਾਂ ਦੇ ਕਾਰਨ ਦੰਤ-ਕਥਾਵਾਂ ਦੇ ਪਾਤਰਾਂ ਵਰਗਾ ਰੁਤਬਾ ਹਾਸਲ ਕਰ ਚੁੱਕੇ ਹਨ। ਉਹ ਆਪਣੇ ਦਫ਼ਤਰ ਆਉਣ-ਜਾਣ ਲਈ ਕਾਰ ਦੇ ਹੱਕਦਾਰ ਹੋਣ ਦੇ ਬਾਵਜੂਦ ਸਾਈਕਲ ਤੇ ਜਾਂਦੇ ਰਹੇ ਹਨ। ਉਨ੍ਹਾਂ ਦਾ ਜੀਵਨ ਪੂਰੀ ਤਰ੍ਹਾਂ ਬੇਦਾਗ਼ ਹੈ। ਇਸ ਸਾਲ ਉਨ੍ਹਾਂ ਨੂੰ ਉਨ੍ਹਾਂ ਦੇ ਬੇਦਾਗ਼ ਰਿਕਾਰਡ ਲਈ 'ਬਾਬਾ ਫ਼ਰੀਦ ਸਨਮਾਨ' ਦੇ ਕੇ ਵੀ ਸਨਮਾਨਤ ਕੀਤਾ ਗਿਆ ਹੈ। *(ਪੰਜਾਬੀ ਟ੍ਰਿਬਿਊਨ)*

ਸਿੱਖ ਜਰਨੈਲਾਂ ਨੂੰ ਸਾਜ਼ਿਸ਼ ਤਹਿਤ ਭਾਰਤੀ ਫੌਜ ਦਾ ਮੁਖੀ ਬਣਾਉਣ ਤੋਂ ਰੋਕਿਆ ਜਾ ਰਿਹੈ — ਤਰਲੋਚਨ ਸਿੰਘ

ਨਵੀ ਦਿੱਲੀ, 28 ਨਵੰਬਰ : ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ: ਤਰਲੋਚਨ ਸਿੰਘ ਨੇ ਰੱਖਿਆ ਮੰਤਰੀ ਜਾਰਜ ਫਰਨਾਂਡਿਜ਼ ਨੂੰ ਲਿਖੇ ਪੱਤਰ ਵਿਚ ਦੋਸ਼ ਲਾਇਆ ਹੈ ਕਿ ਸਿੱਖ ਜਰਨੈਲਾਂ ਨੂੰ ਭਾਰਤੀ ਸੈਨਾ ਦਾ ਮੁਖੀ ਬਣਾਉਣ ਤੋਂ ਕਿਸੇ ਸਾਜ਼ਿਸ਼ ਤਹਿਤ ਰੋਕਿਆ ਜਾ ਰਿਹਾ ਹੈ। ਆਪਣੇ ਇਸ ਗੁਪਤ ਪੱਤਰ ਦੇ 'ਲੀਕ' ਹੋਣ ਪਿੱਛੋਂ ਇਸ ਦਾ ਜ਼ਿਕਰ ਦਿੱਲੀ ਦੇ ਅਖ਼ਬਾਰ ਵਿਚ ਹੋਣ ਤੇ ਨਾਖੁਸ਼ੀ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਗੱਲ ਦਾ ਇਸ਼ਾਰਾ ਹੈ ਕਿ ਸਿੱਖ ਅਧਿਕਾਰੀਆਂ ਨੂੰ ਫ਼ੌਜ ਦਾ ਮੁਖੀ ਬਣਨੋਂ ਰੋਕਣ ਦੇ ਯਤਨ ਜਾਰੀ ਹਨ। ਉਨ੍ਹਾਂ ਆਖਿਆ ਕਿ ਅਜਿਹੇ ਪੱਖਪਾਤੀ ਰਵੱਈਏ ਨੂੰ ਰੋਕਣਾ ਚਾਹੀਦਾ ਹੈ। *(ਅਜੀਤ)*

ਗੁਰਬਾਣੀ ਕੀਰਤਨ ਸਦਕਾ ਸਨਾਤਮ ਕੌਰ ਕੌਮਾਂਤਰੀ ਪੁਰਸਕਾਰ ਦੇ ਨੇੜੇ

ਜਲੰਧਰ, 28 ਨਵੰਬਰ : ਸਿੱਖ ਗੁਰੂ ਸਾਹਿਬਾਨਾਂ ਵਲੋਂ ਸਿਰਜੇ ਜਾਤ-ਪਾਤ ਤੇ ਉਚ-ਨੀਚ ਰਹਿਤ ਅਤੇ ਔਰਤਾਂ ਨੂੰ ਉੱਚਾ ਰੁਤਬਾ ਦਿੰਦੇ ਸਮਾਜ ਵਿਚ ਜਿਸ ਵੇਲੇ ਔਰਤਾਂ ਨੂੰ ਗੁਰਧਾਮਾਂ ਦੀ ਸੇਵਾ ਸੰਭਾਲ 'ਚ ਹਿੱਸਾ ਦੇਣ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਕੀਰਤਨ ਦੀ ਸੇਵਾ ਨਿਭਾਉਣ ਜਿਹੇ ਮੁੱਦੇ ਇਕ ਵਾਰ ਫੇਰ ਚਰਚਾ ਦਾ ਵਿਸ਼ਾ ਬਣੇ ਹੋਏ ਹਨ, ਠੀਕ ਉਸੇ ਵੇਲੇ ਇਕ ਅਮਰੀਕਨ ਸਿੱਖ ਬੀਬੀ ਸਨਾਤਮ ਕੌਰ ਖ਼ਾਲਸਾ ਵਲੋਂ ਗਾਈ ਗੁਰਬਾਣੀ ਕੀਰਤਨ ਦੀ ਇਕ ਨਵੀਂ ਐਲਬਮ 'ਸ਼ਾਂਤੀ' ਵਿਸ਼ਵ ਦੇ ਸਰਬਉੱਚ ਸੰਗੀਤ ਐਵਾਰਡਜ਼ 'ਗਰੈਮੀਜ਼ ਐਵਾਰਡਜ਼' ਦੇ ਸੈਮੀਫਾਈਨਲ ਵਿਚ ਜਾ ਪੁੱਜੀ ਹੈ। ਇਹ ਉਨ੍ਹਾਂ ਦੀ ਦੂਜੀ ਐਲਬਮ ਹੈ। ਸਿਰ ਤੇ ਦਸਤਾਰ ਸਜਾਉਂਦੀ ਸਨਾਤਮ ਕੌਰ ਖ਼ਾਲਸਾ 'ਗਰੈਮੀਜ਼ ਅਵਾਰਡਜ਼' ਦੀ ਸਰਦਲ ਤਕ ਪਹੁੰਚਣ ਵਾਲੀ ਪਹਿਲੀ ਪਗੜੀਧਾਰੀ (ਔਰਤ ਜਾਂ ਮਰਦ)। ਗੁਰਬਾਣੀ ਕੀਰਤਨ ਕਰਨ ਦੀ ਤਾਂਘ ਉਸ ਨੂੰ ਭਾਰਤ ਖਿੱਚ ਲਿਆਈ, ਜਿਥੇ ਅੰਮ੍ਰਿਤਸਰ ਰਹਿੰਦਿਆਂ ਉਸ ਨੇ ਭਾਈ ਹਰੀ ਸਿੰਘ ਰਾਗੀ ਤੋਂ ਬਕਾਇਦਾ ਗੁਰਬਾਣੀ ਕੀਰਤਨ ਦੇ ਗਾਇਨ ਦੀ ਸਿੱਖਿਆ ਲਈ। ਬੀਬੀ ਸਨਾਤਮ ਕੌਰ ਫੂਡ ਟੈਕਨੋਲੋਜਿਸਟ ਦੇ ਤੌਰ ਤੇ ਕੰਮ ਕਰਦੀ ਹੈ ਅਤੇ ਵਰਲਡ ਟਰੇਡ ਸੈਂਟਰ ਤੇ ਹੋਏ ਹਮਲੇ ਤੋਂ ਬਾਅਦ ਲਗਾਤਾਰ ਅੰਤਰ-ਧਰਮ ਪ੍ਰਾਰਥਨਾ ਸਭਾਵਾਂ ਵਿਚ ਭਾਗ ਲੈਂਦੀ ਆ ਰਹੀ ਹੈ। ਇਸ ਤੋਂ ਇਲਾਵਾ ਸਿੱਖ ਬੱਚਿਆਂ ਨੂੰ ਗੁਰਬਾਣੀ ਕੀਰਤਨ ਸਿਖਾਉਣ ਵਿਚ ਵੀ ਆਪਣਾ ਸਮਾਂ ਬਿਤਾਉਂਦੀ ਹੈ। ♦♦♦

(ਨਿਆਰਾਪਨ)

ਕਿੱਥੇ ਗਏ ਜੂੜੇ 'ਤੇ ਰੁਮਾਲਾਂ ਵਾਲੇ?

ਸ: ਬਖਸ਼ੀਸ਼ ਸਿੰਘ

ਸੰਨ 1699 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਕਰਾਂਤੀਕਾਰੀ ਕਦਮ ਚੁੱਕਦਿਆਂ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਅਤੇ ਸਿੱਖ ਦੀ ਵੱਖਰੀ ਪਛਾਣ ਲਈ ਉਸ ਨੂੰ ਪੰਜ ਕਕਾਰਾਂ ਦਾ ਧਾਰਨੀ ਹੋਣ ਦਾ ਫ਼ਰਮਾਨ ਕੀਤਾ। ਸਿੱਖ ਭਾਵੇਂ ਕਰੋੜਾਂ ਵਿਚ ਖਲੋਤਾ ਹੋਵੇ, ਉਹ ਆਪਣੀ ਵੱਖਰੀ ਪਛਾਣ ਕਰਕੇ ਝੱਟ ਪਛਾਣਿਆ ਜਾਂਦਾ ਹੈ। ਜਿਸ ਤਰ੍ਹਾਂ ਫੌਜੀ ਨੇ ਵਰਦੀ ਪਾਈ ਹੋਵੇ ਤਾਂ ਫਿਰ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਪੈਂਦੀ।

ਪਰ ਅੱਜ ਦਾ ਸਿੱਖ ਨੌਜਵਾਨ ਫ਼ੈਸ਼ਨ ਦੇ ਹੜ੍ਹ ਵਿਚ ਇਥੋਂ ਤਕ ਵਹਿ ਚੁੱਕਾ ਹੈ ਕਿ ਉਹ ਆਪਣੀ ਸਿੱਖ ਪਛਾਣ ਨੂੰ ਹੀ ਭੁੱਲ ਗਿਆ ਹੈ। ਇਹਦਾ ਅਸਰ ਉਹਨਾਂ ਖਿਡਾਰੀਆਂ 'ਤੇ ਵੀ ਪਿਆ ਜਿਹੜੇ ਵੱਖ-ਵੱਖ ਖੇਡਾਂ ਵਿਚ ਹਿੱਸਾ ਲੈਂਦੇ ਹਨ। ਪਹਿਲਾਂ ਜਦੋਂ ਸਾਡੇ ਦੇਸ਼ ਦੀਆਂ ਟੀਮਾਂ ਬਾਹਰਲੇ ਦੇਸ਼ਾਂ ਵਿਚ ਖੇਡਣ ਜਾਂਦੀਆਂ ਤਾਂ ਉਹਨਾਂ ਵਿਚ ਸ਼ਾਮਲ ਸਿੱਖ ਨੌਜਵਾਨ ਖਿਡਾਰੀ ਸਿੱਖੀ ਸਰੂਪ ਵਿਚ ਜੂੜਿਆਂ 'ਤੇ ਰੁਮਾਲ ਬੰਨ੍ਹ ਕੇ ਆਪਣੀ ਵੱਖਰੀ ਪਛਾਣ ਰੱਖਦੇ ਜਿਸ ਕਾਰਨ ਉਹ ਮੀਡੀਏ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣਦੇ। ਜਦੋਂ ਕੋਈ ਖਿਡਾਰੀ ਸਿੱਖੀ ਸਰੂਪ ਵਿਚ ਮੈਡਲ ਜਿੱਤਦਾ ਤਾਂ ਦੂਜੇ ਦੇਸ਼ਾਂ ਦੇ ਲੋਕ ਇਹ ਪੁੱਛਦੇ ਕਿ ਇਹ ਕੌਣ ਹਨ ਤਾਂ ਉਹਨਾਂ ਨੂੰ ਦੱਸਣ ਵਾਲਾ ਇਹ ਗੱਲ ਬੜੇ ਫ਼ਖ਼ਰ ਨਾਲ ਦੱਸਦਾ ਕਿ ਇਹ ਨੌਜਵਾਨ ਉਸ ਕੌਮ ਨਾਲ ਸੰਬੰਧਤ ਹਨ ਜਿਸ ਦੀ ਨੀਂਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰੱਖੀ ਸੀ ਅਤੇ ਇਸ ਦੀ ਨੀਂਹ ਨੂੰ ਪੱਕਿਆਂ ਕਰਨ ਲਈ ਗੁਰੂ ਸਾਹਿਬ ਦੇ ਸਾਰੇ ਪਰਿਵਾਰ ਨੇ ਕੁਰਬਾਨੀਆਂ ਦਿੱਤੀਆਂ। ਇਹ ਉਸ ਕੌਮ ਦੇ ਸਿਪਾਹੀ ਹਨ, ਜਿਸ ਕੌਮ ਦੇ ਯੋਧਿਆਂ ਨੇ ਵਾਲ ਨਾ ਕਟਾਏ, ਭਾਵੇਂ ਖੋਪਰੀ ਉਤਰਵਾ ਲਈ। ਇਹ ਉਸ ਕੌਮ ਦੇ ਸਿਪਾਹੀ ਹਨ, ਜਿਸ ਕੌਮ ਦੇ ਲੋਕਾਂ ਨੂੰ ਦੇਗਾਂ ਵਿਚ ਉਬਾਲਿਆ ਗਿਆ, ਚਰਖੜੀਆਂ 'ਤੇ ਚਾੜ੍ਹਿਆ ਗਿਆ, ਆਰਿਆਂ ਨਾਲ ਚੀਰਿਆ ਗਿਆ, ਜੰਡਾਂ ਨਾਲ ਜਿਉਂਦੇ ਬੰਨ੍ਹ ਕੇ ਸਾੜਿਆ ਗਿਆ, ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ ਪਰ ਇਕ ਵੀ ਸਿੱਖ ਨੇ ਨਾ ਮੁਆਫ਼ੀ ਮੰਗੀ ਤੇ ਨਾ ਸਿੱਖੀ ਤੋਂ ਮੂੰਹ ਮੋੜਿਆ ਸਗੋਂ ਮੂੰਹ ਤੋਂ ਹੋਰ ਵੀ ਜ਼ੋਰ ਨਾਲ ਕਿਹਾ, "ਸਿਰ ਜਾਵੇ ਤਾਂ ਜਾਵੇ ਪਰ ਮੇਰਾ ਸਿੱਖੀ ਸਿਦਕ ਨਾ ਜਾਵੇ।"

ਇਥੋਂ ਤਕ ਕਿ ਇਸ ਕੌਮ ਦੀਆਂ ਬੀਬੀਆਂ ਵੀ ਕੁਰਬਾਨੀ ਕਰਨ ਵਿਚ ਪਿੱਛੇ ਨਾ ਰਹੀਆਂ, ਭਾਵੇਂ ਉਹਨਾਂ ਨੂੰ ਸਵਾ-ਸਵਾ ਮਣ ਪੀਸਣ ਪੀਸਣਾ ਪਿਆ, ਖੰਨੀ-ਖੰਨੀ ਰੋਟੀ 'ਤੇ ਗੁਜ਼ਾਰਾ ਕਰਨਾ ਪਿਆ, ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪਾਉਣੇ ਪਏ, ਮੈਦਾਨੇ-ਜੰਗ ਵਿਚ ਲੜਨਾ ਪਿਆ, ਜੇਲ੍ਹਾਂ ਵਿਚ ਸੜਨਾ ਪਿਆ, ਪਰ ਕੋਈ ਵੀ ਬੀਬੀ ਜ਼ਾਲਮ ਦੇ ਜ਼ੁਲਮ ਅੱਗੇ ਨਾ ਝੁਕੀ। ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਅ ਕੇ ਆਪਣੀ ਯਾਦ ਹਮੇਸ਼ਾ ਲਈ ਇਤਿਹਾਸ ਦੇ ਪੰਨਿਆਂ 'ਤੇ ਛੱਡ ਗਈਆਂ। ਇਹ ਉਸ ਕੌਮ ਦੇ ਸਿਪਾਹੀ ਹਨ ਜਿਸ ਕੌਮ ਦੇ ਰਹਿਬਰ ਨੇ ਕਿਹਾ ਸੀ ਕਿ ਮੈਂ ਉਜੜਾਂ, ਮੇਰਾ ਪੰਥ ਵਸੇ। ਜਦੋਂ ਇਹੋ ਜਿਹੀ ਗੱਲ ਬਾਹਰਲੇ ਦੇਸ਼ ਦਾ ਨਾਗਰਿਕ ਸੁਣਦਾ ਹੈ ਤਾਂ ਉਹਨਾਂ ਨੂੰ ਸਿੱਖ ਧਰਮ ਬਾਰੇ ਜਾਣਨ ਦੀ ਲਾਲਸਾ ਪੈਦਾ ਹੁੰਦੀ ਹੈ। ਬਾਹਰਲੇ ਲੋਕਾਂ ਨੂੰ ਸਿੱਖਾਂ ਬਾਰੇ ਜਾਣਨ ਦਾ ਮੌਕਾ ਮਿਲਦਾ, ਸਿੱਖੀ ਦੀ ਮਹਿਕ ਸੰਸਾਰ ਵਿਚ ਫੈਲਦੀ। ਜੇਕਰ ਅੱਜ ਬਾਹਰਲੇ ਦੇਸ਼ਾਂ ਵਿਚ ਲੋਕਾਂ ਨੂੰ ਸਿੱਖ ਅਤੇ ਮੁਸਲਮਾਨ ਦੇ ਵਖਰੇਵੇਂ ਦਾ ਪਤਾ ਨਹੀਂ, ਤਾਂ ਇਸ ਵਿਚ ਕਸੂਰ ਸਾਡਾ ਹੈ। ਅਸੀਂ ਉਹਨਾਂ ਲੋਕਾਂ ਨੂੰ ਆਪਣੀ ਪਛਾਣ ਬਾਰੇ ਉਚਿਤ ਜਾਣਕਾਰੀ ਨਹੀਂ ਦੇ ਸਕੇ। ਜਦੋਂ ਸਾਡੇ ਧਰਮ ਦੇ ਲੋਕ ਬਾਹਰਲੇ ਦੇਸ਼ਾਂ ਵਿਚ ਜਾਂਦੇ ਹਨ, ਪਹਿਲੀ ਗੱਲ ਤਾਂ ਉਨ੍ਹਾਂ 'ਚੋਂ ਬਹੁਤੇ ਤਾਂ ਹਵਾਈ ਜਹਾਜ਼ ਚੜ੍ਹਨ ਤੋਂ ਪਹਿਲਾਂ ਹੀ ਕੇਸ ਕਤਲ ਕਰਵਾ ਲੈਂਦੇ ਹਨ ਜਾਂ ਉਹ ਉਥੇ ਜਾਂਦੇ ਹੀ ਘੋਨ-ਮੋਨ ਹੋ ਜਾਂਦੇ ਹਨ ਤੇ ਬਹਾਨਾ ਇਹ ਲਗਾਉਂਦੇ ਹਨ ਕਿ ਜੀ ਉਥੇ ਸਿੱਖਾਂ ਨੂੰ ਕੰਮ ਨਹੀਂ ਮਿਲਦਾ ਜਦ ਕਿ ਇਹੋ ਜਿਹੀ ਕੋਈ ਗੱਲ ਨਹੀਂ ਹੈ। ਕਈ ਵਾਰ ਇਹੋ ਜਿਹਾ ਮੌਕਾ ਵੀ ਆਇਆ ਕਿ ਸੱਤ-ਅੱਠ ਖਿਡਾਰੀ ਜੂੜੇ 'ਤੇ ਰੁਮਾਲ ਬੰਨ੍ਹੀ ਖੇਡ ਰਹੇ ਹੁੰਦੇ ਸਨ, ਜਿਸ ਨੂੰ ਵੇਖ ਕੇ ਬਾਹਰਲੇ ਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਉਤਸ਼ਾਹ ਮਿਲਦਾ। ਜੇਕਰ ਅੱਜ ਤਕ ਮਿਲਖਾ ਸਿੰਘ ਨੂੰ ਉਡਣਾ ਸਿੱਖ ਕਿਹਾ ਜਾਂਦਾ ਹੈ ਤਾਂ ਉਹ ਇਸ ਕਰਕੇ ਕਿ ਉਹ ਜਦੋਂ ਦੌੜ ਰਿਹਾ ਸੀ ਤਾਂ ਉਹ ਸਿੱਖੀ ਸਰੂਪ ਵਿਚ ਸੀ। ਇਸ ਵਾਸਤੇ ਸਾਨੂੰ ਚਾਹੀਦਾ ਹੈ ਕਿ ਅਸੀਂ ਸਿੱਖ ਖਿਡਾਰੀਆਂ ਨੂੰ ਸਿੱਖੀ ਸਰੂਪ ਵਿਚ ਰਹਿ ਕੇ ਖੇਡਣ ਦੀ ਅਪੀਲ ਕਰੀਏ।

ਜਦੋਂ ਦਾ ਕ੍ਰਿਕਟ ਖੇਡ ਦਾ ਬੋਲਬਾਲਾ ਹੋਇਆ ਹੈ, ਉਦੋਂ ਦਾ ਸਿਰ 'ਤੇ ਟੋਪੀ ਪਾਉਣ ਦਾ ਰਿਵਾਜ ਇਤਨਾ ਪ੍ਰਚੱਲਤ ਹੋ ਚੁੱਕਾ ਹੈ ਕਿ ਹਰ ਨੌਜਵਾਨ ਸਿਰ 'ਤੇ ਟੋਪੀ ਪਾਉਣ ਦਾ ਦੀਵਾਨਾ ਹੋਇਆ ਜਾਪਦਾ ਹੈ। ਅੱਜ ਦਾ ਸਿੱਖ ਨੌਜਵਾਨ ਵੀ ਪੱਛਮੀ ਸਭਿਆਚਾਰ ਦੇ ਵਿਚ ਪੂਰੀ ਤਰ੍ਹਾਂ ਰੰਗਿਆ ਹੋਇਆ ਅਤੇ ਸਾਡੇ ਸਿੱਖ ਲੀਡਰ ਆਪਣੀ ਕੁਰਸੀ ਦੀ ਲੜਾਈ ਵਿਚ ਰੁਝੇ ਹੋਏ ਹਨ। ਉਹਨਾਂ ਨੂੰ ਧਰਮ ਨਾਲੋਂ ਕੁਰਸੀ ਵੱਧ ਪਿਆਰੀ ਹੈ। ਅਜੇ ਵੀ ਸਮਾਂ ਹੈ ਜਿਹੜੇ ਵੀ ਸਿੱਖ ਨੌਜਵਾਨ ਚੰਗਾ ਨਾਂ ਕਮਾ ਰਹੇ ਹਨ ਭਾਵੇਂ ਉਹ ਖੇਡ ਦਾ ਖੇਤਰ ਹੈ, ਗਾਉਣ ਦਾ ਖੇਤਰ ਹੈ, ਫਿਲਮ ਦਾ ਖੇਤਰ ਹੈ ਜਾਂ ਕੋਈ ਹੋਰ ਖੇਤਰ ਹੈ, ਉਹਨਾਂ ਨੂੰ ਬੇਨਤੀ ਕੀਤੀ ਜਾਵੇ ਕਿ ਉਹ ਸਿੱਖੀ ਸਰੂਪ ਧਾਰਨ ਕਰਨ ਅਤੇ ਜਿਹੜੇ ਪਹਿਲਾਂ ਹੀ ਸਿੱਖ ਸਰੂਪ ਵਿਚ ਹਨ, ਉਹਨਾਂ ਨੂੰ ਹਰ ਸਾਲ ਕਿਸੇ ਖ਼ਾਸ ਦਿਨ 'ਤੇ ਸਨਮਾਨਿਤ ਕੀਤਾ ਜਾਵੇ। ਇਸ ਨਾਲ ਉਹਨਾਂ ਦਾ ਉਤਸ਼ਾਹ ਵਧੇਗਾ ਅਤੇ ਉਹਨਾਂ ਨੂੰ ਵੇਖ ਕੇ ਹੋਰਨਾਂ ਵਿਚ ਵੀ ਆਪਣੇ ਧਰਮ ਵਿਚ ਪਰਪੱਕ ਹੋਣ ਦੀ ਇੱਛਾ ਪੈਦਾ ਹੋਵੇਗੀ। ਪਿੱਛੇ ਜਿਹੇ ਖ਼ਾਲਸਾ ਖੇਡਾਂ ਕਰਵਾਈਆਂ ਗਈਆਂ, ਉਹ ਬਹੁਤ ਚੰਗਾ ਕਦਮ ਸੀ ਪ੍ਰੰਤੂ ਅਫਸੋਸ ਇਸੇ ਗੱਲ ਦਾ ਹੈ ਕਿ ਉਹਦੇ ਵਿਚ ਵੀ ਜੂੜੇ 'ਤੇ ਰੁਮਾਲ ਬੰਨ੍ਹ ਕੇ ਖੇਡਣ ਵਾਲੇ ਟਾਵੇਂ ਹੀ ਸਨ।

(ਪੰਜਾਬੀ ਟ੍ਰਿਬਿਊਨ ਵਿਚੋਂ ਧੰਨਵਾਦ ਸਹਿਤ)

ਪਗੜੀਧਾਰੀ ਸਿੱਖ ਨੌਜਵਾਨਾਂ ਨੇ ਫੈਸ਼ਨ ਦੀ ਦੁਨੀਆਂ 'ਚ ਰੱਖਿਆ ਪਹਿਲਾ ਕਦਮ

ਸ: ਹਰਬੀਰ ਸਿੰਘ ਭੰਵਰ, ਸੈਂਟਰਲ ਟਾਊਨ, ਲੁਧਿਆਣਾ

ਹੁਣ ਤੱਕ ਮਾਡਲਿੰਗ ਤੇ ਫੈਸ਼ਨ ਦੀ ਗਲੈਮਰ ਵਾਲੀ ਦੁਨੀਆਂ ਵਿਚ ਮੋਨੇ ਨੌਜਵਾਨਾਂ ਦੀ ਇਜਾਰੇਦਾਰੀ ਰਹੀ ਹੈ। ਹੁਣ ਤੱਕ ਹਾਲਾਤ ਅਜਿਹੇ ਰਹੇ ਹਨ ਕਿ ਕੋਈ ਸਾਬਤ ਸੂਰਤ ਵਾਲਾ ਸਿੱਖ ਨੌਜਵਾਨ ਇਸ ਖੇਤਰ ਵਿਚ ਦਾਖ਼ਲ ਹੋਣ ਦੀ ਗੱਲ ਸੋਚਦਾ ਵੀ ਨਹੀਂ ਸੀ। ਕਈ ਸਿੱਖ ਨੌਜਵਾਨ ਆਪਣੀ ਮਾਡਲ ਬਣਨ ਦੀ ਖਾਹਿਸ਼ ਪੂਰੀ ਕਰਨ ਲਈ ਹੀ ਆਪਣੇ ਕੇਸ ਕਤਲ ਕਰਵਾ ਚੁੱਕੇ ਹਨ; ਪਰ ਹੁਣ ਖੁਬਸੂਰਤ, ਸੂਝਵਾਨ, ਹਿੰਮਤੀ ਅਤੇ ਉਤਸ਼ਾਹੀ ਨੌਜਵਾਨ ਗੁਰਮੀਤ ਸਿੰਘ ਨੇ ਇਸ ਇਜਾਰੇਦਾਰੀ ਨੂੰ ਤੋੜਨ ਲਈ ਬੜੀ ਦ੍ਰਿੜ੍ਹਤਾ ਨਾਲ ਕਦਮ ਚੁੱਕਿਆ ਹੈ ਅਤੇ ਦਾੜ੍ਹੀ ਵਾਲੇ ਪਗੜੀਧਾਰੀ ਸਿੱਖ ਗਭਰੂਆਂ ਨੂੰ ਟ੍ਰੇਨਿੰਗ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਉਸ ਨੂੰ ਪੂਰਾ ਵਿਸ਼ਵਾਸ ਹੈ ਕਿ ਵਾਹਿਗੁਰੂ ਦੀ ਅਪਰ-ਅਪਾਰ ਕ੍ਰਿਪਾ ਸਦਕਾ ਆਪਣੇ ਇਸ ਮਿਸ਼ਨ ਵਿਚ ਜ਼ਰੂਰ ਹੀ ਸਫ਼ਲ ਹੋਵੇਗਾ।

ਬੀ.ਬੀ.ਸੀ. ਦੇ ਨਵੀਂ ਦਿੱਲੀ ਸਥਿਤ ਪੱਤਰਕਾਰ ਦੀ ਇਕ ਰਿਪੋਰਟ ਅਨੁਸਾਰ ਆਪਣੀਆਂ ਪੱਗਾਂ ਤੇ ਦਾੜ੍ਹੀ ਵਾਲੇ ਸਿੱਖ ਨੌਜਵਾਨ ਲਈ ਫੈਸ਼ਨ ਦੀ ਸੁਨਹਿਰੀ ਦੁਨੀਆਂ ਵਿਚ ਦਾਖ਼ਲ ਹੋਣਾ ਬੜਾ ਹੀ ਅਸੰਭਵ ਲਗਦਾ ਸੀ ਪਰ ਇਕ ਉਤਸ਼ਾਹੀ ਨੌਜਵਾਨ ਸਿੱਖ ਨੇ ਮਾਡਲਿੰਗ ਦੀ ਏਜੰਸੀ ਖੋਲ੍ਹ ਕੇ ਹੁਣ ਤੱਕ ਰਵਾਇਤੀ ਭਾਰਤੀ ਮਾਡਲਿੰਗ ਦੀ ਦੁਨੀਆਂ ਦਾ ਰੰਗ-ਰੂਪ ਬਦਲ ਦੇਣ ਲਈ ਹੰਭਲਾ ਮਾਰਿਆ ਹੈ। ਉਸ ਨੇ ਬੀ.ਬੀ.ਸੀ. ਦੇ ਪੱਤਰਕਾਰ ਨੂੰ ਦੱਸਿਆ ਕਿ ਜੇ ਉਹ ਕਾਮਯਾਬ ਹੋ ਜਾਂਦਾ ਹੈ ਤਾਂ ਉਹ ਆਪਣਾ ਇਹ ਮਿਸ਼ਨ ਲੈ ਕੇ ਵਾਸ਼ਿੰਗਟਨ ਤੇ ਲੰਡਨ ਵੀ ਜਾਏਗਾ।

ਬੀ.ਬੀ.ਸੀ. ਦੇ ਪ੍ਰਤੀਨਿਧ ਦਾ ਕਹਿਣਾ ਹੈ ਕਿ ਦਿੱਲੀ ਦੇ ਇਕ ਸ਼ਾਨਦਾਰ ਹੋਟਲ ਵਿਚ ਸਿੱਖ ਨੌਜਵਾਨਾਂ ਦਾ ਇਕ ਗਰੁੱਪ ਇਕ ਆਰਜ਼ੀ ਸਟੇਜ 'ਤੇ ਸੰਗੀਤ ਦੀਆਂ ਧੁਨਾਂ ਉੱਤੇ ਮਟਕਦੀ ਚਾਲ ਨਾਲ ਥਿਰਕ ਰਿਹਾ ਸੀ। ਇਹ ਰਵਾਇਤੀ ਭਾਰਤੀ ਫੈਸ਼ਨ ਦੀ ਦੁਨੀਆਂ ਦਾ ਦ੍ਰਿਸ਼ ਨਹੀਂ ਸੀ। ਉਹ ਫੈਸ਼ਨ ਦੀ ਦੁਨੀਆਂ ਵਿਚ ਡਿਜ਼ਾਈਨਰਾਂ ਦੀ ਪਸੰਦੀਦਾ ਮੋਨੇ ਤੇ ਪਤਲੇ ਛੀਟਕੇ ਜਿਹੇ ਰਵਾਇਤੀ ਮਰਦ ਮਾਡਲਾਂ ਦੇ ਮੁਕਾਬਲੇ ਮਜ਼ਬੂਤ ਜਿਸਮ ਵਾਲੇ, ਲੰਮੇ-ਝੰਮੇ ਪਗੜੀਧਾਰੀ ਤੇ ਦਾੜ੍ਹੀਆਂ ਵਾਲੇ ਖੂਬਸੂਰਤ ਸਿੱਖ ਨੌਜਵਾਨ ਸਨ। ਉਹ ਆਪਣੇ ਵਿਸ਼ਵਾਸਯੋਗ ਸਿਖਿਆਦਾਤਾ ਗੁਰਮੀਤ ਸਿੰਘ ਦੀਆਂ ਤਿੱਖੀਆਂ ਨਜ਼ਰਾਂ ਹੇਠ ਪ੍ਰਾਪਤ ਕੀਤੀ ਗਈ ਟ੍ਰੇਨਿੰਗ ਨਾਲ ਫੈਸ਼ਨ ਦੀ ਦੁਨੀਆਂ ਦਾ ਚਿਹਰਾ-ਮੋਹਰਾ ਬਦਲ ਦੇਣ ਦੀ ਉਮੀਦ ਰਖਦੇ ਹਨ। ਫੈਸ਼ਨ ਦੀ ਦੁਨੀਆਂ ਵਿਚ ਉਸ ਨੂੰ ਮਾਡਲਿੰਗ ਲਈ ਰੱਦ ਕੀਤੇ ਜਾਣ ਉਪਰੰਤ ਇਸ ਸਿੱਖ ਏਜੰਸੀ ਖੋਲ੍ਹਣ ਦਾ ਵਿਚਾਰ ਗੁਰਮੀਤ ਸਿੰਘ ਦਾ ਆਪਣਾ ਹੈ, 'ਮੈਂ ਚਾਹੁੰਦਾ ਹਾਂ ਕਿ ਮੇਰੇ ਨੌਜਵਾਨ ਸਿੱਖ ਭਰਾ ਆਪਣੀਆਂ ਪਗੜੀਆਂ ਤੇ ਦਾੜ੍ਹੀਆਂ ਸਮੇਤ ਮੇਰੇ ਰੈਂਪ (ਸਟੇਜ) 'ਤੇ ਆਉਣ।'

'ਦਰਅਸਲ ਮੈਨੂੰ ਦਿੱਲੀ ਵਿਚ ਮਾਡਲਿੰਗ ਦੀ ਇਕ ਪ੍ਰਸਿੱਧ ਏਜੰਸੀ ਨੇ ਮਾਡਲਿੰਗ ਲਈ ਰੱਦ ਕਰ ਦਿੱਤਾ ਸੀ। ਮੈਂ ਉਨ੍ਹਾਂ ਦੇ ਤਰਲੇ ਕਰਦਾ ਰਿਹਾ ਸੀ ਕਿ ਮੈਂ ਮਾਡਲਿੰਗ ਕਰਨਾ ਚਾਹੁੰਦਾ ਹਾਂ, ਕਿਰਪਾ ਕਰਕੇ ਮੈਨੂੰ ਇਕ ਮੌਕਾ ਦਿਓ ਪਰ ਉਹਨਾਂ ਕੋਰੀ ਨਾਂਹ ਕਰ ਦਿੱਤੀ।'

'ਉਸ ਸਮੇਂ ਉਹ ਮੇਰਾ ਮਖੌਲ ਉਡਾ ਰਹੇ ਸਨ, ਹੁਣ ਮੈਂ ਉਹਨਾਂ ਦਾ ਮਖੌਲ ਉਡਾ ਰਿਹਾ ਹਾਂ।' ਉਸ ਨੇ ਬੜੇ ਵਿਸ਼ਵਾਸ ਅਤੇ ਮਾਣ ਨਾਲ ਕਿਹਾ।

ਇਹ 18 ਸਿੱਖ ਨੌਜਵਾਨ ਸਵੇਰੇ 5:30 ਵਜੇ ਉੱਠ ਕੇ ਕਰੜੀ ਵਰਜਿਸ਼ ਕਰਦੇ ਹਨ ਤਾਂ ਕਿ ਸਰੀਰ ਮਜ਼ਬੂਤ ਹੋਣ ਦੇ ਨਾਲ ਹੀ ਲਚਕ ਵੀ ਆ ਜਾਏ। ਹਰ ਨੌਜਵਾਨ ਨੇ ਟ੍ਰੇਨਿੰਗ ਲਈ 500 ਡਾਲਰ ਫ਼ੀਸ ਦਿੱਤੀ ਹੈ। ਉਹਨਾਂ ਸਭਨਾਂ ਵਿਚ ਆਤਮ-ਵਿਸ਼ਵਾਸ ਹੈ।

ਸਿੱਖਿਆ ਪ੍ਰਾਪਤ ਕਰ ਰਹੇ 19-ਸਾਲਾ ਜਸਕੀਰਤ ਰੇਖੀ ਦਾ ਕਹਿਣਾ ਹੈ, 'ਸਿੱਖ ਮਾਡਲ ਪੂਰੇ ਮਰਦ ਅਤੇ ਜੋਸ਼ੀਲੇ ਜਾਪਦੇ ਹਨ।'

ਉਹਨਾਂ ਨੂੰ ਯੋਗਾ ਵੀ ਸਿਖਾਇਆ ਜਾ ਰਿਹਾ ਹੈ। ਯੋਗਾ ਨਾਲ ਸਰੀਰ ਵਿਚ ਰਬੜ ਵਾਂਗ ਲਚਕ ਆ ਜਾਂਦੀ ਹੈ। ਉਹਨਾਂ ਸਭਨਾਂ ਦਾ ਵਿਚਾਰ ਹੈ ਕਿ ਭਾਰਤੀ ਮਾਡਲਿੰਗ ਦੁਨੀਆਂ ਵਾਲਿਆਂ ਦੇ ਵਿਚਾਰ ਵਿਚ ਤਬਦੀਲੀ ਆਏਗੀ। ਫੈਸ਼ਨ-ਉਸਤਾਦ ਅੱਕੀ ਨਰੂਲਾ, ਜੋ ਖ਼ੁਦ ਇਕ ਸਿੱਖ ਸੀ ਅਤੇ ਜਿਸ ਨੇ ਛੇ ਸਾਲ ਪਹਿਲਾਂ ਆਪਣੀ ਪੱਗ ਲਾਹ ਸੁੱਟੀ ਸੀ ਅਤੇ ਦਾੜ੍ਹੀ-ਕੇਸ ਕਟਵਾ ਲਏ ਸਨ, ਦਾ ਕਹਿਣਾ ਹੈ ਕਿ ਸ਼ਾਇਦ ਇਨ੍ਹਾਂ ਮੁੰਡਿਆਂ ਵਿਚੋਂ ਉਸ ਨੂੰ ਆਪਣੀ ਅਗਲੀ ਕੁਲੈਕਸ਼ਨ ਲਈ ਕੋਈ ਨਵਾਂ ਚਿਹਰਾ ਮਿਲ ਜਾਏ। 'ਮੈਂ ਇਹਨਾਂ ਵਿਚੋਂ ਕੁਝ ਕੁ ਨੂੰ ਜ਼ਰੂਰ ਮਾਡਲਿੰਗ ਲਈ ਵਰਤਾਂਗਾ', ਉਸ ਨੇ ਇਸ਼ਾਰਾ ਕੀਤਾ। 'ਮੇਰਾ ਵਿਚਾਰ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਥੋੜ੍ਹੀ ਜਿਹੀ ਹੋਰ ਸਿੱਖਿਆ ਦੀ ਲੋੜ ਹੈ। ਉਨ੍ਹਾਂ ਨੂੰ ਆਪਣਾ ਮਰਦਾਵਾਂ ਜੋਸ਼ ਥੋੜ੍ਹਾ ਜਿਹਾ ਘੱਟ ਕਰਨਾ ਚਾਹੀਦਾ ਹੈ। ਮੇਰਾ ਵਿਚਾਰ ਹੈ ਕਿ ਉਹ ਮਾਡਲਿੰਗ ਦੀ ਦੁਨੀਆਂ ਵਿਚ ਪੈਰ ਜਮਾਉਣ ਲਈ ਤਿਆਰ ਹਨ।'

ਬੀ.ਬੀ.ਸੀ. ਦੇ ਪ੍ਰਤੀਨਿਧ ਦਾ ਕਹਿਣਾ ਹੈ ਕਿ ਲਗਭਗ 100 ਘੰਟੇ ਦੀ ਸਿਖਲਾਈ, ਜਿਸ ਵਿਚ ਕੈਮਰੇ ਦਾ ਸਾਹਮਣਾ ਕਰਨਾ, ਵੱਖ-ਵੱਖ ਪੋਜ਼ ਦੇਣ ਦੀ ਤਕਨੀਕ, ਅਦਬੋ-ਆਦਾਬ, ਸ਼ਿਸ਼ਟਾਚਾਰ ਆਦਿ ਤੋਂ ਬਾਅਦ ਇਨ੍ਹਾਂ 18 ਸਿੱਖ ਨੌਜਵਾਨਾਂ ਨੂੰ ਦਿੱਲੀ ਦੀ ਇਕ ਨਾਈਟ ਕਲੱਬ ਵਿਚ ਉਤਾਰਿਆ ਗਿਆ। ਪ੍ਰਬੰਧਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਇਸ ਤਰ੍ਹਾਂ ਦਾ ਮਾਹੌਲ ਪਹਿਲਾਂ ਕਦੀ ਨਹੀਂ ਦੇਖਿਆ ਸੀ। ਪੱਛਮੀ ਦੇਸ਼ਾਂ ਦੇ ਡਿਜ਼ਾਈਨਰਾਂ ਨੇ ਵੀ ਉਨ੍ਹਾਂ ਦੀ ਤਾਰੀਫ਼ ਕੀਤੀ। ਬੀ.ਬੀ.ਸੀ. ਪ੍ਰਤੀਨਿਧ ਅਨੁਸਾਰ ਉਹ ਫੈਸ਼ਨ ਦੀ ਗਲੈਮਰ ਭਰਪੂਰ ਦੁਨੀਆਂ, ਜਿਸ ਨੇ ਹੁਣ ਤਕ ਉਨ੍ਹਾਂ ਨੂੰ ਨੇੜੇ ਨਹੀਂ ਫਟਕਣ ਦਿੱਤਾ ਸੀ, ਉੱਤੇ ਛਾ ਜਾਣ ਲਈ ਤਿਆਰ ਹਨ। ਦੇਖਣਾ ਇਹ ਹੈ ਕਿ ਫੈਸ਼ਨ ਦੀ ਇਹ ਦੁਨੀਆਂ ਉਨ੍ਹਾਂ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਦੀ ਹੈ।◆◆

ਕੀ ਕਰੀਏ ?

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 400 ਸਾਲਾ ਪ੍ਰਕਾਸ਼ ਪੁਰਬ

ਅਸੀਂ ਵਡਭਾਗੇ ਹਾਂ ਕਿ ਸਾਨੂੰ ਆਪਣੇ ਜੀਵਨ ਵਿਚ ਖ਼ਾਲਸਾ ਪੰਥ ਦੀ ਸਾਜਨਾ (ਸੰਨ 1999 ਵਿੱਚ) ਅਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦੇ 400 ਸਾਲਾ (ਸੰਨ 2004 ਵਿੱਚ) ਸਮਾਗਮ ਮਨਾਉਣ ਦਾ ਮੌਕਾ ਮਿਲ ਰਿਹਾ ਹੈ। ਸੰਨ 2008 ਵਿੱਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦੀ ਤੀਜੀ ਸ਼ਤਾਬਦੀ ਮਨਾਂਵਾਂਗੇ।

ਕੀ ਕਰੀਏ ?

ਆਮ ਦਿਨਾਂ ਤੇ ਸਾਲਾਂ ਵਾਂਗ ਇਹ ਵੀ ਬਿਤਾ ਦੇਈਏ ਜਾਂ ਕੁਝ ਉਸਾਰੂ ਕਾਰਜ ਕਰੀਏ ?

ਜਾਂ ਕਰੀਏ ...

ਨਗਰ ਕੀਰਤਨ, ਲੰਗਰ, ਮਹਾਨ ਕੀਰਤਨ ਦਰਬਾਰ ... ਤੇ ਕੁਝ ਹੋਰ ਵੀ। ਕੁਝ ਅਜਿਹਾ ਕਰੀਏ ਜਿਸ ਦਾ ਦੂਰਰਸੀ ਪ੍ਰਭਾਵ ਸਾਡੇ ਸਭਨਾਂ ਦੇ ਨਿੱਜੀ ਜੀਵਨ ਵਿਚ ਵੀ ਪਵੇ ਅਤੇ ਪੰਥਕ ਪਿੜ ਵਿੱਚ ਵੀ ਨਿੱਗਰ ਪ੍ਰਾਪਤੀ ਹੋਵੇ।

ਜੇਕਰ ਅਸੀਂ ਇਹ ਕਰ ਸਕੀਏ ...

ਸਿੱਖ ਸੰਗਤ ਅਤੇ ਸਾਰੀ ਲੁਕਾਈ ਗੁਰਬਾਣੀ ਦੇ ਨੇੜੇ ਆ ਸਕੇ; ਭਾਵ, ਆਪ ਬਾਣੀ ਪੜ੍ਹ-ਵਿਚਾਰ ਸਕੇ। ਇਸ ਲਈ ਬੱਚੇ, ਨੌਜਵਾਨ, ਬੀਬੀਆਂ, ਬਜ਼ੁਰਗ ਸਾਰੇ ਗੁਰਬਾਣੀ ਗੁਰੂ ਦੇ ਚਰਨੀਂ ਲੱਗੀਏ ਅਤੇ ਰੋਜ਼ਾਨਾ ਆਪੋ-ਆਪਣਾ ਸਹਿਜ ਪਾਠ ਕਰੀਏ ਤੇ ਬਾਣੀ ਨੂੰ ਵਿਚਾਰੀਏ। ਇੰਝ ਜਦ ਵੱਡੀ ਗਿਣਤੀ ਵਿਚ ਅਸੀਂ ਗੁਰਚਰਨੀਂ ਲੱਗ ਜਾਵਾਂਗੇ ਤਾਂ ਘਰਾਂ ਵਿਚ ਸੁਖ-ਦੁਖ ਦੇ ਮੌਕਿਆਂ 'ਤੇ ਅਸੀਂ ਅਖੰਡ/ਸਹਿਜ ਪਾਠ ਆਪ ਵੀ ਕਰਨ ਦੇ ਯੋਗ ਹੋ ਜਾਵਾਂਗੇ। ਪਰਮਾਤਮਾ ਕਰੇ! ਸਾਰੇ ਜਾਗਰੂਕ ਵੀਰ/ਭੈਣਾਂ ਤੇ ਸਿੱਖ ਸੰਸਥਾਵਾਂ ਆਪੋ-ਆਪਣੇ ਕਾਰਜ ਖੇਤਰ ਵਿਚ ਇਸ ਲਹਿਰ ਨੂੰ ਸ਼ਾਮਲ ਕਰ ਲੈਣ। ਰਸਮੀ ਪਾਠ ਕਰਵਾਉਣ ਨਾਲੋਂ ਰਸਮਈ ਪਾਠ ਹੋਣ ਲੱਗ ਜਾਵੇਗਾ ਤਾਂ ਗੁਰੂ ਦੀਆਂ ਬਰਕਤਾਂ ਸਾਡੇ ਹਿਰਦਿਆਂ ਨੂੰ ਖੁਸ਼ਹਾਲ ਬਣਾ ਦੇਣਗੀਆਂ।

ਯਾਦ ਰੱਖੋ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਵਿਚ ਦਰਜ ਹੈ ਕਿ :

* ਹਰ ਇਕ ਸਿੱਖ-ਸਿੱਖਣੀ, ਬੱਚੇ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਦਾ ਹੈ।
* ਚੰਗਾ ਤਾਂ ਇਹ ਹੈ ਕਿ ਹਰ ਸਿੱਖ ਆਪਣਾ ਸਹਿਜ ਪਾਠ ਜਾਰੀ ਰੱਖੇ ਤੇ ਮਹੀਨੇ/ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।
* ਅਖੰਡ ਪਾਠ ਜਿਸ ਪਰਵਾਰ ਜਾਂ ਜਿਸ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਸਾਕ-ਸੰਬੰਧੀ ਮਿੱਤਰ ਆਦਿ ਮਿਲ ਕੇ ਕਰਨ।
* ਜੇ ਕੋਈ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਏ ਪਰ ਇਹ ਨਾ ਹੋਵੇ ਕਿ ਪਾਠੀ ਆਪ ਇਕੱਲਾ ਬੈਠ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਮੈਂਬਰ ਸੁਣਦਾ ਨਾ ਹੋਵੇ।

ਕੁਝ ਪ੍ਰਚਲਿਤ ਸਵਾਲ/ਸ਼ੰਕੇ

1. **ਕੀ ਸੈਂਚੀਆਂ ਤੋਂ ਸਹਿਜ ਪਾਠ ਕੀਤਾ ਜਾ ਸਕਦਾ ਹੈ ?**
   ਜੀ ਹਾਂ! ਘਰ ਵਿਚ ਅਸੀ ਸੈਂਚੀਆਂ (ਦੋ ਭਾਗ, ਚਾਰ ਭਾਗ, ਜਾਂ ਦਸ ਭਾਗ) ਰੱਖ ਸਕਦੇ ਹਾਂ। ਸਤਿਕਾਰ ਨਾਲ ਹਰ ਰੋਜ਼ ਇਨ੍ਹਾਂ ਤੋਂ ਸਹਿਜ ਪਾਠ ਕੀਤਾ ਜਾ ਸਕਦਾ ਹੈ। ਯਾਦ ਰਹੇ, ਸੰਗਤ ਵਿਚ ਪੂਰਨ ਗੁਰੂ ਸਰੂਪ ਦਾ ਹੀ ਪ੍ਰਕਾਸ਼ ਕੀਤਾ ਜਾ ਸਕਦਾ ਹੈ।
2. **ਕੀ ਅਲੱਗ ਅਲੱਗ ਸਰੂਪਾਂ ਤੋਂ ਪਾਠ ਕੀਤਾ ਜਾ ਸਕਦਾ ਹੈ?**
   * ਜੀ ਹਾਂ, ਸਹਿਜ ਪਾਠ ਭਾਵੇਂ ਜਿਥੇ ਵੀ ਸ਼ੁਰੂ ਕੀਤਾ ਹੋਵੇ, ਅਸੀਂ ਕਿਸੇ ਵੀ ਹੋਰ ਸਰੂਪ ਤੋਂ ਪਾਠ ਜਾਰੀ ਰੱਖ ਸਕਦੇ ਹਾਂ।
   * ਜੇਕਰ ਕਿਸੇ ਹੋਰ ਸ਼ਹਿਰ ਗਏ ਹਾਂ ਤਾਂ ਉਥੇ ਜਾ ਕੇ ਵੀ ਸਹਿਜ ਪਾਠ ਜਾਰੀ ਰੱਖਿਆ ਜਾ ਸਕਦਾ ਹੈ।
3. **ਚਾਰ ਭਾਗਾਂ ਵਾਲੇ ਸ਼ਬਦਾਰਥ ਕਿਥੋਂ ਮਿਲਦੇ ਹਨ ?**
   ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੁੱਚੀ ਗੁਰਬਾਣੀ ਚਾਰ ਭਾਗਾਂ ਵਿਚ ਸ਼ਬਦਾਰਥ ਸਹਿਤ ਛਾਪੀ ਹੈ। ਇਕ ਪਾਸੇ ਬਾਣੀ ਦਾ ਪੂਰਾ ਪੰਨਾ ਹੈ ਤੇ ਦੂਜੇ ਪਾਸੇ ਕੇਵਲ ਔਖੇ ਅੱਖਰਾਂ ਦੇ ਅਰਥ ਹਨ। ਇਹ ਸੈਟ ਅੰਮ੍ਰਿਤਸਰ ਤੋਂ ਜਾਂ ਕਿਸੇ ਇਤਿਹਾਸਕ ਗੁਰਦੁਆਰੇ ਦੇ ਬਾਹਰ ਗੁਰਮਤਿ ਪੁਸਤਕ ਭੰਡਾਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।
4. **ਸਹਿਜ ਪਾਠ ਕਿਵੇਂ ਕਰੀਏ ?**
   ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੜਾਹ ਪ੍ਰਸ਼ਾਦ ਲਿਆ ਕੇ, ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਨ ਮਗਰੋਂ ਅਰਦਾਸ ਕਰੀਏ ਤੇ ਹੁਕਮਨਾਮਾ ਲਈਏ । ਸਹਿਜ ਪਾਠ ਅਰੰਭ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਹੀ ਪੰਜ ਪੌੜੀਆਂ ਜਪੁ ਜੀ ਸਾਹਿਬ ਦਾ ਪਾਠ ਕਰੀਏ। ਬਾਕੀ ਪਾਠ ਕਿਸੇ ਦੂਸਰੇ ਸਰੂਪ, ਸੈਂਚੀਆਂ ਜਾਂ ਸ਼ਬਦਾਰਥ ਤੋਂ ਵੀ ਕੀਤਾ ਜਾ ਸਕਦਾ ਹੈ।

ਸਹਿਜ ਪਾਠ ਕਰਦਿਆਂ ਕੁਝ ਜ਼ਰੂਰੀ ਗੱਲਾਂ

* ਹੱਥ-ਮੂੰਹ ਸਾਫ਼ ਕਰਕੇ ਸਤਿਕਾਰ ਨਾਲ ਹੀ ਪਾਠ ਅਰੰਭ ਕਰੀਏ।
* ਪਾਠ ਥੋੜ੍ਹਾ ਉੱਚੀ-ਉੱਚੀ ਬੋਲ ਕੇ ਬੜੇ ਆਰਾਮ ਤੇ ਸਹਿਜ ਨਾਲ ਸਮਝ ਕੇ ਕਰੀਏ।
* ਰੁਮਾਲਾ ਪਾਉਣ, ਉਤਾਰਨ ਜਾਂ ਪੰਨਾ ਪਰਤਾਉਣ ਲੱਗਿਆਂ ਧਿਆਨ ਰਖੀਏ ਕਿ ਕੋਈ ਪੰਨਾ ਮੁੜੇ ਨਾ।
* ਧਿਆਨ ਰੱਖੀਏ ਕਿ ਕੋਈ ਪੰਨਾ ਫਟੇ ਜਾ ਮੁਚੜੇ ਨਾ।

ਗੁਰੂ ਸਾਹਿਬ ਜੀ ਦੇ ਸਰੂਪ ਤੋਂ ਪਾਠ ਕਰਦਿਆਂ :

* . ਜਦ ਵੀ ਪਾਠ ਕਰੀਏ, ਹੁਕਮਨਾਮਾ ਜ਼ਰੂਰ ਲਈਏ ਫਿਰ ਸਹਿਜ ਪਾਠ ਅਰੰਭ ਕਰੀਏ।

* ਪਾਠ ਕਰਨ ਮਗਰੋਂ ਰੁਮਾਲਾ ਪਾਉਣ ਤੋਂ ਪਹਿਲਾਂ ਯਤਨ ਕਰੀਏ ਕਿ ਦੋਵੇਂ ਪਾਸੇ ਬਰਾਬਰ ਪੰਨੇ ਹੋਣ, ਭਾਵ ਅੰਦਾਜ਼ਨ 550 ਤੋਂ 800 ਤਕ ਦੇ ਵਿਚਕਾਰਲੇ ਪੰਨਿਆਂ ਤੇ ਹੀ ਰੁਮਾਲਾ ਪਾਈਏ। ਜੇਕਰ ਅਸੀਂ 100 ਜਾਂ 900 ਵਿਚਕਾਰਲੇ ਪੰਨਿਆਂ ਤੇ ਰੁਮਾਲਾ ਪਾਵਾਂਗੇ ਤਾਂ ਇਕ ਪਾਸੇ ਵੱਧ ਪੰਨੇ ਹੋਣਗੇ ਤੇ ਦੂਜੇ ਪਾਸੇ ਘੱਟ, ਜੋ ਠੀਕ ਨਹੀਂ ਲੱਗਦਾ। ਸੋ ਅੰਦਾਜ਼ਨ ਵਿਚਕਾਰ ਕਰਕੇ ਰੁਮਾਲਾ ਪਾਈਏ।
* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜਾਬੀ ਦੇ ਅੰਕ ੧ (1), ੨ (2), ੩ (3), ੪ (4), ੫ (5), ੬ (6), ੭ (7), ੮ (8), ੯ (9) ਵਰਤੇ ਗਏ ਹਨ, ਇਹਨਾਂ ਦੀ ਪਛਾਣ ਕਰੀਏ।
* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ, ਅਰਥ ਵੀਚਾਰ ਲਈ ਪ੍ਰੋ. ਸਾਹਿਬ ਸਿੰਘ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (10 ਪੋਥੀਆਂ) ਪੜ੍ਹੀਏ।

ਹੁਕਮ ਲੈਣ ਤੋਂ ਪਹਿਲਾਂ ਪੜ੍ਹੇ ਜਾਣ ਵਾਲੇ ਕੁਝ ਸ਼ਬਦਾਂ ਦਾ ਸੁਝਾਅ :

ਹੁਕਮ ਲੈਣ ਤੋਂ ਪਹਿਲਾ ਰੁਮਾਲਾ ਚੁਕਦੇ ਸਮੇਂ ਇਹ ਸ਼ਬਦ ਪੜ੍ਹੇ ਜਾ ਸਕਦੇ ਹਨ :

* ਮੂਲ ਮੰਤਰ "ੴ ਤੋਂ ਗੁਰਪ੍ਰਸਾਦਿ॥" ਤਕ ਪਹਿਲਾਂ ਜ਼ਰੂਰ ਪੜ੍ਹੋ।
* ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
  ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
  ਪਰਤਖਿ ਗੁਰੂ ਨਿਸਤਾਰੇ॥ *(ਪੰਨਾ ੯੮੨)*
* ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥
  ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥
  (ਪੰਨਾ ੧੩੯੨)
* ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
  ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
  (ਪੰਨਾ ੨੮੯)
* ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ
  ਸਾਰ ਨ ਜਾਣਾ ਤੇਰੀ॥
  ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥
  (ਪੰਨਾ ੭੫੦)
* ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥
  ਮੈ ਆਸਾ ਰਖੀ ਚਿਤਿ ਮਹਿ
  ਮੇਰਾ ਸਭੋ ਦੁਖੁ ਗਵਾਇ ਜੀਉ॥ *(ਪੰਨਾ ੭੬੩)*

ਇਸੇ ਤਰ੍ਹਾਂ ਗੁਰੂ ਜੀ ਦੇ ਦਰਸ਼ਨ ਜਾਂ ਗੁਰੂ ਅੱਗੇ ਬੇਨਤੀ ਦੇ ਸ਼ਬਦ-ਭਾਵ ਵਾਲੀਆਂ ਤੁਕਾਂ ਪੜ੍ਹੀਆਂ ਜਾਣੀਆਂ ਚਾਹੀਦੀਆਂ ਹਨ।

* ਭਾਈ ਰੇ, ਗੁਰ ਬਿਨੁ ਸਹਜੁ ਨ ਹੋਇ॥
  ਸਬਦੈ ਹੀ ਤੇ ਸਹਜੁ ਊਪਜੈ, ਹਰਿ ਪਾਇਆ ਸਚੁ ਸੋਇ॥
  (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੬੮)

ਨਿਸਚਾ ਤੇ ਪ੍ਰਣ ਕਰੋ —

* ਅਸੀਂ ਗੁਰਬਾਣੀ ਗੁਰੂ ਦੇ ਚਰਨੀਂ ਲੱਗਾਂਗੇ।
* ਅਖੰਡ/ਸਹਿਜ ਪਾਠ ਆਪ ਕਰਾਂਗੇ।
* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਵੀ ਪਾਠ ਕਰਵਾਉਣ ਦਾ ਮਹਾਤਮ ਨਹੀਂ ਲਿਖਿਆ। ਯਾਦ ਰੱਖੋ
* ਪਾਠ ਕਰਵਾਉਣ ਨਾਲੋਂ ਆਪ ਪਾਠ ਕਰਨ ਤੇ ਵਿਚਾਰਨ ਨਾਲ ਗੁਰੂ ਦੀ ਵਧੇਰੇ ਬਖਸ਼ਿਸ਼ ਹਾਸਲ ਹੁੰਦੀ ਹੈ।

ਪੰਜ ਨੁਕਤੇ

* ਸਭ ਤੋਂ ਪਹਿਲਾਂ ਆਪ ਗੁਰ-ਚਰਨੀਂ ਲੱਗੀਏ ਅਤੇ ਰੋਜ਼ਾਨਾ ਸਹਿਜ ਪਾਠ ਕਰਨਾ ਤੇ ਵਿਚਾਰਨਾ ਅਰੰਭ ਕਰੀਏ।
* 400 ਸਾਲਾ ਪ੍ਰਚਾਰ ਸਮੱਗਰੀ, ਬੋਰਡ, ਫੋਲਡਰ, ਕੈਲੰਡਰ ਆਦਿ ਵੱਧ ਤੋਂ ਵੱਧ ਛਪਵਾ ਕੇ ਵੰਡੀਏ। ਜਿਹੜੇ ਸੱਜਣ ਆਪਣੇ ਵਪਾਰਕ ਅਦਾਰੇ ਜਾਂ ਸੰਸਥਾ ਦਾ ਨਾਮ ਛਪਵਾਉਣਾ ਚਾਹੁਣ, ਉਹ ਵੀ ਛਪਵਾ ਸਕਦੇ ਹਨ।
* ਆਪਣੇ ਪਰਿਵਾਰ ਅਤੇ ਆਂਢ-ਗੁਆਂਢ ਦੇ ਬੱਚਿਆਂ, ਵੱਡਿਆਂ ਨੂੰ ਪ੍ਰੇਰਣਾ ਅਤੇ ਟ੍ਰੇਨਿੰਗ ਦੇ ਕੇ ਚਰਨੀਂ ਲਗਵਾਈਏ ਅਤੇ ਸਹਿਜ ਪਾਠ ਅਰੰਭ ਕਰਵਾਈਏ।
* ਸਕੂਲਾਂ/ਕਾਲਜਾਂ ਵਿਚ ਇਹ ਲਹਿਰ ਚਲਾਈਏ। ਇਕ ਸੌਖਾ ਕਾਰਜ ਇਹ ਹੋ ਸਕਦਾ ਹੈ :
  - ਹਰੇਕ ਸਕੂਲ ਵਿਚ 5 ਸੈਂਚੀਆਂ ਅਤੇ 5 ਰੇਲਾਂ ਰੱਖ ਦੇਈਏ।
  - ਸੇਵਾਦਾਰ ਵੀਰ/ਭੈਣ ਆਪਣੇ ਸਮੇਂ ਦੀ ਸਹੂਲਤ ਅਨੁਸਾਰ ਰੋਜ਼ 2-4 ਘੰਟੇ ਉਸ ਸਕੂਲ ਜਾਣ। 5-5 ਬੱਚੇ ਵਾਰੀ-ਵਾਰੀ ਬੁਲਾਉਣ, ਸੰਥਿਆ ਦੇਣ ਅਤੇ ਫਿਰ ਅਗਲੇ ਬੱਚਿਆਂ ਨੂੰ ਬੁਲਾ ਲੈਣ। ਇੰਜ ਜਿਨ੍ਹਾਂ ਦਾ ਪਾਠ ਸ਼ੁੱਧ ਹੋਈ ਚੱਲੇ, ਉਨ੍ਹਾਂ ਦੇ ਨਾਮ ਨੋਟ ਕਰ ਲਏ ਜਾਣ। ਮਹੀਨੇ/ਦੋ ਮਹੀਨੇ ਉਪਰੰਤ ਪੂਰੇ ਦੇ ਪੂਰੇ ਸਕੂਲ ਦੇ ਸਾਰੇ ਬੱਚਿਆਂ ਜਾਂ ਜਿਨ੍ਹਾਂ ਨੇ ਸੰਥਿਆ ਸਫਲਤਾ ਸਹਿਤ ਲੈ ਲਈ ਹੋਵੇ, ਉਨ੍ਹਾਂ ਨੂੰ ਚਰਨੀਂ ਲਗਾਇਆ ਜਾਵੇ। ਬਹੁਤ ਛੋਟੇ ਬੱਚਿਆਂ ਨੂੰ ਸ਼ਰਧਾ ਨਾਲ ਕੋਲ ਬਿਠਾ ਕੇ ਉਤਸ਼ਾਹ ਬਣਾਇਆ ਜਾਵੇ।
* ਵੱਧ ਤੋਂ ਵੱਧ ਵੰਡੀਏ ਅਤੇ ਖਰੀਦਣ ਦੀ ਪ੍ਰੇਰਨਾ ਕਰੀਏ : ਚਾਰ ਭਾਗਾਂ ਵਾਲੀਆਂ ਸੈਂਚੀਆਂ (ਪਾਠ ਦੇ ਨਾਲ-ਨਾਲ ਔਖੇ ਸ਼ਬਦਾਂ ਦੇ ਅਰਥ ਵੀ ਦਰਜ ਹਨ) ਜਾਂ ਦੋ-ਭਾਗਾਂ ਵਾਲੀਆਂ ਸੈਂਚੀਆਂ, ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਹਨ, ਪੋਥੀਆਂ ਦੀ ਸਾਂਭ-ਸੰਭਾਲ ਅਤੇ ਵਰਤੋਂ ਬਾਰੇ ਜ਼ਰੂਰ ਧਿਆਨ ਰੱਖੀਏ।

Registration No. R.N. 34061/80
Licenced to Post without Pre-Payment for the Calender Year 2003

P.O. Regd. PB/(0117)2003
PP/PB-0003/2003-05

ਸਰਕਲ ਦਿੱਲੀ ਵਲੋਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ
ਕਾਲਜ ਵਲੋਂ ਛਪੀਆਂ ਪੁਸਤਕਾਂ ਦੀ ਲਗਾਈ ਗਈ ਪ੍ਰਦਰਸ਼ਨੀ ਦੇ ਦ੍ਰਿਸ਼



ਪਿੰਡ ਕਾਹਲਵਾਂ ਵਿਖੇ ਹੋਏ ਅੰਮ੍ਰਿਤ ਸੰਚਾਰ ਦਾ ਦ੍ਰਿਸ਼ ਜਿਸ ਵਿਚ 180
ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ

ਸਰਕਲ ਜਗਰਾਉਂ ਦੇ ਧਾਰਮਿਕ ਕੁਇਜ਼ ਮੁਕਾਬਲੇ ਵਿਚ ਇਨਾਮ ਪ੍ਰਾਪਤ ਕਰਦੇ ਹੋਏ

ਜੀਵਨ ਬਦਲ ਗਿਆ

ਸਿੱਖ ਫੁਲਵਾੜੀ ਅਤੇ ਸਿੱਖ ਮਿਸ਼ਨਰੀ ਕਾਲਜ ਵਲੋਂ ਛਾਪੇ ਲਿਟਰੇਚਰ ਨੂੰ ਪੜ੍ਹਨ ਤੋਂ ਬਾਅਦ ਸਿੱਖੀ ਸਰੂਪ ਧਾਰਨ ਕਰਨ ਵਾਲਿਆਂ ਦੀਆਂ ਪਹਿਲੀਆਂ ਤੇ ਸਿੱਖੀ ਸਰੂਪ ਵਿਚ ਆਉਣ ਤੋਂ ਬਾਅਦ ਦੀਆਂ ਤਸਵੀਰਾਂ

ਅਮਰੀਕ ਸਿੰਘ
ਅੰਮ੍ਰਿਤ ਛਕਣ ਤੋਂ ਪਹਿਲਾਂ

ਅਮਰੀਕ ਸਿੰਘ
ਅੰਮ੍ਰਿਤ ਛਕਣ ਤੋਂ ਬਾਅਦ

ਚਰਨਪ੍ਰੀਤ ਸਿੰਘ
ਅੰਮ੍ਰਿਤ ਛਕਣ ਤੋਂ ਪਹਿਲਾਂ

ਚਰਨਪ੍ਰੀਤ ਸਿੰਘ
ਅੰਮ੍ਰਿਤ ਛਕਣ ਤੋਂ ਬਾਅਦ

Printed & Published by : S. Harbhajan Singh on behalf of Sikh Missionary College, 1051/14, Field Ganj, Ludhiana (Pb.)

Career Computer Systems, Jalandhar. Tel. 0181-3153167, 2239373